@Qpatrika · @qaumipatrika punjabi · instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 4 November 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 4 ਨਵੰਬਰ 2024, 20 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 359, qpatrika@gmail.com ਫੋਨ : 9971359517 www.qaumipatrika.org

## 65 ਹਜਾਰ ਲੋਕਾਂ ਦਾ ਆਧਾਰ ਕਾਰਡ ਹੋਵੇਗਾ ਰੱਦ!

ਨੈਸਨਲ ਡੈਸਕ 3 ਨਵੰਬਰ। ਆਧਾਰ ਕਾਰਡ ਉਪਭੋਗਤਾਵਾਂ ਲਈ ਵੱਡੀ ਖਬਰ ਹੈ। ਸਰਕਾਰ 65 ਹਜਾਰ ਲੋਕਾਂ ਦੇ ਆਧਾਰ ਕਾਰਡ ਕੈਂਸਲ ਕਰ ਸਕਦੀ ਹੈ। ਦਰਅਸਲ, ਭਾਰਤੀ ਵਿਸ਼ੇਸ਼ ਪਛਾਣ ਅਥਾਰਟੀ () ਨੇ 10 ਸਾਲ ਜਾਂ ਉਸ ਤੋਂ ਪੁਰਾਣੇ ਆਧਾਰ ਕਾਰਡ 'ਚ ਜਾਣਕਾਰੀ ਅਪਡੇਟ ਕਰਵਾਉਣ ਲਈ ਮੁਫਤ ਆਨਲਾਈਨ ਸਹੂਲਤ ਪ੍ਰਦਾਨ ਕੀਤੀ ਹੈ। ਕੇਂਦਰ ਸਰਕਾਰ ਨੇ ਆਧਾਰ 'ਚ ਜਾਣਕਾਰੀ ਅਪਡੇਟ ਕਰਨ ਦੀ ਕਈ ਵਾਰ ਸਮੇਂ ਹੱਦ ਵਧਾਈ ਹੈ




ਪਰ ਫਿਰ ਵੀ ਹਜਾਰਾਂ ਲੋਕਾਂ ਨੇ ਇਹ ਕੰਮ ਨਹੀਂ ਕਰਵਾਇਆ ਹੈ। ਭੋਪਾਲ 'ਚ ਕਰੀਬ 65 ਹਜਾਰ ਲੋਕਾਂ ਦੇ ਆਧਾਰ ਕਾਰਡ ਕੈਂਸਲ ਹੋ ਸਕਦੇ ਹਨ, ਜਿਨ੍ਹਾਂ ਨੇ ਅਜੇ ਤੱਕ ਆਪਣਾ ਆਧਾਰ ਅਪਡੇਟ ਨਹੀਂ ਕੀਤਾ ਹੈ। ਇਸ ਲਈ " ਪੋਰਟਲ 'ਤੇ ਜਾ ਕੇ ਜਰੂਰੀ ਦਸਤਾਵੇਜ ਅਪਲੋਡ ਕਰਨੇ ਹੋਣਗੇ। ਆਧਾਰ ਕਾਰਡ ਅੱਜ ਇਕ ਮਹੱਤਵਪੂਰਨ ਪਛਾਣ ਪੱਤਰ ਬਣ ਗਿਆ ਹੈ, ਜਿਸ ਦੀ ਵਰਤੋਂ ਸਰਕਾਰੀ ਸਕੀਮਾਂ ਤੋਂ ਲੈ ਕੇ ਬੈਂਕ ਖਾਤਾ ਖੋਲ੍ਹਣ ਤੱਕ ਹਰ ਕੰਮ ਵਿਚ ਕੀਤੀ ਜਾਂਦੀ ਹੈ। 10 ਸਾਲ ਪੁਰਾਣੇ ਆਧਾਰ 'ਚ ਤੁਹਾਡੇ ਪਤੇ ਅਤੇ ਫੋਟੋ 'ਚ ਤਬਦੀਲੀ ਹੋ ਸਕਦੀ ਹੈ। ਜਾਣਕਾਰੀ ਅੱਪਡੇਟ ਕਰਾਉਣ ਨਾਲ ਧੋਖਾਧੜੀ 'ਤੇ ਰੋਕ ਲੱਗੇਗੀ ਅਤੇ ਸਹੀ ਜਨਸੰਖਿਆ ਜਾਣਕਾਰੀ ਮਿਲੇਗੀ। ਨੇ 10 ਸਾਲ ਪੁਰਾਣੇ ਆਧਾਰ 'ਚ ਜਾਣਕਾਰੀ ਅਪਡੇਟ ਕਰਨ ਲਈ 14 ਦਸੰਬਰ ਤੱਕ ਦਾ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ ਡੈੱਡਲਾਈਨ ਨੂੰ ਤਿੰਨ ਵਾਰ ਵਧਾਇਆ ਗਿਆ ਸੀ: ਪਹਿਲੇ 14 ਮਾਰਚ, ਫਿਰ 14 ਜੂਨ ਅਤੇ ਫਿਰ 14 ਸਤੰਬਰ ਅਤੇ ਉਸ ਤੋਂ ਬਾਅਦ ਹੁਣ 14 ਦਸੰਬਰ ਨੂੰ ਅੰਤਿਮ ਡੈੱਡਲਾਈਨ ਮੰਨਿਆ ਜਾ ਰਿਹਾ ਹੈ।

## ਸੰਸਦ ਦਾ ਸ਼ਰਦ ਰੁੱਤ ਸੈਸ਼ਨ 25 ਨਵੰਬਰ ਤੋਂ, ਕਈ ਅਹਿਮ ਬਿੱਲਾਂ 'ਤੇ ਹੋਵੇਗੀ ਚਰਚਾ

ਨਵੀਂ ਦਿੱਲੀ 3 ਨਵੰਬਰ। ਲੋਕ ਸਭਾ ਦਾ ਸੰਸਦ ਦਾ ਸਰਦ ਰੁੱਤ ਸੈਸਨ 25 ਨਵੰਬਰ ਤੋਂ ਸੁਰੂ ਹੋਵੇਗਾ। ਇਹ 20 ਦਸੰਬਰ ਤੱਕ ਚੱਲੇਗਾ। ਇਸ ਦੌਰਾਨ ਕਈ ਅਹਿਮ ਬਿੱਲਾਂ 'ਤੇ ਚਰਚਾ ਹੋਵੇਗੀ। ਸਰਦ ਰੁੱਤ ਸੈਸਨ ਦੌਰਾਨ ਵਨ ਨੇਸਨ-ਵਨ ਇਲੈਕਸਨ ਅਤੇ ਵਕਫ ਬਿੱਲ 'ਤੇ ਭਾਰੀ ਹੰਗਾਮਾ ਹੋਣ ਦੀ ਸੰਭਾਵਨਾ ਹੈ। ਵਨ ਨੇਸਨ-ਵਨ ਇਲੈਕਸਨ 'ਤੇ ਕੈਬਨਿਟ ਦੀ ਰਿਪੋਰਟ ਨੂੰ ਮਨਜੂਰੀ ਦੇਣ ਤੋਂ ਬਾਅਦ ਬਿੱਲ ਸਰਦ ਰੁੱਤ ਸੈਸਨ 'ਚ ਪੇਸ ਕੀਤਾ ਜਾਵੇਗਾ।



ਤੁਹਾਨੂੰ ਦੱਸ ਦੇਈਏ ਕਿ ਵਿਰੋਧੀ ਪਾਰਟੀਆਂ ਵਨ ਨੇਸਨ-ਵਨ ਇਲੈਕਸਨ ਦਾ ਵਿਰੋਧ ਕਰ ਰਹੀਆਂ ਹਨ ਅਤੇ ਦੇਸ ਵਿੱਚ ਇੱਕੋ ਸਮੇਂ ਚੋਣਾਂ ਕਰਵਾਉਣ ਦੇ ਪੱਖ ਵਿੱਚ ਨਹੀਂ ਹਨ। ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮੌਕੇ 26 ਨਵੰਬਰ ਨੂੰ ਸੰਸਦ ਭਵਨ ਦੇ ਸੈਂਟਰਲ ਹਾਲ ਵਿੱਚ ਸੰਸਦ ਦਾ ਸਾਂਝਾ ਸੈਸਨ ਆਯੋਜਿਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਵਕਫ ਬਿੱਲ 'ਤੇ ਬਣੀ ਜੇਪੀਸੀ ਸੰਸਦ ਦੇ ਸਰਦ ਰੁੱਤ ਸੈਸਨ 'ਚ ਆਪਣੀ ਰਿਪੋਰਟ ਪੇਸ ਕਰ ਸਕਦੀ ਹੈ। ਇਸ 'ਤੇ ਵੀ ਹੰਗਾਮਾ ਹੋਣ ਦੇ ਆਸਾਰ ਹਨ। ਦੱਸ ਦੇਈਏ ਕਿ ਹਾਲ ਹੀ 'ਚ ਵਕਫ (ਸੋਧ) ਬਿੱਲ 2024 'ਤੇ ਬੋਲਦੇ ਹੋਏ ਗ੍ਰਹਿ ਮੰਤਰੀ ਅਮਿਤ ਸਾਹ ਨੇ ਕਿਹਾ ਸੀ ਕਿ ਇਸ ਬਿੱਲ ਨੂੰ ਸੰਸਦ ਦੇ ਸਰਦ ਰੁੱਤ ਸੈਸਨ ਦੌਰਾਨ ਪਾਸ ਕਰ ਦਿੱਤਾ ਜਾਵੇਗਾ। 18ਵੀਂ ਲੋਕ ਸਭਾ ਦਾ ਪਹਿਲਾ ਮਾਨਸੂਨ ਸੈਸਨ 22 ਜੁਲਾਈ ਤੋਂ 9 ਅਗਸਤ ਤੱਕ ਚੱਲਿਆ ਸੀ। ਲਗਭਗ 115 ਘੰਟੇ ਚੱਲੇ ਪੂਰੇ ਸੈਸਨ ਦੌਰਾਨ ਕੁੱਲ 15 ਬੈਠਕਾਂ ਹੋਈਆਂ। ਇਸੇ ਸੈਸਨ 'ਚ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ 23 ਜੁਲਾਈ ਨੂੰ ਕੇਂਦਰੀ ਬਜਟ 2024-2025 ਪੇਸ ਕੀਤਾ ਸੀ। ਇਸ 'ਤੇ ਚਰਚਾ 27 ਘੰਟੇ 19 ਮਿੰਟ ਚੱਲੀ, ਜਿਸ 'ਚ 181 ਮੈਂਬਰਾਂ ਨੇ ਹਿੱਸਾ ਲਿਆ।

## 'ਇੰਪੋਰਟਿਡ ਮਾ...' ਕਹਿਣ 'ਤੇ ਸੰਸਦ ਮੈਂਬਰ ਅਰਵਿੰਦ ਨੇ ਮੰਗੀ ਮੁਆਫੀ

ਮੁੰਬਈ 3 ਨਵੰਬਰ। ਸ਼ਿਵ ਸੈਨਾ (ਯੂ. ਬੀ. ਟੀ.) ਦੇ ਸੰਸਦ ਮੈਂਬਰ ਅਰਵਿੰਦ ਸਾਵੰਤ ਨੇ ਮਹਾਰਾਸਟਰ ਵਿਧਾਨ ਸਭਾ ਦੀਆਂ ਮੌਜੂਦਾ ਚੋਣਾਂ ਦੌਰਾਨ ਸ਼ਿਵ ਸੈਨਾ ਦੀ ਉਮੀਦਵਾਰ ਸਾਇਨਾ ਪ੍ਰਤੀ ਆਪਣੀ ਕਥਿਤ ਅਪਮਾਨਜਨਕ ਟਿੱਪਣੀ ਲਈ ਮੁਆਫੀ ਮੰਗ ਲਈ। ਇਕ ਦਿਨ ਪਹਿਲਾਂ ਸਾਇਨਾ ਨੇ ਇਸ ਸਬੰਧੀ ਸਾਵੰਤ ਵਿਰੁੱਧ ਐੱਫ. ਆਈ. ਆਰ. ਦਰਜ ਕਰਵਾਈ ਸੀ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਵੰਤ ਨੇ ਕਿਹਾ ਕਿ ਮੈਂ ਆਪਣੀ ਜ਼ਿੰਦਗੀ 'ਚ ਕਦੇ ਵੀ ਕਿਸੇ ਔਰਤ ਦਾ ਅਪਮਾਨ ਨਹੀਂ ਕੀਤਾ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਕਾਰਨਾਂ ਕਰ ਕੇ ਇਹ ਵਿਵਾਦ ਖੜ੍ਹਾ ਕੀਤਾ ਗਿਆ ਸੀ।

# 2029-30 ਤੱਕ ਰੱਖਿਆ ਨਿਰਯਾਤ 50,000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ: ਰਾਜਨਾਥ ਸਿੰਘ

**ਸਿੰਮੀ ਕੌਰ ਬੱਬਰ**

ਕਾਨਪੁਰ 3 ਨਵੰਬਰ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਭਰੋਸਾ ਜਤਾਇਆ ਕਿ ਦੇਸ਼ 2029-30 ਤੱਕ 50,000 ਕਰੋੜ ਰੁਪਏ ਤੋਂ ਵੱਧ ਦਾ ਰੱਖਿਆ ਨਿਰਯਾਤ ਦਾ ਟੀਚਾ ਹਾਸਲ ਕਰ ਲਵੇਗਾ। ਜੋ ਸਿੱਖਿਆ ਜਗਤ ਦੇ ਨਾਲ ਸਹਿਯੋਗ ਦੇ ਜਰੀਏ ਰੱਖਿਆ ਉਤਪਾਦਨ ਵਿਚ ਆਤਮਨਿਰਭਰਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਭਾਰਤੀ ਤਕਨਾਲੋਜੀ ਸੰਸਥਾ () 'ਚ 65ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਰੱਖਿਆ ਮੰਤਰੀ ਨੇ ਭਾਰਤੀ ਨੌਜਵਾਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਸਵਦੇਸ਼ੀ ਰੂਪ ਨਾਲ ਉੱਚ ਪੱਧਰੀ ਤਕਨਾਲੋਜੀ ਨੂੰ ਵਿਕਸਿਤ ਕਰਨ ਦੀ ਅਪੀਲ ਕੀਤੀ, ਜਿਸ ਨੂੰ ਦੇਸ਼ ਆਯਾਤ ਕਰਦਾ ਹੈ। ਰਾਜਨਾਥ ਨੇ ਦੱਸਿਆ ਕਿ ਤਕਨੀਕੀ ਵਿਕਾਸ ਦੇ ਆਧਾਰ 'ਤੇ ਦੇਸ਼ਾਂ ਦੇ ਤਿੰਨ ਸਮੂਹ ਹਨ- ਪਹਿਲਾ ਉੱਨਤ ਤਕਨੀਕ ਸ਼ਿਖਰ 'ਤੇ ਹੈ, ਦੂਜੇ ਸਥਿਰ ਸਥਿਤੀ ਵਿਚ ਪਹੁੰਚ ਗਏ ਹਨ ਅਤੇ ਤੀਜੇ ਤਕਨੀਕੀ ਵਿਕਾਸ ਦੇ ਪੜਾਅ ਵਿਚ ਹੈ। ਭਾਰਤ



ਨੂੰ ਤੀਜੇ ਸਮੂਹ ਵਿਚ ਰੱਖਦੇ ਹੋਏ ਰਾਜਨਾਥ ਸਿੰਘ ਨੇ ਕਿਹਾ ਕਿ ਦੇਸ਼ ਅੱਜ ਤਕਨੀਕੀ ਤਰੱਕੀ 'ਚ ਉੱਚ ਸਥਾਨ ਵੱਲ ਵੱਧ ਰਿਹਾ ਹੈ। ਰਾਜਨਾਥ ਸਿੰਘ ਨੇ ਕਿਹਾ ਕਿ ਆਤਮਨਿਰਭਰਤਾ ਹਾਸਲ ਕਰਨ ਦੇ ਸਰਕਾਰ ਦੇ ਯਤਨ ਲੋੜੀਦੇ ਨਤੀਜੇ ਦੇ ਰਹੇ ਹਨ ਕਿਉਂਕਿ ਰੱਖਿਆ ਨਿਰਯਾਤ, ਜੋ 10 ਸਾਲ ਪਹਿਲਾਂ ਸਿਰਫ 600 ਕਰੋੜ ਦੇ ਆਲੇ-ਦੁਆਲੇ ਸੀ, ਵਿੱਤੀ ਸਾਲ 2023-24 ਵਿਚ 21,000 ਕਰੋੜ ਰੁਪਏ ਦੀ ਰਿਕਾਰਡ ਗਿਣਤੀ ਨੂੰ ਪਾਰ ਕਰ ਗਿਆ ਹੈ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਤਰੱਕੀ ਜਾਰੀ ਰਹੇਗੀ ਅਤੇ 2029-30 ਤੱਕ ਰੱਖਿਆ ਨਿਰਯਾਤ 50,000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਦੁਨੀਆ ਭਰ 'ਚ ਚੱਲ ਰਹੇ ਸੰਘਰਸ਼ਾਂ ਦਰਮਿਆਨ ਰੱਖਿਆ ਈਕੋਸਿਸਟਮ 'ਚ ਤਕਨਾਲੋਜੀ ਦੀ ਵੱਧਦੀ ਭੂਮਿਕਾ 'ਤੇ ਚਾਨਣਾ ਪਾਉਂਦੇ ਹੋਏ ਰਾਜਨਾਥ ਸਿੰਘ ਨੇ ਕਿਹਾ ਕਿ ਡਰੋਨ, ਲੇਜਰ ਯੁੱਧ, ਸਾਈਬਰ ਯੁੱਧ, ਸਟੀਕ ਗਾਈਡਡ ਮਿਜਾਈਲਾਂ ਅਤੇ ਹਾਈਪਰਸੋਨਿਕ ਮਿਜਾਈਲਾਂ ਦੀ ਵਰਤੋਂ ਨੇ ਯੁੱਧ ਨੂੰ ਤਕਨਾਲੋਜੀ-ਅਧਾਰਿਤ ਕਾਰਵਾਈ ਵਿਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰੱਖਿਆ 'ਚ 'ਸਵੈ-ਨਿਰਭਰਤਾ' ਹਾਸਲ ਕਰਨ 'ਚ ਸਭ ਤੋਂ ਵੱਡੀ ਰੁਕਾਵਟ ਇਹ ਹੈ ਕਿ ਅਸੀਂ ਆਪਣੇ ਸਾਮਾਨ ਲਈ ਲੋੜੀਂਦੀਆਂ ਕੁਝ ਉੱਚ ਪੱਧਰੀ ਦੀਆਂ ਤਕਨੀਕਾਂ ਨੂੰ ਦਰਾਮਦ ਕਰਨ ਲਈ ਮਜਬੂਰ ਹਾਂ। ਯੁੱਧ ਦੀ ਬਦਲਦੀ ਪ੍ਰਕਿਰਤੀ ਨੂੰ ਦੇਖਦੇ ਹੋਏ, ਆਧੁਨਿਕ ਅਤਿ-ਆਧੁਨਿਕ ਤਕਨਾਲੋਜੀਆਂ ਦੇ ਰੱਖਿਆ ਉਪਯੋਗ 'ਤੇ ਧਿਆਨ ਦੇਣ ਦੀ ਲੋੜ ਹੈ।

## ਆਯੁਸ਼ਮਾਨ' ਸਕੀਮ ਦੇ ਲਾਭਪਾਤਰੀਆਂ ਲਈ ਅਹਿਮ ਖਬਰ, ਇਨ੍ਹਾਂ ਚੀਜਾਂ ਦਾ ਰੱਖਣਾ ਹੋਵੇਗਾ ਧਿਆਨ

ਜਲੰਧਰ 3 ਨਵੰਬਰ। ਕੇਂਦਰ ਸਰਕਾਰ ਨੇ 70 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜੁਰਗਾਂ ਨੂੰ ਆਯੂਸਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ (–) ਨਾਲ ਜੋੜ ਕੇ 5 ਲੱਖ ਰੁਪਏ ਤੱਕ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦਾ ਐਲਾਨ ਕੀਤਾ ਸੀ। ਧਨਤੇਰਸ ਦੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੀਆਂ ਸੇਵਾਵਾਂ ਦੀ ਸੁਰੂਆਤ ਕੀਤੀ ਅਤੇ ਬਜੁਰਗਾਂ ਨੂੰ ਦੀਵਾਲੀ ਦਾ ਤੋਹਫਾ ਦਿੱਤਾ। ਇਸ ਸਕੀਮ ਤਹਿਤ ਜ਼ਿਲ੍ਹੇ ਵਿੱਚ ਇਸ ਉਮਰ ਵਰਗ ਦੇ 1,17,129 ਬਜੁਰਗਾਂ ਨੂੰ ਲਾਭ ਮਿਲੇਗਾ। ਜ਼ਿਲ੍ਹੇ ਵਿੱਚ ਏਬੀਪੀਐਮ-ਜੇ ਦੇ ਨੋਡਲ ਅਫਸਰ ਡਾ. ਜੋਤੀ ਸਰਮਾ ਅਨੁਸਾਰ ਜ਼ਿਲ੍ਹੇ ਦੇ 13 ਸਰਕਾਰੀ ਅਤੇ 60 ਪ੍ਰਾਈਵੇਟ ਹਸਪਤਾਲ ਇਸ ਸਕੀਮ ਤਹਿਤ ਸੂਚੀ ਵਿੱਚ ਸਾਮਲ ਹਨ। 30 ਅਕਤੂਬਰ ਨੂੰ 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸੀਨੀਅਰ ਨਾਗਰਿਕਾਂ ਲਈ ਕਾਰਡ ਬਣਾਉਣ ਦੀ ਪ੍ਰਕਿਰਿਆ ਸੁਰੂ ਕਰ ਦਿੱਤੀ ਗਈ ਹੈ। ਇਸ ਤਹਿਤ 15 ਬਜੁਰਗਾਂ ਨੇ ਸਿਵਲ ਹਸਪਤਾਲ ਆ ਕੇ ਆਪਣੇ ਕਾਰਡ ਬਣਵਾਏ। ਕਈ ਬਜੁਰਗਾਂ ਦੇ ਮੋਬਾਇਲ ਨੰਬਰ ਉਨ੍ਹਾਂ ਦੇ ਆਧਾਰ ਕਾਰਡ ਨਾਲ ਲਿੰਕ ਨਹੀਂ ਹਨ। ਅਜਿਹੇ ਲੋਕਾਂ ਨੂੰ ਪਹਿਲਾਂ ਆਪਣਾ ਫੋਨ ਨੰਬਰ ਆਧਾਰ ਨਾਲ ਲਿੰਕ ਕਰਨਾ ਹੋਵੇਗਾ। ਕਾਰਡ ਜ਼ਿਲ੍ਹਾ ਹਸਪਤਾਲ, ਸਬ ਡਿਵੀਜਨਲ ਹਸਪਤਾਲ ਅਤੇ ਕਮਿਊਨਿਟੀ ਹੈਲਥ ਸੈਂਟਰ ਵਿੱਚ ਬਣਵਾਇਆ ਜਾ ਸਕਦਾ ਹੈ। ਸਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਬਣੇ ਨਿੱਜੀ ਸੇਵਾ ਕੇਂਦਰਾਂ ਵਿੱਚ ਵੀ ਆਯੁਸ਼ਮਾਨ ਕਾਰਡ ਬਣਾਇਆ ਜਾ ਸਕਦਾ ਹੈ।

## ਫਰਨੀਚਰ ਦੇ ਗੋਦਾਮ 'ਚ ਲੱਗੀ ਅੱਗ, ਦਮ ਘੁੱਟਣ ਨਾਲ 2 ਦੀ ਮੌਤ

ਨਵੀਂ ਦਿੱਲੀ 3 ਨਵੰਬਰ। ਐਤਵਾਰ ਤੜਕੇ ਫਰਨੀਚਰ ਦੇ ਇਕ ਗੋਦਾਮ 'ਚ ਭਿਆਨ ਅੱਗ ਲੱਗ ਗਈ। ਇਸ ਹਾਦਸੇ 'ਚ ਦਮ ਘੁੱਟਣ ਨਾਲ 2 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਦੋ ਲੋਕ ਗੋਦਾਮ ਦੀ ਛੱਤ 'ਤੇ ਇਕ ਕਮਰੇ 'ਚ ਸੌਂ ਰਹੇ ਸਨ। ਇਹ ਹਾਦਸਾ ਪੱਛਮੀ ਦਿੱਲੀ ਦੇ ਕੀਰਤੀ ਨਗਰ ਇਲਾਕੇ 'ਚ ਵਾਪਰਿਆ। ਦਿੱਲੀ ਫਾਇਰ ਬ੍ਰਿਗੇਡ ਸੇਵਾ (ਡੀਐੱਫਐੱਸ) ਦੇ ਇਕ ਅਧਿਕਾਰੀ ਨੇ ਕਿਹਾ,"ਤੜਕੇ 4.25 ਵਜੇ ਫਰਨੀਚਰ ਗੋਦਾਮ 'ਚ ਅੱਗ ਲੱਗਣ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ 6 ਗੱਡੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਹਾਦਸੇ ਵਾਲੀ ਜਗ੍ਹਾ ਤੋਂ 2 ਲੋਕਾਂ ਨੂੰ ਕੱਢਿਆ ਗਿਆ ਅਤੇ ਉਨ੍ਹਾਂ ਨੂੰ ਨਜਦੀਕੀ ਹਸਪਤਾਲ 'ਚ ਦਾਖਲ ਕਰਵਾਇਆ।" ਪੁਲਸ ਨੇ ਦੱਸਿਆ ਕਿ ਅੱਗ ਇਮਾਰਤ ਦੀ ਛੱਤ ਤੋਂ ਲੱਗੀ। ਪੁਲਸ ਨੇ ਇਕ ਬਿਆਨ 'ਚ ਕਿਹਾ,"ਕੰਪਲੈਕਸ ਦੀ ਡੂੰਘੀ ਤਲਾਸ਼ੀ ਲਈ ਗਈ ਅਤੇ ਛੱਤ 'ਤੇ ਕਮਰਾ ਅੰਦਰੋਂ ਬੰਦ ਮਿਲਿਆ। ਟੀਮ ਨੇ ਦਰਵਾਜਾ ਤੋੜਿਆ ਤਾਂ ਦੇਖਿਆ ਕਿ ਅੰਦਰ 2 ਲੋਕ ਸਨ। ਦੋਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।" ਉਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਜਦੂਰ ਅਤੁਲ ਰਾਏ (45) ਅਤੇ ਰਿਕਸ਼ਾ ਚਾਲਕ ਨੰਦ ਕਿਸ਼ੋਰ (65) ਵਜੋਂ ਹੋਈ ਹੈ। ਰਾਏ ਗੋਦਾਮ 'ਚ ਕੰਮ ਕਰਦਾ ਸੀ ਅਤੇ ਉੱਥੇ ਹੀ ਸੌਂਦਾ ਸੀ। ਪੁਲਸ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫੋਰੈਂਸਿਕ ਟੀਮ ਨੂੰ ਬੁਲਾਇਆ ਗਿਆ ਹੈ। ਇਸ ਦੀ ਰਿਪੋਰਟ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

## ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਉਮਰ ਕੈਦ 'ਚ ਬਦਲਣ ਦੀ ਪਟੀਸ਼ਨ 'ਤੇ ਇਸ ਦਿਨ ਹੋਵੇਗੀ ਸੁਣਵਾਈ

**ਏਜੰਸੀਆਂ**

ਨਵੀਂ ਦਿੱਲੀ 3 ਨਵੰਬਰ। ਸੁਪਰੀਮ ਕੋਰਟ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੇ ਦੋਸੀ ਬਲਵੰਤ ਸਿੰਘ ਰਾਜੋਆਣਾ ਦੀ ਉਸ ਪਟੀਸਨ 'ਤੇ ਸੁਣਵਾਈ 4 ਨਵੰਬਰ ਨੂੰ ਕਰੇਗਾ, ਜਿਸ ਵਿਚ ਉਸ ਨੇ ਆਪਣੀ ਰਹਿਮ ਪਟੀਸ਼ਨ 'ਤੇ ਫੈਸਲਾ ਲੈਣ 'ਚ 'ਬੇਹੱਦ ਦੇਰੀ' ਦਾ ਹਵਾਲਾ ਦਿੰਦੇ ਹੋਏ ਮੌਤ ਦੀ ਸਜਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਪੰਜਾਬ ਪੁਲਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਦੀ ਪਟੀਸਨ ਜਸਟਿਸ ਬੀਆਰ ਗਵਈ, ਜਸਟਿਸ ਪੀਕੇ ਮਿਸਰਾ ਅਤੇ ਜਸਟਿਸ ਕੇਵੀ ਵਿਸਵਨਾਥਨ ਦੀ ਵਿਸੇਸ ਬੈਂਚ ਅੱਗੇ ਸੂਚੀਬੱਧ ਹੈ। ਸੁਪਰੀਮ ਕੋਰਟ ਨੇ 25 ਸਤੰਬਰ ਨੂੰ ਰਾਜੋਆਣਾ ਦੀ ਪਟੀਸਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸਾਸਤ ਪ੍ਰਦੇਸ ਚੰਡੀਗੜ੍ਹ ਦੇ ਪ੍ਰਸਾਸਨ ਤੋਂ ਜਵਾਬ ਮੰਗਿਆ ਸੀ। ਪਟੀਸਨ ਵਿੱਚ ਰਾਜੋਆਣਾ ਨੇ "ਉਸ ਦੀ ਮੌਤ ਦੀ ਸਜਾ 'ਤੇ ਅਮਲ ਕਰਨ" ਅਤੇ ਉਸ ਦੀ "ਆਪਣੀ ਤਰਫੋਂ ਦਾਇਰ ਰਹਿਮ ਦੀ ਪਟੀਸਨ 'ਤੇ ਫੈਸਲਾ ਲੈਣ" ਵਿਚ ਬੇਹੱਦ ਦੇਰੀ ਦਾ ਹਵਾਲਾ ਦਿੱਤਾ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਉਸਦੀ ਸਜਾ ਨੂੰ ਘਟਾਉਣ ਲਈ ਨਿਰਦੇਸ ਦੇਣ ਦੀ ਮੰਗ ਕੀਤੀ ਹੈ। ਦੱਸ ਦੇਈਏ ਕਿ ਬੇਅੰਤ ਸਿੰਘ ਅਤੇ 16 ਹੋਰ ਲੋਕ 31 ਅਗਸਤ, 1995 ਨੂੰ ਚੰਡੀਗੜ੍ਹ ਦੇ ਸਿਵਲ ਸਕੱਤਰੇਤ ਦੇ ਪ੍ਰਵੇਸ ਦੁਆਰ 'ਤੇ ਇੱਕ ਧਮਾਕੇ ਵਿੱਚ ਮਾਰੇ ਗਏ



ਸਨ। ਇਕ ਵਿਸੇਸ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਬੇਅੰਤ ਸਿੰਘ ਕਤਲ ਕੇਸ ਵਿੱਚ ਮੌਤ ਦੀ ਸਜਾ ਸੁਣਾਈ ਸੀ। ਰਾਜੋਆਣਾ ਨੇ ਕਿਹਾ ਕਿ ਮਾਰਚ 2012 ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਸੰਵਿਧਾਨ ਦੀ ਧਾਰਾ 72 ਤਹਿਤ ਉਨ੍ਹਾਂ ਦੀ ਤਰਫੋਂ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਪਿਛਲੇ ਸਾਲ 3 ਮਈ ਨੂੰ ਸੁਪਰੀਮ ਕੋਰਟ ਨੇ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਘਟਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਮਰੱਥ ਅਧਿਕਾਰੀ ਉਸ ਦੀ ਰਹਿਮ ਦੀ ਅਪੀਲ 'ਤੇ ਵਿਚਾਰ ਕਰ ਸਕਦੇ ਹਨ। ਸੁਪਰੀਮ ਕੋਰਟ 'ਚ ਦਾਇਰ ਤਾਜਾ ਅਰਜੀ 'ਚ ਰਾਜੋਆਣਾ ਨੇ ਕਿਹਾ ਹੈ ਕਿ ਉਸ ਨੇ ਲਗਭਗ 28 ਸਾਲ 8 ਮਹੀਨੇ ਦੀ ਸਜਾ ਕੱਟੀ ਹੈ, ਜਿਸ 'ਚੋਂ ਉਹ 17 ਸਾਲ ਮੌਤ ਦੀ ਸਜਾ ਦੇ ਦੋਸੀ ਵਜੋਂ ਭੁਗਤ ਚੁੱਕਾ ਹੈ। ਰਾਜੋਆਣਾ ਨੇ ਕਿਹਾ ਹੈ ਕਿ ਸਿਖਰਲੀ ਅਦਾਲਤ ਨੇ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਉਸ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਕਰਨ ਲਈ ਸਮਰੱਥ ਅਧਿਕਾਰੀ ਨੂੰ ਨਿਰਦੇਸ ਦਿੱਤੇ ਸਨ। ਪਟੀਸਨ ਵਿੱਚ ਇੱਕ ਵੱਖਰੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਅਪ੍ਰੈਲ 2023 ਦੇ ਆਦੇਸ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਉਸਨੇ ਸਾਰੇ ਰਾਜਾਂ ਅਤੇ ਉਚਿਤ ਅਥਾਰਟੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਲੰਬਿਤ ਰਹਿਮ ਦੀਆਂ ਪਟੀਸਨਾਂ ਦਾ ਫੈਸਲਾ ਕਰਨ ਦੇ ਨਿਰਦੇਸ ਦਿੱਤੇ ਸਨ।

## ਚੋਣਾਂ 'ਚ ਸਲਾਹ ਦੇਣ ਦੇ 1,000,000,000 ਰੁਪਏ ਲੈਂਦਾ ਹੈ ਪ੍ਰਸ਼ਾਂਤ ਕਿਸ਼ੋਰ!

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 3 ਨਵੰਬਰ। ਜਨਸੁਰਾਜ ਦੇ ਕਨਵੀਨਰ ਪ੍ਰਸਾਂਤ ਕਿਸੋਰ ਨੇ ਵੱਡਾ ਖੁਲਾਸਾ ਕੀਤਾ ਹੈ। ਉਨ੍ਹਾਂ ਨੇ ਆਪਣੇ ਸਿਆਸੀ ਰਣਨੀਤੀ ਘਾੜੇ ਵਜੋਂ ਕੰਮ ਕਰਨ ਨੂੰ ਲੈ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਉਹ ਚੋਣ ਰਣਨੀਤੀ ਘਾੜੇ ਵਜੋਂ ਕਿਸੇ ਵੀ ਪਾਰਟੀ ਜਾਂ ਆਗੂ ਨੂੰ ਸਲਾਹ ਦੇਣ ਲਈ 100 ਕਰੋੜ ਰੁਪਏ ਤੋਂ ਵੱਧ ਫੀਸ ਲੈਂਦੇ ਹਨ। ਬਿਹਾਰ ਦੇ ਗਯਾ ਜਿਲੇ ਦੇ ਬੇਲਾਗੰਜ ਵਿੱਚ ਕਿਸ਼ੋਰ ਇਕ ਇੱਕ ਚੋਣ ਸਭਾ ਨੂੰ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਕਿਸ਼ੋਰ ਨੇ ਕਿਹਾ ਕਿ ਵੱਖ-ਵੱਖ ਸੂਬਿਆਂ ਵਿੱਚ ਦਸ ਸਰਕਾਰਾਂ ਉਨ੍ਹਾਂ ਦੀ ਰਣਨੀਤੀ ਉੱਤੇ ਚੱਲ ਰਹੀਆਂ ਹਨ। ਉਨ੍ਹਾਂ ਨੇ ਆਪਣੀ ਫੀਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕ ਅਕਸਰ ਪੁੱਛਦੇ ਹਨ ਕਿ ਤੁਸੀਂ ਆਪਣੀ ਮੁਹਿੰਮ ਲਈ ਪੈਸਾ ਕਿੱਥੋਂ ਇਕੱਠਾ ਕਰਦੇ ਹੋ। ਪ੍ਰਸਾਂਤ ਕਿਸੋਰ ਵਲੋਂ ਬਣਾਈਆਂ ਗਈਆਂ ਸਰਕਾਰਾਂ 10 ਸੂਬਿਆਂ ਵਿੱਚ ਚੱਲ ਰਹੀਆਂ ਹਨ। ਕੀ ਤੁਹਾਨੂੰ ਲੱਗਦਾ ਹੈ ਕਿ ਮੇਰੇ ਕੋਲ ਆਪਣੀ ਮੁਹਿੰਮ ਲਈ ਤੰਬੂ ਅਤੇ ਛਤਰੀਆਂ ਲਗਾਉਣ ਲਈ ਲੋੜੀਂਦੇ ਪੈਸੇ ਨਹੀਂ ਹੋਣਗੇ? ਕੀ ਤੁਸੀਂ ਸੋਚਦੇ ਹੋ ਕਿ ਮੈਂ ਕਮਜੋਰ ਹਾਂ? ਬਿਹਾਰ 'ਚ ਲੋਕ ਇਕ ਚੋਣ 'ਚ ਸਲਾਹ ਦੇਣ ਲਈ ਇੰਨੇ ਪੈਸੇ ਕਮਾ ਲੈਂਦੇ ਹਨ ਕਿ ਕਦੇ ਕਿਸੇ ਨੇ ਨਹੀਂ ਸੁਣਿਆ ਹੋਵੇਗਾ। ਜੇਕਰ ਮੈਂ




ਕਿਸੇ ਚੋਣ ਵਿੱਚ ਕਿਸੇ ਨੂੰ ਸਲਾਹ ਦਿੰਦਾ ਹਾਂ ਤਾਂ ਮੇਰੀ ਫੀਸ 100 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ। ਇੰਡੀਆ ਟੂਡੇ ਦੀ ਖਬਰ ਮੁਤਾਬਕ ਕਿਸ਼ੋਰ ਨੇ ਅੱਗੇ ਕਿਹਾ ਕਿ ਜੇਕਰ ਉਹ ਕਿਸੇ ਚੋਣ ਵਿੱਚ ਕਿਸੇ ਨੂੰ ਸਲਾਹ ਦੇਣ ਜਾਂਦੇ ਹਨ ਤਾਂ ਉਹ ਇੰਨੇ ਪੈਸੇ ਕਮਾ ਲੈਣਗੇ ਕਿ ਉਹ ਦੋ ਸਾਲ ਤੱਕ ਟੈਂਟ ਲਗਾ ਕੇ ਚੋਣ ਪ੍ਰਚਾਰ ਕਰਨਗੇ। ਪ੍ਰਸਾਂਤ ਕਿਸੋਰ ਬਿਹਾਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਉਪ ਚੋਣਾਂ ਦੀ ਤਿਆਰੀ ਵਿੱਚ ਰੁੱਝੇ ਹੋਏ ਹਨ। ਬੇਲਾਗੰਜ, ਇਮਾਮਗੰਜ, ਰਾਮਗੜ੍ਹ ਅਤੇ ਤਰਾਰੀ ਸਮੇਤ ਚਾਰ ਸੀਟਾਂ 'ਤੇ ਉਪ ਚੋਣਾਂ ਹੋਣੀਆਂ ਹਨ। ਇਨ੍ਹਾਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਉਪ ਚੋਣਾਂ 'ਚ ਵੀ ਜਨਸੂਰਾਜ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ। ਬੇਲਾਗੰਜ ਤੋਂ ਮੁਹੰਮਦ ਅਮਜਦ, ਇਮਾਮਗੰਜ ਤੋਂ ਜਤਿੰਦਰ ਪਾਸਵਾਨ, ਰਾਮਗੜ੍ਹ ਤੋਂ ਸੁਸੀਲ ਕੁਮਾਰ ਸਿੰਘ ਕੁਸਵਾਹਾ ਅਤੇ ਤਾਰੀ ਤੋਂ ਕਿਰਨ ਸਿੰਘ ਪਾਰਟੀ ਦੇ ਉਮੀਦਵਾਰ ਹਨ। ਇਸ ਸਬੰਧ 'ਚ ਪ੍ਰਸਾਂਤ ਕਿਸੋਰ 31 ਅਕਤੂਬਰ ਨੂੰ ਬੇਲਾਗੰਜ ਪਹੁੰਚੇ ਸਨ। ਜਨਸੂਰਜ ਦੇ ਉਮੀਦਵਾਰ ਮੁਹੰਮਦ ਅਮਜਦ ਲਈ ਚੋਣ ਪ੍ਰਚਾਰ ਕਰਦੇ ਹੋਏ ਪ੍ਰਸ਼ਾਂਤ ਕਿਸ਼ੋਰ ਨੇ ਆਪਣੀ ਫੀਸ ਨੂੰ ਲੈ ਕੇ ਇਹ ਗੱਲਾਂ ਕਹੀਆਂ। ਬਿਹਾਰ ਵਿੱਚ 13 ਨਵੰਬਰ ਨੂੰ ਉਪ ਚੋਣਾਂ ਹੋਣਗੀਆਂ ਅਤੇ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ।

## ਅਮਨ ਅਰੋੜਾ ਹੋ ਸਕਦੇ ਹਨ ਆਪ ਪੰਜਾਬ ਦੇ ਨਵੇਂ ਪ੍ਰਧਾਨ!

ਚੰਡੀਗੜ੍ਹ 3 ਨਵੰਬਰ। ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਦੇ ਅਹੁਦੇ ਨੂੰ ਛੱਡਣ ਦੀ ਇੱਛਾ ਜਤਾਈ ਸੀ। ਇਸ ਦੇ ਨਾਲ ਹੀ ਨਗਰ ਨਿਗਮ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਨੇ ਨਵੇਂ ਪ੍ਰਧਾਨ ਦੀ ਚੋਣ ਪ੍ਰਕਿਰਿਆ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸੀ ਪਾਰਟੀ ਨੂੰ ਫੁਲ ਟਾਈਮ ਲਈ ਪ੍ਰਧਾਨ ਚਾਹੀਦਾ ਹੈ। ਪ੍ਰਧਾਨ ਅਜਿਹਾ ਹੋਣਾ ਚਾਹੀਦਾ ਹੈ, ਜੋ ਪਾਰਟੀ ਲਈ ਸਮਰਪਿਤ ਹੋਵੇ, ਪਾਰਟੀ ਦੀ ਮਜਬੂਤੀ ਲਈ ਕੰਮ ਕਰੇ ਅਤੇ ਪਾਰਟੀ ਦੇ ਆਗੂ ਵੀ ਉਸ ਨਾਲ ਸਹਿਮਤੀ ਰੱਖਦੇ ਹੋਣ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦਿਆਂ ਪਾਰਟੀ ਨੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਪੰਜਾਬ ਦੇ ਪ੍ਰਧਾਨ ਅਹੁਦੇ ਦੀ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਲਿਆ ਹੈ। ਪਾਰਟੀ ਦਾ ਮੰਨਣਾ ਹੈ ਕਿ ਅਮਨ ਅਰੋੜਾ ਹਿੰਦੂ ਚਿਹਰਾ ਹਨ ਅਤੇ ਲੋਕਾਂ 'ਚ ਉਨ੍ਹਾਂ ਦੀ ਪਹੁੰਚ ਹੈ। ਇਸ ਤੋਂ ਇਲਾਵਾ ਪਾਰਟੀ ਦੇ ਵਰਕਰਾਂ ਦਾ ਵੀ ਉਨ੍ਹਾਂ ਨੂੰ ਭਰਪੂਰ ਸਮਰਥਨ ਪ੍ਰਾਪਤ ਹੈ ਅਤੇ ਪਾਰਟੀ ਦੇ ਕਿਸੇ ਆਗੂ ਜਾਂ ਵਰਕਰ ਨਾਲ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਕੋਈ ਵਿਵਾਦ ਨਹੀਂ ਹੈ। ਅਮਨ ਅਰੋੜਾ ਵਿਰੋਧੀ ਧਿਰ ਦੇ ਸਵਾਲਾਂ ਦਾ ਵੀ ਮਜਬੂਤੀ ਨਾਲ ਜਵਾਬ ਦਿੰਦੇ ਹਨ, ਜਿਸ ਕਾਰਨ ਪਾਰਟੀ ਵਲੋਂ ਉਨ੍ਹਾਂ ਨੂੰ ਪੰਜਾਬ ਪ੍ਰਧਾਨ ਦੇ ਅਹੁਦੇ ਲਈ ਚੁਣਿਆ ਜਾ ਸਕਦਾ ਹੈ।

## 1984 ਸਿੱਖ ਕਤਲੇਆਮ ਦੀ 40ਵੀਂ ਵਰੇਗੰਢ ਮੌਕੇ ਗੁਰਦੁਆਰਾ ਸ਼ਹੀਦਗੰਜ ਸਾਹਿਬ ਵਿਖੇ ਗੁਰਮਤਿ ਸਮਾਗਮ

**ਤੇਜਿੰਦਰ ਕੌਰ ਬੱਬਰ**

ਜੈਤੋ 3 ਨਵੰਬਰ। 1984 ਸਿੱਖ ਕਤਲੇਆਮ ਦੀ 40ਵੀਂ ਵਰੇਗੰਢ ਮੌਕੇ ਅੱਜ ਗੁਰਦੁਆਰਾ ਸਹੀਦਗੰਜ ਸਾਹਿਬ, ਤਿਲਕ ਵਿਹਾਰ ਦਿੱਲੀ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਜਿਸ 'ਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਸਮੇਤ ਹੋਰ ਸਿੱਖ ਸਖਸੀਅਤਾਂ ਨੇ ਸਮੂਲੀਅਤ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸਿੱਖ ਕਤਲੇਆਮ 'ਚ ਜਾਨਾਂ ਗਵਾਉਣ ਵਾਲਿਆਂ ਨੂੰ ਸਰਧਾ ਦੇ ਫੁੱਲ ਭੇਟ ਕਰਦਿਆਂ ਸਰਕਾਰਾਂ ਦੀ ਕਾਰਗੁਜਾਰੀ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਸ੍ਰੋਮਣੀ ਕਮੇਟੀ ਪੀੜਤ ਪਰਿਵਾਰਾਂ ਦੀ ਹਰ ਪ੍ਰਕਾਰ ਦੀ ਮਦਦ ਲਈ ਤਿਆਰ ਹੈ ਅਤੇ ਇਨਸਾਫ ਦੀ ਲੜਾਈ 'ਚ ਲੋੜੀਂਦਾ ਹਿੱਸਾ ਪਾਵੇਗੀ। ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਸਹੀਦਗੰਜ ਸਾਹਿਬ ਲਈ ਵੱਲੋਂ 10 ਲੱਖ ਰੁਪਏ ਦੀ ਸਹਾਇਤਾ ਰਾਸੀ ਦੇਣ ਦਾ ਵੀ ਐਲਾਨ ਕੀਤਾ। ਧਾਮੀ ਨੇ ਕਿਹਾ ਕਿ ਪਿਛਲੇ ਸਾਲ ਵੀ ਸ੍ਰੋਮਣੀ ਕਮੇਟੀ ਨੇ 10 ਲੱਖ ਰੁਪਏ ਦੀ ਸਹਾਇਤਾ ਰਾਸੀ ਦਿੱਤੀ ਸੀ। ਇਸ ਦੌਰਾਨ ਸ. ਮਨਜੀਤ ਸਿੰਘ ਜੀਕੇ ਨੇ ਪੀੜਤਾਂ ਨੂੰ 1984 ਦਾ ਇਨਸਾਫ, ਮੁੜ ਵਸੇਬਾ ਤੇ ਹੋਰ ਸਮਾਜਿਕ ਸਹੂਲਤਾਂ ਉਪਲਬੱਧ ਕਰਵਾਉਣ ਬਾਰੇ ਸਰਕਾਰੀ




ਤੰਤਰ ਦੇ ਰਵੱਈਏ 'ਤੇ ਨਰਾਜਗੀ ਜਾਹਿਰ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ 1984 ਸਿੱਖ ਕਤਲੇਆਮ ਲਈ ਸਿੱਖ ਕੌਮ ਤੋਂ ਮੁਆਫੀ ਮੰਗਣ ਦੀ ਤਜਵੀਜ ਵੀ ਦਿੱਤੀ। ਜੀਕੇ ਨੇ ਕਿਹਾ ਕਿ ਜੇਕਰ ਪੜਚੋਲ ਕਰੀਏ ਤਾਂ ਸਾਡੇ ਨਾਲ ਸੁਪਰੀਮ ਕੋਰਟ ਵੀ ਖੜ੍ਹਾ ਨਹੀਂ ਹੋਇਆ, ਜਦਕਿ 2002 ਦੇ ਗੁਜਰਾਤ ਦੰਗਿਆਂ ਦੇ ਸਮੇਂ ਸੁਪਰੀਮ ਕੋਰਟ ਨੇ ਖੁਦ ਨੋਟਿਸ ਲੈਂਦੇ ਹੋਏ ਦੋਸੀਆਂ ਨੂੰ ਸਜਾਵਾਂ ਦਿਵਾਉਣ ਦਾ ਰਾਹ ਪੱਧਰਾ ਕੀਤਾ ਸੀ। ਉਨ੍ਹਾਂ ਕਿਹਾ ਕਿ ਨਿਰਦੋਸ ਸਿੱਖਾਂ ਨਾਲ ਹੋਏ ਗੈਰ ਮਨੁੱਖੀ ਵਰਤਾਰੇ ਦੇ ਖਿਲਾਫ ਭਾਰਤੀ ਨਿਆਂਪਾਲਿਕਾ ਦਾ ਚੁੱਪ ਰਹਿਣਾ ਵੀ ਫਿਰਕੂਕਰਨ ਸੀ, ਜੋ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਹੋਇਆ। ਇਸ ਮੌਕੇ ਸ੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵਡ, ਦਿੱਲੀ ਕਮੇਟੀ ਮੈਂਬਰ ਸ. ਸਤਨਾਮ ਸਿੰਘ ਖੀਵਾ, ਸ.ਮਹਿੰਦਰ ਸਿੰਘ, ਅਕਾਲੀ ਆਗੂ ਡਾਕਟਰ ਪਰਮਿੰਦਰ ਪਾਲ ਸਿੰਘ, ਸ. ਪਰਮਜੀਤ ਸਿੰਘ ਮੱਕੜ, ਸ. ਗੁਨਜੀਤ ਸਿੰਘ ਬਖਸੀ, ਸ. ਸੁਖਮਨ ਸਿੰਘ, ਸ. ਰਵਿੰਦਰ ਸਿੰਘ ਤੇ ਸ. ਮਨਜੀਤ ਸਿੰਘ ਸਮੇਤ ਹੋਰ ਮੌਜੂਦ ਸਨ।

## ਅਮਰੀਕੀ ਪਾਬੰਦੀਆਂ 'ਤੇ ਬੋਲਿਆ ਵਿਦੇਸ਼ ਮੰਤਰਾਲਾ ਭਾਰਤੀ ਕੰਪਨੀਆਂ ਨਹੀਂ ਕਰ ਰਹੀਆਂ ਕਾਨੂੰਨ ਦੀ ਉਲੰਘਣਾ

ਨਵੀਂ ਦਿੱਲੀ 3 ਨਵੰਬਰ। ਭਾਰਤ ਨੇ ਅਮਰੀਕਾ ਵੱਲੋਂ ਭਾਰਤ ਦੀਆਂ 19 ਕੰਪਨੀਆਂ 'ਤੇ ਰੂਸ ਨੂੰ ਪਾਬੰਦੀਸ਼ੁਦਾ ਸਮੱਗਰੀ ਨਿਰਯਾਤ ਕਰਨ ਦੇ ਦੋਸ਼ ਵਿਚ ਪਾਬੰਦੀ ਲਗਾਏ ਜਾਣ 'ਤੇ ਅੱਜ ਸਪਸ਼ਟ ਕੀਤਾ ਕਿ ਭਾਰਤੀ ਕੰਪਨੀਆਂ ਨੇ ਕਿਸੇ ਕਾਨੂੰਨ ਦੀ ਉਲੰਘਣਾਂ ਨਹੀਂ ਕੀਤੀ ਹੈ ਅਤੇ ਭਾਰਤੀ ਅਧਿਕਾਰੀ ਇਸ ਮੁੱਦੇ 'ਤੇ ਅਮਰੀਕੀ ਅਧਿਕਾਰੀਆਂ ਨਾਲ ਗੱਲ ਕਰ ਰਹੇ ਹਨ। ਵਿਦੇਸ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਹਫਤਾਵਾਰੀ ਪ੍ਰੈਸ ਕਾਨਫਰੰਸ ਦੌਰਾਨ ਭਾਰਤੀ ਕੰਪਨੀਆਂ 'ਤੇ ਅਮਰੀਕੀ ਪਾਬੰਦੀਆਂ ਦੇ ਬਾਰੇ ਵਿਚ ਪੁੱਛੇ ਜਾਣ 'ਤੇ ਕਿਹਾ, 'ਅਸੀਂ ਅਮਰੀਕੀ ਪਾਬੰਦੀਆਂ ਨੂੰ ਲੈ ਕੇ ਰਿਪੋਰਟ ਦੇਖੀ ਹੈ। ਭਾਰਤ ਕੋਲ ਰਣਨੀਤਕ ਵਪਾਰ ਅਤੇ ਗੈਰ-ਪ੍ਰਸਾਰ ਨਿਯੰਤਰਣ 'ਤੇ ਇੱਕ "ਮਜਬੂਤ ਕਾਨੂੰਨੀ ਅਤੇ ਰੈਗੂਲੇਟਰੀ ਢਾਂਚਾ" ਹੈ। ਅਸੀਂ ਤਿੰਨ ਪ੍ਰਮੁੱਖ ਬਹੁਪੱਖੀ ਗੈਰ-ਪ੍ਰਸਾਰ ਨਿਰਯਾਤ ਨਿਯੰਤਰਣ ਪ੍ਰਣਾਲੀਆਂ-ਵਾਸੇਨਾਰ ਵਿਵਸਥਾ, ਆਸਟ੍ਰੇਲੀਆ ਸਮੂਹ ਅਤੇ ਮਿਜਾਈਲ ਤਕਨਾਲੋਜੀ ਕੰਟਰੋਲ ਪ੍ਰਣਾਲੀ ਦੇ ਵੀ ਮੈਂਬਰ ਵੀ ਹਾਂ। ਅਸੀਂ ਗੈਰ-ਪ੍ਰਸਾਰ 'ਤੇ ਸੰਯੁਕਤ ਰਾਸਟਰ ਸੁਰੱਖਿਆ ਪ੍ਰੀਸਦ ਦੀਆਂ ਪਾਬੰਦੀਆਂ ਅਤੇ ਸੰਯੁਕਤ ਰਾਸਟਰ ਸੁਰੱਖਿਆ ਪਰਿਸਦ ਦੇ ਪ੍ਰਸਤਾਵ ਸੰਖਿਆ 1540 ਨੂੰ ਵੀ ਪ੍ਰਭਾਵਸਾਲੀ ਢੰਗ ਨਾਲ ਲਾਗੂ ਕਰ ਰਹੇ ਹਾਂ।" ਜਾਇਵਾਲ ਨੇ ਕਿਹਾ, "ਸਾਡੀ ਸਮਝ ਇਹ ਹੈ ਕਿ ਪ੍ਰਵਾਨਿਤ ਲੈਣ-ਦੇਣ ਅਤੇ ਕੰਪਨੀਆਂ ਭਾਰਤੀ ਕਾਨੂੰਨਾਂ ਦੀ ਉਲੰਘਣਾ ਨਹੀਂ ਕਰ ਰਹੀਆਂ ਹਨ। ਫਿਰ ਵੀ, ਭਾਰਤ ਦੇ ਸਥਾਪਿਤ ਗੈਰ-ਪ੍ਰਸਾਰ ਪ੍ਰਮਾਣ ਪੱਤਰ ਨੂੰ ਧਿਆਨ ਵਿਚ ਰੱਖਦੇ ਹੋਏ, ਅਸੀਂ ਲਾਗੂ ਨਿਰਯਾਤ ਨਿਯੰਤਰਣ ਪ੍ਰਬੰਧਾਂ 'ਤੇ ਭਾਰਤੀ ਕੰਪਨੀਆਂ ਨੂੰ ਸੰਵੇਦਨਸੀਲ ਬਣਾਉਣ ਲਈ ਸਾਰੇ ਸਬੰਧਤ ਭਾਰਤੀ ਵਿਭਾਗਾਂ ਅਤੇ



ਏਜੰਸੀਆਂ ਨਾਲ ਕੰਮ ਕਰ ਰਹੇ ਹਾਂ। ਇਸ ਦੇ ਨਾਲ, ਅਸੀਂ ਉਨ੍ਹਾਂ ਨੂੰ ਲਾਗੂ ਕੀਤੇ ਜਾ ਰਹੇ ਨਵੇਂ ਉਪਾਵਾਂ ਬਾਰੇ ਵੀ ਜਾਣਕਾਰੀ ਦੇ ਰਹੇ ਹਾਂ ਜੋ ਕੁਝ ਖਾਸ ਹਾਲਾਤਾਂ ਵਿੱਚ ਭਾਰਤੀ ਕੰਪਨੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਦੱਸ ਦੇਈਏ ਕਿ ਅਮਰੀਕਾ ਨੇ 30 ਅਕਤੂਬਰ ਨੂੰ ਯੂਕ੍ਰੇਨ ਵਿਚ ਰੂਸ ਦੇ ਯੁੱਧ ਯਤਨਾਂ ਵਿਚ ਮਦਦ ਕਰਨ ਦੇ ਦੋਸ਼ ਵਿਚ 19 ਭਾਰਤੀ ਕੰਪਨੀਆਂ ਅਤੇ 2 ਭਾਰਤੀ ਨਾਗਰਿਕਾਂ ਸਮੇਤ ਲਗਭਗ 400 ਕੰਪਨੀਆਂ ਅਤੇ ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਹਨ।

## ਕਣਕ ਦੇ ਗੋਦਾਮਾਂ 'ਚ ਘਪਲਾ ਕਰਨ ਵਾਲੇ ਕਰਮਚਾਰੀਆਂ ਦਾ ਪਰਦਾਫਾਸ਼, ਇੰਸਪੈਕਟਰ ਸਣੇ 4 ਖਿਲਾਫ ਮਾਮਲਾ ਦਰਜ

ਅਹਿਮਦਗੜ੍ਹ 3 ਨਵੰਬਰ। ਸਰਕਾਰੀ ਗੋਦਾਮਾਂ ਵਿਚ ਰੱਖੀ ਗਈ ਕਣਕ 'ਤੇ ਪਾਣੀ ਛਿੜਕ ਕੇ ਵਜਨ ਵਧਾ ਕੇ ਰੇਲਵੇ ਅਧਿਕਾਰੀਆਂ, ਖਰੀਦ ਏਜੰਸੀਆਂ ਅਤੇ ਆਮ ਲੋਕਾਂ ਨਾਲ ਠੱਗੀ ਮਾਰਨ ਦੇ ਦੋਸ਼ ਵਿਚ ਪਨਸਪ ਦੇ ਸਥਾਨਕ ਦਫਤਰ ਦੇ ਇਕ ਇੰਸਪੈਕਟਰ ਅਤੇ ਚੌਕੀਦਾਰ ਸਮੇਤ 4



ਵਿਅਕਤੀਆਂ ਵਿਰੁੱਧ ਸਥਾਨਕ ਪੁਲਸ ਵਲੋਂ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜਮਾਂ ਦੀ ਪਛਾਣ ਇੰਸ. ਗੁਰਸ਼ਰਨਦੀਪ ਸਿੰਘ ਵਾਸੀ ਸੰਗਾਲੀ, ਚੌਕੀਦਾਰ ਵਰਿੰਦਰ ਸਿੰਘ ਵਾਸੀ ਦੁਲਮਾਂ ਪਿੰਡ, ਸ਼ਤਰੂਘਣ ਤੇ ਸੰਜੀਵ ਕੁਮਾਰ (ਦੋਵੇਂ ਵਾਸੀ ਧੂਰੀ) ਵਜੋਂ ਹੋਈ ਹੈ। ਵਰਿੰਦਰ ਸਿੰਘ ਤੇ ਸ਼ਤਰੂਘਣ ਕੋਲੋਂ ਗਿੱਲੀ ਕੀਤੀ ਕਣਕ ਦੀਆਂ ਤਿੰਨ ਬੋਰੀਆਂ, ਪਾਣੀ ਛਿੜਕਣ ਲਈ ਵਰਤੀ ਪਾਈਪ ਅਤੇ ਇੰਸ. ਗੁਰਸ਼ਰਨਦੀਪ ਸਿੰਘ ਦੀ ਗੱਡੀ ਬਰਾਮਦ ਕੀਤੀ ਗਈ ਹੈ। ਥਾਣੇਦਾਰ ਕੁਲਵਿੰਦਰ ਸਿੰਘ ਵਲੋਂ ਕੀਤੀ ਗਈ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੁਲਜਮਾਂ ਵਲੋਂ ਪਨਸਪ ਦੇ ਗੋਦਾਮਾਂ ਵਿਚੋਂ ਦੂਰ-ਦਰਾਢੇ ਕਣਕ ਢੋਣ ਲਈ ਸਪੈਸ਼ਲ ਮਾਲ ਗੱਡੀ ਲੱਗਣ ਤੋਂ ਇਕ ਦਿਨ ਪਹਿਲਾਂ ਪਾਣੀ ਛਿੜਕ ਕੇ ਕਣਕ ਦਾ ਵਜਨ ਵਧਾਇਆ ਜਾਂਦਾ ਸੀ।

# ਕਸਟਮ ਅਧਿਕਾਰੀਆਂ ਦੀ ਵੱਡੀ ਕਾਰਵਾਈ, ਪ੍ਰਾਈਵੇਟ ਪਾਰਟ 'ਚੋਂ ਕੱਢਿਆ ਇਕ ਕਿਲੋ ਸੋਨਾ

ਨੈਸਨਲ ਡੈਸਕ 3 ਨਵੰਬਰ। ਜੈਪੁਰ ਏਅਰਪੋਰਟ 'ਤੇ ਸੋਨੇ ਦੀ ਤਸਕਰੀ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇੱਕ ਵਿਅਕਤੀ ਨੇ ਆਪਣੇ ਗੁਪਤ ਅੰਗ ਵਿੱਚ ਇੱਕ ਕਿਲੋ ਤੋਂ ਵੱਧ ਸੋਨਾ ਲੁੱਕਾ ਕੇ ਰੱਖਿਆ ਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ ਉਕਤ ਵਿਅਕਤੀ ਆਬੂ ਧਾਬੀ ਤੋਂ ਆਇਆ ਸੀ, ਜਿਸ ਨੂੰ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਕਾਬੂ ਕਰ ਲਿਆ। ਮਹਿੰਦਰ ਖਾਨ ਨਾਮ ਦਾ ਇਹ ਵਿਅਕਤੀ ਇਤਿਹਾਦ ਏਅਰਵੇਜ ਦੀ ਫਲਾਈਟ ਰਾਹੀਂ ਆਬੂ ਧਾਬੀ ਤੋਂ ਜੈਪੁਰ ਪਹੁੰਚਿਆ ਸੀ। ਦੱਸ ਦੇਈਏ ਕਿ ਕਸਟਮ ਅਧਿਕਾਰੀਆਂ ਨੂੰ ਪਹਿਲਾਂ ਹੀ ਸੂਚਨਾ ਮਿਲੀ ਸੀ ਕਿ ਉਹ ਆਪਣੇ ਪ੍ਰਾਈਵੇਟ ਪਾਰਟਸ ਵਿੱਚ ਛੁਪਾ ਕੇ ਸੋਨਾ ਲਿਆ ਰਿਹਾ ਹੈ। ਉਸ ਨੂੰ ਹਵਾਈ ਅੱਡੇ 'ਤੇ ਰੋਕਿਆ ਗਿਆ ਅਤੇ ਐਕਸ-ਰੇ ਸਕੈਨ ਕੀਤਾ ਗਿਆ, ਜਿਸ ਵਿਚ ਉਸ ਦੇ ਸਰੀਰ ਦੇ ਅੰਦਰ ਸੋਨੇ ਦੇ ਕੈਪਸੂਲ ਦਿਖਾਈ ਦਿੱਤੇ। ਕਸਟਮ ਅਧਿਕਾਰੀਆਂ ਨੇ ਮਹਿੰਦਰ ਨੂੰ ਹਿਰਾਸਤ 'ਚ ਲੈ ਲਿਆ ਅਤੇ ਜੈਪੁਰੀਆ ਹਸਪਤਾਲ ਲੈ ਗਏ। ਉੱਥੇ ਡਾਕਟਰਾਂ ਨੇ ਆਪਰੇਸਨ ਕਰਕੇ ਉਸ ਦੇ ਗੁੱਦੇ 'ਚੋਂ ਸੋਨੇ ਦੇ ਤਿੰਨ ਟੁਕੜੇ ਕੱਢੇ। ਇਨ੍ਹਾਂ ਟੁਕੜਿਆਂ ਦਾ ਭਾਰ ਇੱਕ ਕਿੱਲੋ ਤੋਂ ਵੱਧ ਸੀ ਅਤੇ ਇਨ੍ਹਾਂ ਦੀ ਕੀਮਤ ਕਰੀਬ 90 ਲੱਖ ਰੁਪਏ ਦੱਸੀ ਜਾ ਰਹੀ ਹੈ। ਜਦੋਂ ਕਸਟਮ ਅਧਿਕਾਰੀਆਂ ਨੇ ਮਹਿੰਦਰ ਖਾਨ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਨੇ ਸਥਾਨਕ ਪੈਰਾ-ਮੈਡੀਕਲ ਸਟਾਫ ਦੀ ਮਦਦ ਨਾਲ ਸੋਨਾ ਆਪਣੇ ਪ੍ਰਾਈਵੇਟ ਪਾਰਟ ਵਿਚ ਛੁਪਾ ਲਿਆ ਸੀ। ਮਹਿੰਦਰ ਨੇ ਆਪਣੇ ਸਰੀਰ 'ਚ ਸੋਨੇ ਦੇ ਕੈਪਸੂਲ ਪਾਏ ਹੋਏ ਸਨ ਤਾਂ ਜੋ ਏਅਰਪੋਰਟ 'ਤੇ ਜਾਂਚ ਦੌਰਾਨ ਉਹ ਫੜਿਆ ਨਾ ਜਾਵੇ। ਕਸਟਮ ਅਧਿਕਾਰੀਆਂ ਨੇ ਮਹਿੰਦਰ ਖ਼ਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੀ ਮੁਸਤੈਦੀ ਅਤੇ ਸੁਰੱਖਿਆ ਉਪਾਵਾਂ ਕਾਰਨ ਅਜਿਹੇ ਮਾਮਲਿਆਂ ਨੂੰ ਰੋਕਿਆ ਜਾ ਰਿਹਾ ਹੈ। ਮਹਿੰਦਰ ਫਿਲਹਾਲ ਹਸਪਤਾਲ 'ਚ ਭਰਤੀ ਹੈ ਅਤੇ ਕਸਟਮ ਅਧਿਕਾਰੀ ਇਸ ਸੋਨੇ ਦੀ ਤਸਕਰੀ ਦੇ ਮਾਮਲੇ 'ਚ ਸਾਮਲ ਹੋਰ ਲੋਕਾਂ ਦੀ ਜਾਂਚ ਕਰ ਰਹੇ ਹਨ। ਇਸ ਘਟਨਾ ਨੇ ਸੋਨੇ ਦੀ ਤਸਕਰੀ ਦੇ ਨਵੇਂ ਤਰੀਕਿਆਂ ਦਾ ਪਰਦਾਫਾਸ ਕੀਤਾ ਹੈ ਅਤੇ ਕਸਟਮ ਵਿਭਾਗ ਵੱਲੋਂ ਕਾਰਵਾਈ ਦੀ ਲੋੜ ਨੂੰ ਦਰਸਾਇਆ ਹੈ।




## ਕੁੜੀ ਨੂੰ ਜਬਰਦਸਤੀ ਮੋਟਰਸਾਈਕਲ 'ਤੇ ਬਿਠਾਉਣ ਦੀ ਕੀਤਾ ਕੋਸਿਸ, ਮਨ੍ਹਾ ਕਰਨ 'ਤੇ ਕੀਤਾ ਇਹ ਕਾਰਨਾਮਾ

ਅੰਮ੍ਰਿਤਸਰ 3 ਨਵੰਬਰ। ਘਰ ਜਾ ਰਹੀ ਕੁੜੀ ਨੂੰ ਰਸਤੇ 'ਚ ਰੋਕ ਕੇ ਜਬਰਦਸਤੀ ਮੋਟਰਸਾਈਕਲ 'ਤੇ ਬਿਠਾਉਣ ਦੀ ਕੋਸ਼ਿਸ ਕਰਨ ਅਤੇ ਮਨ੍ਹਾ ਕਰਨ 'ਤੇ ਉਸ 'ਤੇ ਥੱਪੜ ਮਾਰਨ ਦੇ ਮਾਮਲੇ 'ਚ ਥਾਣਾ ਏਅਰਪੋਰਟ ਦੀ ਪੁਲਸ ਨੇ ਗੁਰਦੇਵ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਮਨਦੀਪ ਕੌਰ ਨੇ ਦੱਸਿਆ ਕਿ ਉਹ ਬੈਂਕ ਤੋਂ ਪੈਸੇ ਕਢਵਾਉਣ ਲਈ ਗਈ ਸੀ, ਜਿੱਥੇ ਉਸ ਨੂੰ ਬੈਂਕ ਵਾਲਿਆਂ ਨੇ ਦੱਸਿਆ ਕਿ ਉਸ ਦਾ ਖਾਤਾ ਬੰਦ ਹੋ ਗਿਆ ਹੈ, ਜਿਸ ਨੂੰ ਚਾਲੂ ਕਰਨ ਲਈ ਆਧਾਰ ਕਾਰਡ ਲਿਆਉਣਾ ਪਵੇਗਾ। ਉਹ ਆਪਣੀ ਮਾਸੀ ਦੀ ਕੁੜੀ ਕਮਲ ਨੂੰ ਨਾਲ ਲੈ ਕੇ ਆਧਾਰ ਕਾਰਡ ਦੀ ਫੋਟੋ ਕਾਪੀ ਕਰਵਾਉਣ ਲਈ ਰਾਜਾਸਾਂਸੀ ਗਈ, ਜਿੱਥੇ ਮੁਲਜਮ ਮੋਟਰਸਾਈਕਲ 'ਤੇ ਉੱਥੇ ਆ ਗਿਆ ਅਤੇ ਉਸ ਨੂੰ ਆਪਣੇ ਨਾਲ ਚੱਲਣ ਲਈ ਮਜਬੂਰ ਕਰਨ ਲੱਗਾ। ਉਸ ਵੱਲੋਂ ਮਨ੍ਹਾ ਕਰਨ 'ਤੇ ਉਹ ਫੋਟੋ ਸਟੇਟ ਦੀ ਦੁਕਾਨ ਦੇ ਬਾਹਰ ਖੜ੍ਹਾ ਹੋ ਗਿਆ। ਇਸ ਦੌਰਾਨ ਉਨ੍ਹਾਂ ਦੇ ਪਿੰਡ ਦਾ ਬਲਦੇਵ ਸਿੰਘ ਦੁਕਾਨ ਦੇ ਅੰਦਰ ਆਇਆ, ਜਿਨ੍ਹਾਂ ਨੇ ਉਸ ਨੂੰ ਕਿਹਾ ਕਿ ਉਹ ਪਿੰਡ ਛੱਡ ਆਵੇ, ਜਿਸ 'ਤੇ ਬਲਦੇਵ ਸਿੰਘ ਉਸ ਨੂੰ ਅਤੇ ਉਸਦੀ ਮਾਸੀ ਦੀ ਕੁੜੀ ਨੂੰ ਮੋਟਰਸਾਈਕਲ 'ਤੇ ਬਿਠਾ ਪਿੰਡ ਛੱਡਣ ਲਈ ਚਲਾ ਗਿਆ। ਜਦੋਂ ਉਹ ਉਨ੍ਹਾਂ ਨੂੰ ਸਕੂਲ ਦੇ ਨੇੜੇ ਉਤਾਰ ਕੇ ਵਾਪਸ ਗਿਆ ਤਾਂ ਇੰਨੇ ਚਿਰ ਨੂੰ ਗੁਰਦੇਵ ਸਿੰਘ ਫਿਰ ਮੋਟਰਸਾਈਕਲ 'ਤੇ ਉਨ੍ਹਾਂ ਦਾ ਪਿੱਛਾ ਕਰਦਾ ਹੋਇਆ ਆਇਆ ਅਤੇ ਉਸ ਨੂੰ ਰੋਕ ਕੇ ਜਬਰਦਸਤੀ ਮੋਟਰਸਾਈਕਲ 'ਤੇ ਬਿਠਾਉਣ ਦੀ ਕੋਸ਼ਿਸ ਕਰਨ ਲੱਗਾ। ਉਸ ਵੱਲੋਂ ਮਨ੍ਹਾ ਕਰਨ 'ਤੇ ਮੁਲਜਮ ਨੇ ਗਾਲੀ-ਗਲੋਚ ਕੀਤਾ ਅਤੇ ਉਸਦੇ ਥੱਪੜ ਮਾਰੇ ਤੇ ਫਰਾਰ ਹੋ ਗਿਆ। ਪੁਲਸ ਨੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕਾਰ ਰੋਕ ਫੂਡ ਇੰਸਪੈਕਟਰ 'ਤੇ ਨੌਜਵਾਨਾਂ ਨੇ ਕੀਤਾ ਹਮਲਾ, ਦੁਕਾਨਦਾਰ ਦਾ ਕੀਤਾ ਸੀ ਚਲਾਨ

ਸੰਸਾਰਪੁਰ ਟੈਰਸ 3 ਨਵੰਬਰ। ਦੇਹਰਾ ਥਾਣੇ ਦੀ ਸੰਸਾਰਪੁਰ ਟੈਰਸ ਚੌਕੀ ਅਧੀਨ ਪੈਂਦੇ ਡੇਹਰਾ ਸਬ-ਡਵੀਜਨ ਅਧੀਨ ਪੈਂਦੇ ਪ੍ਰਾਗਪੁਰ ਦੇ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਇੰਸਪੈਕਟਰ ਲਵਨੀਤ ਡੋਗਰਾ 'ਤੇ ਸਨੀਵਾਰ ਸਾਮ ਨੂੰ ਪਾਬੰਦੀਸੁਦਾ ਪਲਾਸਟਿਕ ਵਸਤੂਆਂ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਲਈ ਹਮਲਾ ਕੀਤਾ ਗਿਆ। ਲਵਨੀਤ ਡੋਗਰਾ ਅਨੁਸਾਰ ਇਹ ਘਟਨਾ ਸੰਸਾਰਪੁਰ ਟੈਰੇਸ ਦੇ ਰਿਦੀ ਕੁਥੇੜਾ ਵਿੱਚ ਵਾਪਰੀ, ਜਿੱਥੇ ਉਹ ਦੀਵਾਲੀ ਮੌਕੇ ਦੁਕਾਨਾਂ ਦੀ ਚੈਕਿੰਗ ਕਰਨ ਗਿਆ ਸੀ। ਉਨ੍ਹਾਂ ਦੱਸਿਆ ਕਿ ਬੀਤੀ ਸਾਮ ਸੰਸਾਰਪੁਰ ਟੈਰੇਸ ਸਥਿਤ ਇੱਕ ਮਠਿਆਈ ਦੀ ਦੁਕਾਨ 'ਤੇ ਪਾਬੰਦੀਸੁਦਾ ਪੋਲੀਥੀਨ ਅਤੇ ਪਲਾਸਟਿਕ ਦੇ ਗਲਾਸ ਮਿਲਣ 'ਤੇ ਉਹ ਚਲਾਨ ਕੱਟਣ ਗਿਆ ਸੀ। ਇਸ ਦੌਰਾਨ ਦੁਕਾਨਦਾਰ ਨੇ ਚਲਾਨ ਭਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਥੋਂ ਚਲਾ ਗਿਆ। ਲਵਨੀਤ ਡੋਗਰਾ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਨੌਜਵਾਨਾਂ ਨੇ ਉਸ ਦੀ ਕਾਰ ਦਾ ਪਿੱਛਾ ਕੀਤਾ ਅਤੇ ਕਰਤਾਰ ਫਿਲਿੰਗ ਸਟੇਸਨ ਨੇੜੇ ਉਸ ਦੀ ਕਾਰ ਰੋਕ





ਕੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਕੁੱਟਮਾਰ ਦੌਰਾਨ ਉਹਨਾਂ ਨੇ ਉਸ ਦੇ ਕੱਪੜੇ ਪਾੜ ਦਿੱਤੇ ਅਤੇ ਉਸ ਦਾ ਫੋਨ ਖੋਹ ਲਿਆ ਅਤੇ ਚਲਾਨ ਦੀਆਂ ਤਸਵੀਰਾਂ ਹਟਾ ਦਿੱਤੀਆਂ। ਉਹਨਾਂ ਦੱਸਿਆ ਕਿ ਇਸ ਦੌਰਾਨ ਉਸ ਦੀ ਸੱਜੀ ਬਾਂਹ ਅਤੇ ਸਿਰ 'ਤੇ ਸੱਟਾਂ ਲੱਗੀਆਂ। ਫਿਲਹਾਲ ਥਾਣਾ ਡੇਹਰਾ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਚੌਕੀ ਸੰਸਾਰਪੁਰ ਟੈਰਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਡੀਐੱਸਪੀ ਡੇਹਰਾ ਅਨਿਲ ਠਾਕੁਰ ਨੇ ਵੀ ਘਟਨਾ ਦੀ ਪੁਸਟੀ ਕੀਤੀ ਹੈ। ਪੁਲਸ ਨੇ ਉਕਤ ਨੌਜਵਾਨ ਖ਼ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

## ਪੁਲਸ ਲਾਈਨ 'ਚ ਜਬਤ ਕੀਤੀਆਂ ਗੱਡੀਆਂ 'ਚ ਲੱਗੀ ਅੱਗ

ਲੁਧਿਆਣਾ 3 ਨਵੰਬਰ। ਦੀਵਾਲੀ ਦੀ ਸ਼ਾਮ ਜਿੱਥੇ ਹਰ ਪਾਸੇ ਖੁਸ਼ੀਆਂ 'ਚ ਲੋਕ ਪਟਾਕੇ ਵਜਾ ਰਹੇ ਹਨ, ਉੱਥੇ ਹੀ ਲੁਧਿਆਣਾ ਦੀ ਪੁਲਸ ਲਾਈਨ 'ਚ ਪੁਲਸ ਵੱਲੋਂ ਜਬਤ ਕੀਤੀਆਂ ਗਈਆਂ ਗੱਡੀਆਂ ਨੂੰ ਅੱਗ ਲੱਗਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਹਾਲਾਂਕਿ ਇਸ ਅੱਗ 'ਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ। ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪੁੱਜੀਆਂ ਤੇ ਅੱਗ 'ਤੇ ਕਾਬੂ ਪਾਇਆ। ਜਾਣਕਾਰੀ ਅਨੁਸਾਰ 8 ਤੋਂ 10 ਗੱਡੀਆਂ ਇਸ ਅੱਗ ਦੀ ਚਪੇਟ 'ਚ ਆ ਕੇ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ।

### ਹਰਾ ਚਾਰਾ ਲੈਣ ਟਾਲ 'ਤੇ ਆਏ ਨੌਜਵਾਨ ਨੇ ਗੱਲੇ 'ਚ ਪਈ ਨਕਦੀ 'ਤੇ ਕਰ'ਤਾ ਹੱਥ ਸਾਫ

ਬੁਢਲਾਡਾ 3 ਨਵੰਬਰ। ਸਥਾਨਕ ਸ਼ਹਿਰ ਦੀ ਸੰਘਣੀ ਆਬਾਦੀ ਵਿੱਚ ਗਊਸ਼ਾਲਾ ਰੋਡ 'ਤੇ ਹਰੇ ਟਾਲ ਵਾਲੇ ਦੀ ਦੁਕਾਨ 'ਤੇ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਦਿਨ-ਦਿਹਾੜੇ ਗੱਲਾ ਲੁੱਟ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਗਊਸ਼ਾਲਾ ਰੋਡ 'ਤੇ ਹਰੇ ਦੀ ਟਾਲ ਦੇ ਮਾਲਕ ਮੱਖਣ ਸ਼ਰਮਾ ਨੇ ਦੱਸਿਆ ਕਿ ਟਾਲ 'ਤੇ ਹਰਾ ਲੈਣ ਆਏ ਦੋ ਨੌਜਵਾਨਾਂ ਨੂੰ ਜਦੋਂ ਉਹ ਚਾਰਾ ਦੇਣ ਲੱਗਾ ਤਾਂ ਦੂਜੇ ਨੌਜਵਾਨ ਨੇ ਦੁਕਾਨ ਵਿੱਚ ਦਾਖਲ ਹੋ ਕੇ ਗੱਲੇ ਵਿੱਚ ਪਏ ਨਕਦੀ ਚੁੱਕ ਕੇ ਜੇਬ ਵਿੱਚ ਪਾ ਲਈ। ਇਸ ਘਟਨਾ ਮਗਰੋਂ ਉਹ ਫਰਾਰ ਹੋ ਗਿਆ, ਜਿਸ ਤੋਂ ਬਾਅਦ ਤੁਰੰਤ ਹਰਕਤ ਵਿੱਚ ਆਉਂਦਿਆਂ ਉਸ ਨੇ ਪੁਲਸ ਨੂੰ ਸੂਚਿਤ ਕਰ ਦਿੱਤਾ। ਇਹ ਘਟਨਾ ਦੁਕਾਨ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ

# ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦਾ ਗੁੱਥੀ, ਪਹਿਲਾਂ ਮੰਨਿਆ ਜਾ ਰਿਹਾ ਸੀ ਹਾਦਸਾ, ਫਿਰ ਦੋਸਤ ਨੇ ਕਬੂਲਿਆ 'ਗੁਨਾਹ'

ਪਾਇਲ 3 ਨਵੰਬਰ। ਪਾਇਲ ਸਬ ਡਿਵੀਜਨ ਦੀ ਪੁਲਸ ਚੌਕੀ ਸਿਆੜ ਅਧੀਨ ਲੰਘਦੀ ਸਰਹਿੰਦ ਨਹਿਰ ਦੇ ਝਮਟ ਪੁਲ ਤੋਂ ਦੋ ਨੌਜਵਾਨਾਂ ਦਾ ਕਤਲ ਕਰ ਕੇ ਨਹਿਰ 'ਚ ਸੁੱਟੇ ਜਾਣ ਦਾ ਮਾਮਲਾ ਪਾਇਲ ਪੁਲਸ ਵੱਲੋਂ ਹੱਲ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਨੇ ਇਸ ਮਾਮਲੇ ਵਿੱਚ ਬਲਰਾਜ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਭੁੱਟਾ ਥਾਣ ਡੇਹਲੋਂ ਜ਼ਿਲ੍ਹਾ ਲੁਧਿਆਣਾ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਬਲਰਾਜ ਸਿੰਘ ਆਪਣੇ ਦੋਸਤਾਂ ਨਰਿੰਦਰ ਸਿੰਘ ਅਤੇ ਜਗਜੀਤ ਸਿੰਘ ਦੇ ਨਾਲ ਮੋਟਰ ਸਾਇਕਲ 'ਤੇ ਸਵਾਰ ਹੋ ਕੇ ਝਮਟ ਪੁਲ ਕੋਲ ਪਹੁੰਚਿਆ। ਇਸ ਦੌਰਾਨ ਉਨ੍ਹਾਂ ਦਾ ਮੋਟਰਸਾਇਕਲ ਨਹਿਰ ਦੇ ਪੁਲ ਨਾਲ ਟਕਰਾਉਣ ਉਪਰੰਤ ਉਹ ਸਰਹਿੰਦ ਨਹਿਰ ਵਿੱਚ ਜਾ ਡਿੱਗੇ। ਬਾਅਦ ਵਿੱਚ ਬਲਰਾਜ ਬਾਹਰ ਨਿਕਲ ਆ ਗਿਆ, ਜਦਕਿ ਉਸ ਦੇ ਦੋਵੇਂ ਦੋਸਤ ਨਹਿਰ ਦੇ ਪਾਣੀ ਦੇ ਵਹਾਅ ਵਿੱਚ ਰੁੜ ਗਏ ਸੀ। ਬਲਰਾਜ ਨੇ ਇਹ ਦਾਅਵਾ ਕੀਤਾ ਕਿ ਇਹ ਇੱਕ ਹਾਦਸਾ ਸੀ, ਪਰ ਪੁਲਸ ਦੀ ਜਾਂਚ ਦੇ ਦੌਰਾਨ ਬਲਰਾਜ ਨੇ ਆਪਣੇ ਦੋਸਤਾਂ ਦੇ ਕਤਲ ਦਾ ਗੁਨਾਹ ਕਬੂਲ ਕਰ ਲਿਆ। ਇਸ ਗਮਗਿਨ ਘਟਨਾ ਦੇ ਮੱਦੇਨਜਰ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੂੰ ਰਤਾ ਵੀ ਸ਼ੱਕ ਨਹੀਂ ਹੋਇਆ ਕਿ ਉਨ੍ਹਾਂ ਦੇ ਪੁੱਤਰਾਂ ਦਾ ਕਾਤਲ ਉਨ੍ਹਾਂ ਦਾ ਜਿਗਰੀ ਦੋਸਤ ਬਲਰਾਜ ਹੀ ਹੋਵੇਗਾ, ਕਿਉਂਕਿ ਇੱਕੋਂ ਪਿੰਡ ਦੇ ਹੋਣ ਕਰਕੇ ਤਿੰਨਾਂ ਵਿਚ ਕਾਫੀ ਸਾਲਾਂ ਤੋਂ ਗਹਿਰੀ ਦੋਸਤੀ ਸੀ ਅਤੇ ਤਿੰਨੋਂ ਜ਼ਿਆਦਾਤਰ ਇਕੱਠੇ ਹੀ ਰਹਿੰਦੇ ਸਨ। ਪਾਇਲ ਸਬ ਡਿਵੀਜਨ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਜਾਰੀ ਹੈ, ਪਰੰਤੂ ਕਿਸੇ ਵੀ ਅਧਿਕਾਰੀ ਨੇ ਇਸ ਮਾਮਲੇ ਦੀ ਅਜੇ ਪੁਸ਼ਟੀ ਨਹੀਂ ਕੀਤੀ ਹੈ।




## ਜਿਊਲਰ ਦੀ ਦੁਕਾਨ 'ਤੇ ਸੋਨੇ ਦੀਆਂ ਮੁੰਦਰੀਆਂ ਚੋਰੀ ਕਰਨ 'ਤੇ 2 ਨਾਮਜਦ

ਗੁਰਦਾਸਪੁਰ 3 ਨਵੰਬਰ। ਜਿਊਲਰ ਦੀ ਦੁਕਾਨ ਤੋਂ ਸੋਨੇ ਦੀਆਂ ਮੁੰਦਰੀਆਂ ਚੋਰੀ ਕਰਨ ਦੇ ਦੋਸ਼ਾਂ ਹੇਠ ਥਾਣਾ ਸਿਟੀ ਗੁਰਦਾਸਪੁਰ ਦੀ ਪੁਲਸ ਨੇ ਇਕ ਔਰਤ ਸਮੇਤ 2 ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਅਸ਼ਵਨੀ ਕੁਮਾਰ ਪੁੱਤਰ ਜਨਕ ਰਾਜ ਵਾਸੀ ਰਾਮ ਸ਼ਰਨ ਕਲੋਨੀ ਗੁਰਦਾਸਪੁਰ ਨੇ ਦੱਸਿਆ ਕਿ ਉਹ ਮੇਨ ਬਾਜਾਰ ਗੁਰਦਾਸਪੁਰ ਵਿਖੇ ਜਿਊਲਰ ਦੀ ਦੁਕਾਨ ਕਰਦਾ ਹੈ। 23 ਅਕਤੂਬਰ 2024 ਨੂੰ ਉਹ ਆਪਣੀ ਦੁਕਾਨ 'ਤੇ ਬੈਠਾ ਸੀ ਕਿ ਦੁਪਹਿਰ ਕਰੀਬ 1 ਵਜੇ ਇਕ ਅਣਪਛਾਤਾ ਵਿਅਕਤੀ ਅਤੇ ਇਸ ਦੇ ਨਾਲ ਔਰਤ ਉਸ ਦੀ ਦੁਕਾਨ




'ਤੇ ਆਏ ਜਿਨ੍ਹਾਂ ਨੇ ਇਕ ਲੇਡੀਜ ਮੁੰਦਰੀ ਦਿਖਾਉਣ ਲਈ ਕਿਹਾ। ਇਸ 'ਤੇ ਸ਼ਿਕਾਇਤ ਕਰਤਾ ਨੇ ਸੋਨੇ ਦੀਆਂ ਮੁੰਦਰੀਆਂ ਵਾਲੇ ਡੱਬੇ ਕਾਊਂਟਰ 'ਤੇ ਰੱਖ ਦਿੱਤੇ ਜਿਨ੍ਹਾਂ ਨੇ ਇਕ ਮੁੰਦਰੀ ਪਸੰਦ ਕਰਕੇ ਬਿੱਲ ਬਣਾਉਣ ਲਈ ਕਿਹਾ। ਜਦੋ ਮੁਦਈ ਬਿੱਲ ਬਣਾਉਣ ਵਿੱਚ ਮਸ਼ਰੂਫ ਹੋਇਆ ਤਾਂ ਔਰਤ ਨੇ 3 ਸੋਨੇ ਦੀਆ ਮੁੰਦਰੀਆਂ ਕੱਢ ਕੇ ਪਿੱਤਲ ਦੀਆਂ ਮੁੰਦਰੀਆ ਡੱਬੇ ਵਿਚ ਪਾ ਦਿੱਤੀਆ ਅਤੇ ਕਹਿਣ ਲੱਗੇ ਕਿ ਅਸੀ ਅੱਗੋਂ ਸਾਮਾਨ ਲੈ ਕੇ ਆਉਂਦੇ ਹਾਂ ਜੋ ਕਾਫੀ ਸਮਾਂ ਬੀਤਣ 'ਤੇ ਵੀ ਵਾਪਸ ਨਹੀਂ ਆਏ। ਬਾਅਦ ਵਿਚ ਸੀ.ਸੀ.ਟੀ.ਵੀ. ਕੈਮਰੇ ਚੈੱਕ ਕਰਨ 'ਤੇ ਪਤਾ ਲੱਗਾ ਕਿ ਉਕਤ ਵਿਅਕਤੀ 3 ਮੁੰਦਰੀਆਂ ਚੋਰੀ ਕਰ ਕੇ ਲੈ ਗਏ ਹਨ।

## ਟਰੱਕ ਦੀ ਫੇਟ ਵੱਜਣ ਨਾਲ ਸਕੂਟਰੀ ਚਾਲਕ ਦੀ ਮੌਤ

ਬਟਾਲਾ 3 ਨਵੰਬਰ। ਬੀਤੀ ਸਵੇਰੇ ਇਕ ਤੇਜ਼ ਰਫਤਾਰ ਟਰੱਕ ਦੀ ਫੇਟ ਵੱਜਣ ਨਾਲ ਸਕੂਟਰੀ ਚਾਲਕ ਦੀ ਮੌਤ ਹੋਣ ਦਾ ਅੱਤ ਦੁਖਦਾਈ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਵਲ ਲਾਈਨ ਦੇ ਐੱਸ.ਆਈ. ਅਵਤਾਰ ਸਿੰਘ ਨੇ ਦੱਸਿਆ ਕਿ ਗੁਰਬਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਥਰੀਏਵਾਲ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਮੱਥਾ ਟੇਕਣ ਲਈ ਜਾ ਰਿਹਾ ਸੀ। ਜਦੋਂ ਇਹ ਸਥਾਨਕ ਗੁਰਦਾਸਪੁਰ ਜੀ.ਟੀ. ਰੋਡ ਸਥਿਤ ਕੰਡਿਆਲ ਬਾਈਪਾਸ 'ਤੇ ਚੜ੍ਹਿਆ ਤਾਂ



ਇਸੇ ਦੌਰਾਨ ਆਏ ਇਕ ਤੇਜ਼ ਰਫਤਾਰ ਇੱਟਾਂ ਨਾਲ ਭਰੇ ਟਰੱਕ ਨੇ ਇਸ ਨੂੰ ਫੇਟ ਮਾਰ ਦਿੱਤੀ, ਜਿਸ ਦੇ ਸਿੱਟੇ ਵਜੋਂ ਸਕੂਟਰੀ ਚਾਲਕ ਦੀ ਮੌਤ ਹੋ ਗਈ, ਉਥੇ ਟਰੱਕ ਬੇਕਾਬੂ ਹੁੰਦਾ ਹੋਇਆ ਪਲਟ ਗਿਆ। ਐੱਸ.ਆਈ. ਅਵਤਾਰ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਦੀ ਸੂਚਨਾ ਮਿਲਣ ਦੇ ਤੁਰੰਤ ਬਾਅਦ ਉਹ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਮ੍ਰਿਤਕ ਗੁਰਬਿੰਦਰ ਸਿੰਘ ਦੀ ਲਾਸ਼ ਨੂੰ ਕਬਜ਼ੇ ਵਿਚ ਲੈਣ ਉਪਰੰਤ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ ਹੈ, ਜਦਕਿ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਤੇ ਪੁਲਸ ਮੁਲਾਜ਼ਮਾਂ ਵਲੋਂ ਟਰੱਕ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ। ਉਕਤ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ। ਖਬਰ ਲਿਖੇ ਜਾਣ ਤੱਕ ਪੁਲਸ ਕਾਰਵਾਈ ਜਾਰੀ ਸੀ।

# ਅੰਗਰੇਜਣਾਂ ਨੂੰ ਮਾਤ ਦੇ ਗਈ ਜਲੰਧਰ ਦੀ ਮੁਟਿਆਰ, ਐਵਾਰਡ ਜਿੱਤ ਪਵਾ 'ਤੇ ਭੰਗੜੇ

ਜਲੰਧਰ 3 ਨਵੰਬਰ। ਪੰਜਾਬ ਦੀ ਰੇਚਲ ਗੁਪਤਾ ਨੇ ਸੁੰਦਰਤਾ ਮੁਕਾਬਲੇ 'ਚ ਭਾਰਤ ਲਈ ਇਤਿਹਾਸ ਰਚ ਦਿੱਤਾ ਹੈ। ਵਿਦੇਸ 'ਚ ਮਿਸ ਗ੍ਰੈਂਡ ਇੰਟਰਨੈਸਨਲ ਦਾ ਖਿਤਾਬ ਜਿੱਤ ਕੇ ਰੇਚਲ ਨੇ ਦੇਸ ਦਾ ਨਾਂ ਦੁਨੀਆ ਭਰ 'ਚ ਮਸਹੂਰ ਕੀਤਾ ਹੈ। ਰੇਚਲ ਨੇ ਫਾਈਨਲ 'ਚ ਫਿਲੀਪੀਨਜ ਦੀ ਬਿਊਟੀ ਕੁਈਨ ਨੂੰ ਹਰਾਇਆ। ਪੰਜਾਬ ਦੇ ਜਲੰਧਰ ਦੀ ਰਹਿਣ ਵਾਲੀ ਰੇਚਲ ਨੇ ਬੈਂਕਾਕ 'ਚ ਹੋਏ ਇਸ ਮੁਕਾਬਲੇ 'ਚ ਮਿਸ ਗ੍ਰੈਂਡ ਇੰਟਰਨੈਸਨਲ ਦਾ ਖਿਤਾਬ ਜਿੱਤ ਕੇ ਦੇਸ ਅਤੇ ਆਪਣੇ ਸੂਬੇ ਦਾ ਨਾਂ ਰੌਸਨ ਕੀਤਾ ਹੈ। ਇਸ ਮੁਕਾਬਲੇ ਦਾ ਫਾਈਨਲ ਬੀਤੇ ਸੁੱਕਰਵਾਰ ਨੂੰ ਹੋਇਆ। ਦੱਸ ਦੇਈਏ ਕਿ ਰੇਚਲ ਗੁਪਤਾ ਮਿਸ ਗ੍ਰੈਂਡ ਇੰਟਰਨੈਸਨਲ ਦਾ ਤਾਜ ਜਿੱਤਣ ਵਾਲੀ ਪਹਿਲੀ ਭਾਰਤੀ ਅਤੇ ਤੀਜੀ ਏਸ਼ਿਆਈ ਸੁੰਦਰੀ ਬਣ ਗਈ ਹੈ। ਇਸ ਮੁਕਾਬਲੇ 'ਚ ਰੇਚਲ ਨੇ ਫਿਲੀਪੀਨਜ ਦੀ ਕ੍ਰਿਸਟੀਨ ਜੂਲੀਅਨ ਓਪੀਜਾ ਨੂੰ ਹਰਾਇਆ ਹੈ। ਇਸ ਦੇ ਨਾਲ ਹੀ ਮੁਕਾਬਲੇ 'ਚ ਮਿਆਂਮਾਰ ਦੀ ਥਾਈ ਸੂ ਨਈਨ, ਫਰਾਂਸ ਦੀ ਸਫੀਤੋ ਕਾਬੇਂਗਲੇ ਅਤੇ ਬ੍ਰਾਜੀਲ ਦੀ ਤਾਲਿਤਾ ਹਾਰਟਮੈਨ (ਤੀਜੇ, ਚੌਥੇ ਅਤੇ ਪੰਜਵੇਂ) ਸਥਾਨ 'ਤੇ ਰਹੀਆਂ। ਟਾਈਟਲ ਹੋਲਡਰ ਪੇਰੂ ਦੀ ਲੂਸੀਆਨਾ ਫੁਸਟਰ ਨੇ ਰੇਚਲ ਗੁਪਤਾ ਨੂੰ ਮਿਸ ਗ੍ਰੈਂਡ ਇੰਟਰਨੈਸਨਲ ਦਾ ਤਾਜ ਪਹਿਨਾਇਆ। ਦੱਸ ਦੇਈਏ ਕਿ ਇਸ ਮੁਕਾਬਲੇ ਤੋਂ ਪਹਿਲਾਂ ਰੇਚਲ ਨੇ ਪੈਰਿਸ 'ਚ ਸੁਪਰ ਟੇਲੈਂਟ ਆਫ ਦਾ ਵਰਲਡ ਐਵਾਰਡ ਜਿੱਤਿਆ ਸੀ। ਇਸ ਮੁਕਾਬਲੇ 'ਚ 60 ਦੇਸਾਂ ਦੀਆਂ 60 ਸੁੰਦਰੀਆਂ ਨੇ ਭਾਗ ਲਿਆ। ਸੁਪਰ ਟੈਲੇਂਟ ਆਫ ਦਿ ਵਰਲਡ ਮੁਕਾਬਲੇ 'ਚ ਰੇਚਲ ਨੇ ਪੋਲੈਂਡ ਦੀ ਵੇਰੋਨਿਕਾ ਨੋਵਾਕ ਨਾਲ ਇਹ ਐਵਾਰਡ ਸਾਂਝਾ ਕੀਤਾ। ਇਸ ਤੋਂ ਪਹਿਲਾਂ ਦਿੱਗਜ ਅਦਾਕਾਰਾ ਜੀਨਤ ਅਮਾਨ ਨੇ ਸਾਲ 1970 'ਚ ਸੁਪਰ ਟੈਲੇਂਟ ਆਫ ਦਾ ਵਰਲਡ ਦਾ ਖਿਤਾਬ ਜਿੱਤਿਆ ਸੀ। ਸਿਰਫ 20 ਸਾਲ ਦੀ ਰੇਚਲ ਗੁਪਤਾ ਦਾ ਪਰਿਵਾਰ ਜਲੰਧਰ ਦੀ ਅਰਬਨ ਅਸਟੇਟ 'ਚ ਰਹਿੰਦਾ ਹੈ। ਮਿਸ ਗ੍ਰੈਂਡ ਇੰਟਰਨੈਸਨਲ 2024 ਦਾ ਖਿਤਾਬ ਜਿੱਤਣ ਤੋਂ ਪਹਿਲਾਂ ਰੇਚਲ ਗੁਪਤਾ ਨੇ ਮਿਸ ਗ੍ਰੈਂਡ ਇੰਡੀਆ 2024 ਦਾ ਤਾਜ ਜਿੱਤਿਆ ਸੀ ਅਤੇ ਫਿਰ ਮਿਸ ਗ੍ਰੈਂਡ ਇੰਟਰਨੈਸਨਲ 2024 'ਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ। 24 ਜਨਵਰੀ 2004 ਨੂੰ ਜਨਮੀ ਰੇਚਲ ਗੁਪਤਾ ਦਾ ਕੱਦ 5 ਫੁੱਟ 10 ਇੰਚ ਹੈ। 18 ਸਾਲ ਦੀ ਉਮਰ 'ਚ ਰੇਚਲ ਗੁਪਤਾ ਨੇ ਮਿਸ ਸੁਪਰਟੈਲੇਂਟ ਸੀਜਨ 15 'ਚ ਹਿੱਸਾ ਲਿਆ, ਜੋ ਕਿ 28 ਸਤੰਬਰ 2022 ਨੂੰ ਪੈਰਿਸ 'ਚ ਆਯੋਜਿਤ ਕੀਤਾ ਗਿਆ ਸੀ। ਜਦੋਂ ਕਿ ਮਈ 2024 'ਚ ਜੈਪੁਰ, ਰਾਜਸਥਾਨ 'ਚ ਰੇਚਲ ਗੁਪਤਾ ਨੂੰ ਮਿਸ ਗ੍ਰੈਂਡ ਇੰਡੀਆ 2024 ਚੁਣਿਆ ਗਿਆ ਸੀ। ਇਸ ਤੋਂ ਇਲਾਵਾ ਰੇਚਲ ਗੁਪਤਾ ਨੇ ਮਿਸ ਟੌਪ ਮਾਡਲ ਦਾ ਸਬਟਾਈਟਲ ਐਵਾਰਡ ਜਿੱਤਿਆ। ਰੇਚਲ ਨੇ ਰੈਂਪ ਵਾਕ 'ਚ ਬੈਸਟ ਮਾਡਲ, ਬਿਊਟੀ ਵਿਦ ਪਰਪਜ ਅਤੇ ਬੈਸਟ ਨੈਸਨਲ ਕਾਸਟਿਊਮ ਦੇ ਐਵਾਰਡ ਜਿੱਤੇ ਹਨ। ਇਸ ਦੇ ਨਾਲ ਹੀ ਰੇਚਲ ਗੁਪਤਾ ਸੋਸਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ ਅਤੇ ਹਰ ਰੋਜ ਆਪਣੀਆਂ ਖੂਬਸੂਰਤ ਤਸਵੀਰਾਂ ਸੇਅਰ ਕਰਦੀ ਰਹਿੰਦੀ ਹੈ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

ਦਿੱਲੀ ਸਰਕਾਰ
ਆਪ ਦੀ ਸਰਕਾਰ

ਦਿੱਲੀ ਸਰਕਾਰ
ਆਪ ਦੀ ਸਰਕਾਰ

ਕ੍ਰਿਪਾ ਦਿਧਆਨ ਦਿਓ।
ਮਾਇਆਪੁਰੀ ਫਲਾਈਓਵਰ 'ਤੇ ਲੋਕ ਨਿਰਮਾਣ ਵਿਭਾਗ ਵਲੋਂ ਮੁਰੰਮਤ ਕਾਰਜ ਕੀਤਾ ਜਾਣਾ ਹੈ।



ਰਾਜਾ ਗਾਰਡਨ ਤੋਂ ਨਾਰਾਇਣਾ ਵਿਹਾਰ (ਸ਼ੇਸ਼ ਅੱਧਾ ਕੈਰਿਜਵੇ)
ਮਿਤੀ 20.10.2024 ਤੋਂ 03.11.2024 ਬੰਦ ਰਹੇਗਾ।

ਯਾਤ੍ਰੀਆਂ ਨੂੰ ਅਸੁਵਿਧਾ ਤੋਂ ਬਚਣ ਦੇ ਲਈ ਵੈਕਲਪਿਕ ਮਾਰਗਾਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

ਰੂਟ ਡਾਯਵਰਜ਼ਨ ਪਲਾਨ (ਫੇਜ-4)




ਮਾਇਆਪੁਰੀ ਫਲਾਈਓਵਰ (ਫੇਜ਼ - 4)

DIP/Shabdarth/Classified/0173/24-25

**ਕੌਮੀ ਪਤ੍ਰਿਕਾ**
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪੱਤ੍ਰਿਕਾ

# ਕੈਨੇਡਾ ਦੇ ਅਮਿਤ ਸ਼ਾਹ 'ਤੇ ਲਾਏ ਦੋਸ਼ ਭਾਰਤ ਵੱਲੋਂ 'ਬੇਤੁਕੇ ਤੇ ਬੇਬੁਨਿਆਦ' ਕਰਾਰ

## ਵਿਦੇਸ਼ ਮੰਤਰਾਲੇ ਨੇ ਕੈਨੇਡੀਅਨ ਹਾਈ ਕਮਿਸ਼ਨ ਦੇ ਪ੍ਰਤੀਨਿਧੀ ਨੂੰ ਤਲਬ ਕਰ ਕੇ ਡਿਪਲੋਮੈਟਿਕ ਨੋਟ ਸੌਂਪਿਆ

**ਨਵੀਂ ਦਿੱਲੀ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉਤੇ ਕੈਨੇਡਾ ਵੱਲੋਂ ਲਾਏ ਦੋਸ਼ਾਂ ਦਾ ਜ਼ੋਰਦਾਰ ਢੰਗ ਨਾਲ ਖੰਡਨ ਕਰਦਿਆਂ ਉਨ੍ਹਾਂ ਨੂੰ ਬੇਤੁਕੇ ਅਤੇ ਬੇਬੁਨਿਆਦ ਕਰਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਇਸ ਸਬੰਧ ਵਿਚ ਇਥੇ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਦੇ ਨੁਮਾਇੰਦੇ ਨੂੰ ਤਲਬ ਕਰ ਕੇ ਉਨ੍ਹਾਂ ਨੂੰ ਇੱਕ ਡਿਪਲੋਮੈਟਿਕ ਨੋਟ ਸੌਂਪਿਆ ਹੈ।

ਗੌਰਤਲਬ ਹੈ ਕਿ 29 ਅਕਤੂਬਰ ਨੂੰ ਕੈਨੇਡਾ ਦੇ ਉਪ ਮੰਤਰੀ ਡੇਵਿਡ ਮੌਰੀਸਨ (Deputy Minister David Morrison) ਨੇ ਮੁਲਕ ਦੀ ਰਾਜਧਾਨੀ ਓਟਵਾ ਸਥਿਤ ਸੰਸਦ ਦੀ ਜਨ ਸੁਰੱਖਿਆ ਤੇ ਕੌਮੀ ਸਲਾਮਤੀ ਸਬੰਧੀ ਸਥਾਈ ਕਮੇਟੀ ਸਾਹਮਣੇ ਆਪਣੇ ਬਿਆਨ ਵਿਚ ਸ਼ਾਹ ਦਾ ਹਵਾਲਾ ਦਿੱਤਾ ਸੀ। ਉਨ੍ਹਾਂ ਕੈਨੇਡਾ ਵਿਚ ਖ਼ਾਲਿਸਤਾਨ ਪੱਖੀਆਂ ਦੇ ਹੋਏ ਕਤਲਾਂ ਦੇ ਮਾਮਲਿਆਂ ਵਿਚ ਸ਼ਾਹ ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ (Randhir Jaiswal, MEA spokesperson) ਨੇ ਕਿਹਾ, ਭਾਰਤ ਸਰਕਾਰ



ਇਨ੍ਹਾਂ ਬੇਬੁਨਿਆਦ ਦੋਸ਼ਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਸ਼ਬਦਾਂ ਵਿੱਚ ਵਿਰੋਧ ਦਰਜ ਕਰਵਾਇਆ ਹੈ। ਜੈਸਵਾਲ ਨੇ ਹੋਰ ਕਿਹਾ ਕਿ ਕੈਨੇਡਾ ਦੀਆਂ ਕਾਰਵਾਈਆਂ ਮੌਜੂਦਾ ਕੈਨੇਡੀਅਨ ਸਰਕਾਰ ਦੇ ਏਜੰਡੇ ਅਤੇ ਵਿਹਾਰ ਬਾਰੇ ਭਾਰਤ ਦੀਆਂ ਚਿੰਤਾਵਾਂ ਦੀ ਪੁਸ਼ਟੀ ਕਰਦੀਆਂ ਹਨ।

ਉਨ੍ਹਾਂ ਸਾਫ਼ ਤੌਰ 'ਤੇ ਕਿਹਾ, ਅਜਿਹੀਆਂ ਗ਼ੈਰ-ਜ਼ਿੰਮੇਵਾਰਾਨਾ ਕਾਰਵਾਈਆਂ ਦੇ ਦੋਵੇਂ ਮੁਲਕਾਂ ਦੇ ਦੁਵੱਲੇ ਸਬੰਧਾਂ ਲਈ ਗੰਭੀਰ ਨਤੀਜੇ ਨਿਕਲਣਗੇ। ਭਾਰਤ ਵੱਲੋਂ ਕੈਨੇਡੀਅਨ ਸਾਈਬਰ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਦੇ ਲਾਏ ਗਏ ਦੋਸ਼ਾਂ ਬਾਰੇ ਜੈਸਵਾਲ ਨੇ ਕਿਹਾ, ਇਹ ਬਿਨਾਂ ਸਬੂਤਾਂ ਦੇ ਭਾਰਤ 'ਤੇ ਹਮਲੇ ਕਰਨ ਦੀ ਕੈਨੇਡਾ ਦੀ ਰਣਨੀਤੀ ਦੀ ਇੱਕ ਹੋਰ ਮਿਸਾਲ ਜਾਪਦੀ ਹੈ।

ਭਾਰਤ ਨੇ ਭਾਰਤੀ ਅਧਿਕਾਰੀਆਂ 'ਤੇ ਕੈਨੇਡਾ ਵਿੱਚ ਆਡੀਓ ਅਤੇ ਵੀਡੀਓ ਨਿਗਰਾਨੀ ਕੀਤੇ ਜਾਣ ਦਾ ਵੀ ਵਿਰੋਧ ਕੀਤਾ ਹੈ ਅਤੇ ਇਸ ਨੂੰ ਸਫ਼ਾਰਤੀ ਕਨਵੈਨਸ਼ਨਾਂ ਦੀ 'ਸਪੱਸ਼ਟ ਉਲੰਘਣਾ' ਕਰਾਰ ਦਿੱਤਾ ਹੈ। ਜੈਸਵਾਲ ਨੇ ਕਿਹਾ, ਸਾਡੇ ਮੁਲਾਜ਼ਮ ਪਹਿਲਾਂ ਹੀ ਅਤਿਵਾਦ ਅਤੇ ਹਿੰਸਾ ਦਾ ਸਾਹਮਣਾ ਕਰ ਰਹੇ ਹਨ; ਕੈਨੇਡਾ ਦੀਆਂ ਕਾਰਵਾਈਆਂ ਸਥਿਤੀ ਨੂੰ ਹੋਰ ਵਿਗਾੜਨ ਵਾਲੀਆਂ ਹਨ।

# ਅਨੰਤਨਾਗ ਮੁਕਾਬਲੇ 'ਚ ਦੋ ਦਹਿਸ਼ਤਗਰਦ ਹਲਾਕ, ਸ੍ਰੀਨਗਰ ਮੁਕਾਬਲੇ 'ਚ ਚਾਰ ਜਵਾਨ ਜ਼ਖ਼ਮੀ



**ਸ੍ਰੀਨਗਰ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਸ਼ਨਿੱਚਰਵਾਰ ਨੂੰ ਸਲਾਮਤੀ ਦਸਤਿਆਂ ਨਾਲ ਹੋਏ ਇਕ ਮੁਕਾਬਲੇ 'ਚ ਦੋ ਅਣਪਛਾਤੇ ਅਤਿਵਾਦੀ ਮਾਰੇ ਗਏ, ਜਦੋਂਕਿ ਦੂਜੇ ਪਾਸੇ ਆਖ਼ਰੀ ਰਿਪੋਰਟਾਂ ਮਿਲਣ ਤੱਕ ਸ੍ਰੀਨਗਰ ਦੇ ਡਾਊਨਟਾਊਨ ਇਲਾਕੇ 'ਚ ਲੁਕੇ ਹੋਏ ਦਹਿਸ਼ਤਗਰਦਾਂ ਅਤੇ ਸੁਰੱਖਿਆ ਬਲਾਂ ਵਿਚਾਲੇ ਗੋਲੀਬਾਰੀ ਜਾਰੀ ਸੀ। ਸ੍ਰੀਨਗਰ ਮੁਕਾਬਲੇ ਵਿਚ ਚਾਰ ਸੁਰੱਖਿਆ ਮੁਲਾਜ਼ਮਾਂ ਦੇ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਜ਼ਖ਼ਮੀ ਹੋਏ ਸੁਰੱਖਿਆ ਜਵਾਨਾਂ ਵਿਚੋਂ ਦੋ ਸੀਆਰਪੀਐਫ ਅਤੇ ਦੋ ਜੰਮੂ-ਕਸ਼ਮੀਰ ਪੁਲੀਸ ਨਾਲ ਸਬੰਧਤ ਹਨ।

ਅਨੰਤਨਾਗ ਵਿਚ ਦਹਿਸ਼ਤਗਰਦਾਂ ਦੇ ਮਾਰੇ ਬਾਰੇ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਕਿਹਾ, ਸ਼ਨਿੱਚਰਵਾਰ ਨੂੰ ਅਨੰਤਨਾਗ ਜ਼ਿਲ੍ਹੇ ਦੇ ਸ਼ਾਂਗਸ ਦੇ ਲਾਰਨੂ ਜੰਗਲੀ ਇਲਾਕੇ ਵਿੱਚ ਦੋ ਅਣਪਛਾਤੇ ਅਤਿਵਾਦੀ ਮਾਰੇ ਗਏ ਸਨ। ਮਾਰੇ ਗਏ ਅਤਿਵਾਦੀਆਂ ਦੀ ਸਹੀ ਪਛਾਣ ਦਾ ਪਤਾ ਇਲਾਕੇ ਵਿੱਚ ਅਪਰੇਸ਼ਨ ਪੂਰਾ ਹੋਣ ਤੋਂ ਬਾਅਦ ਲਾਇਆ ਜਾਵੇਗਾ।"

# ਬੜਗਾਮ ਹਮਲੇ ਦੀ ਜਾਂਚ ਬਾਰੇ ਫ਼ਾਰੂਕ ਦੇ ਬਿਆਨ ਤੋਂ ਭਖ਼ੀ ਸਿਆਸਤ

**ਸ੍ਰੀਨਗਰ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫ਼ਾਰੂਕ ਅਬਦੁੱਲਾ ਨੇ ਮੰਗ ਕੀਤੀ ਹੈ ਕਿ ਬੜਗਾਮ ਦਹਿਸ਼ਤੀ ਹਮਲੇ ਦੀ ਜਾਂਚ ਕੀਤੀ ਜਾਵੇ, ਕਿਉਂਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਅਜਿਹੇ ਹਮਲੇ ਉਨ੍ਹਾਂ ਲੋਕਾਂ ਵੱਲੋਂ ਕੀਤੇ ਜਾ ਰਹੇ ਹਨ, ਜਿਹੜੇ ਉਮਰ ਅਬਦੁੱਲਾ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੇ ਹਨ।

ਉਨ੍ਹਾਂ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਫ਼ਾਰੂਕ ਅਬਦੁੱਲਾ, ਜੋ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਪਤੀ



ਹਨ, ਨੇ ਕਿਹਾ, ਇਸਦੀ ਜਾਂਚ ਹੋਣੀ ਚਾਹੀਦੀ ਹੈ। ਅਜਿਹਾ ਕਿਵੇਂ ਹੋ ਸਕਦਾ ਹੈ ਕਿ ਇਹ ਸਰਕਾਰ ਆਈ ਅਤੇ ਇਹ ਸਭ ਵਾਪਰ ਰਿਹਾ ਹੈ ?"

ਉਨ੍ਹਾਂ ਕਿਹਾ, "ਮੈਨੂੰ ਸ਼ੱਕ ਹੈ ਕਿ ਕੀ ਇਹ ਉਨ੍ਹਾਂ ਲੋਕਾਂ ਵੱਲੋਂ ਕੀਤਾ ਜਾ ਰਿਹਾ ਹੈ ਜੋ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜੇ ਦਹਿਸ਼ਤਗਰਦਾਂ ਨੂੰ ਮਾਰਨ ਦੀ ਥਾਂ ਫੜ ਕੇ ਤਹਿਕੀਕਾਤ ਕੀਤੀ ਜਾਵੇ ਤਾਂ ਸਾਨੂੰ ਪਤਾ ਲੱਗ ਸਕਦਾ ਹੈ ਕਿ ਅਜਿਹਾ ਕੌਣ ਕਰ ਰਿਹਾ ਹੈ ਸਾਨੂੰ ਇਹ ਦੇਖਣਾ ਪਵੇਗਾ ਕਿ ਕਿਤੇ ਕੋਈ ਅਜਿਹੀ ਏਜੰਸੀ ਤਾਂ ਕੰਮ ਨਹੀਂ ਕਰ ਰਹੀ ਜਿਹੜੀ ਉਮਰ ਅਬਦੁੱਲਾ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੀ ਹੋਵੇ।"

# ਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੀ ਮਾਸਿਕ ਇਕੱਤਰਤਾ ਹੋਈ

**ਗੜ੍ਹਸ਼ੰਕਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਆਬਾ ਸਾਹਿਤ ਸਭਾ (ਰਜਿ.) ਗੜ੍ਹਸ਼ੰਕਰ (ਹੁਸ਼ਿ.) ਦੀ ਮਹੀਨਾਵਾਰ ਇਕੱਤਰਤਾ ਸਭਾ ਦੇ ਪ੍ਰਧਾਨ ਡਾਕਟਰ ਬਿੱਕਰ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਿਕ ਗਾਂਧੀ ਪਾਰਕ ਸਥਿਤ ਦਫਤਰ ਸਾਹਿਤ ਸਭਾ ਅਤੇ ਸਵਰਗੀ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬਰੇਰੀ ਗੜ੍ਹਸ਼ੰਕਰ



ਵਿਖੇ ਹੋਈ। ਇਸ ਮਾਸਿਕ ਇਕੱਤਰਤਾ ਵਿੱਚ ਪ੍ਰੋ. ਸੰਧੂ ਵਰਿਆਣਵੀ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਇਕੱਤਰਤਾ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਪਵਨ ਕੁਮਾਰ ਭੰਮੀਆਂ ਨੇ ਦੱਸਿਆ ਕਿ ਇਸ ਇਕੱਤਰਤਾ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਰਜਿਸਟਰਡ (ਸੇਖੋਂ )ਦੇ ਜਨਰਲ ਸਕੱਤਰ ਪ੍ਰੋਫੈਸਰ ਸੰਧੂ ਵਰਿਆਣਵੀ ਦੀ ਵਿਆਹ ਦੀ 45ਵੀਂ ਵਰ੍ਹੇ-ਗੰਢ ਅਤੇ ਅਵਤਾਰ ਸਿੰਘ ਪੱਖੋਵਾਲ ਦਾ ਜਨਮ ਦਿਨ ਸਾਂਝੇ ਤੌਰ ਤੇ ਮਨਾਇਆ ਗਿਆ ਅਤੇ ਸਾਹਿਤ ਦੇ ਅਜੋਕੇ ਦੌਰ ਸੰਬੰਧੀ ਵਿਚਾਰ ਚਰਚਾ ਕੀਤੀ ਗਈ।ਇਕੱਤਰਤਾ ਵੱਲੋਂ ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਨੂੰ ਲਾਜਮੀ ਵਿਸ਼ੇ ਵੱਜੋਂ ਪੜ੍ਹਾਉਣ ਦੇ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ।

ਕਵੀ ਦਰਬਾਰ ਵਿੱਚ ਸਰਵ ਸ਼੍ਰੀ ਪ੍ਰੋਫੈਸਰ ਸੰਧੂ ਵਰਿਆਣਵੀ, ਡਾਕਟਰ ਬਿੱਕਰ ਸਿੰਘ,ਅਮਰੀਕ ਹਮਰਾਜ਼ ਰਣਵੀਰ ਬੱਬਰ, ਅਵਤਾਰ ਸਿੰਘ ਪੱਖੋਵਾਲ ,ਓਮ ਪ੍ਰਕਾਸ਼ ਜਖਮੀ, ਜੋਗਾ ਸਿੰਘ ਭੰਮੀਆਂ, ਮਨੋਜ ਫਗਵਾੜਵੀ, ਸਰਵਣ ਸਿੱਧੂ, ਮੁਕੇਸ਼ ਕੁਮਾਰ ਗੁਜਰਾਤੀ, ਸ਼ਾਮ ਸੁੰਦਰ ਆਦਿ ਨੇ ਭਾਗ ਲਿਆ। ਇਕੱਤਰਤਾ ਵਲੋਂ ਪੰਜਾਬੀ ਦੇ ਉੱਘੇ ਅਲੋਚਕ ਅਤੇ ਲੇਖਕ ਪ੍ਰੋਫੈਸਰ ਜੰਗ ਬਹਾਦਰ ਸੇਖੋਂ ਨੂੰ ਪ੍ਰਿੰਸੀਪਲ ਤੇਜਾ ਸਿੰਘ ਯਾਦਗਾਰੀ ਪੁਰਸਕਾਰ ਮਿਲਣ ਤੇ ਵਧਾਈ ਦਿੱਤੀ ਗਈ ।ਇਸ ਵੇਲੇ ਹੰਸਰਾਜ ਗੜ੍ਹਸ਼ੰਕਰ, ਬਲਬੀਰ ਜਗਪਾਲਪੁਰੀ,ਜੋਗਿੰਦਰ ਪਾਲ , ਕੁਲਵੰਤ ਰਾਮ, ਸਰੂਪ ਚੰਦ, ਮਲਕੀਤ ਰਾਮ, ਪਰਮਾਨੰਦ, ਗੁਰਮੇਲ ਸਿੰਘ, ਸਤਪਾਲ ਕਲੇਰ, ਮਨਜੀਤ ਕੁਮਾਰ ਅਤੇ ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ ।ਅੰਤ ਵਿੱਚ ਅਮਰੀਕ ਹਮਰਾਜ਼ ਨੇ ਆਏ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਪਿਛਲੇ 2 ਸਾਲਾਂ ਤੋਂ ਨਹੀਂ ਹੋ ਰਹੀ ਆਰ ਟੀ ਆਈ ਦੇ ਮਾਮਲਿਆਂ ਦੀ ਸੁਣਵਾਈ : ਬੁਜਰਕ

**ਪਾਤੜਾਂ, 3 ਨਵੰਬਰ**
**- ਰਮਨ ਜੋਸ਼ੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਰਾਜ ਅੰਦਰ ਸੂਚਨਾ ਅਧਿਕਾਰ ਐਕਟ 2005 ਨੂੰ ਬਿਲਕੁਲ ਖਤਮ ਕਰ ਦਿੱਤਾ ਗਿਆ ਹੈ ਕਿਉਂਕਿ ਪਿਛਲੇ 2 ਸਾਲਾਂ ਤੋਂ ਸੂਚਨਾ ਐਕਟ ਦੇ ਮਾਮਲਿਆਂ ਦੀ ਪੂਰਨ ਤੌਰ ਤੇ ਸੁਣਵਾਈ ਨਹੀਂ ਹੋ ਰਹੀ। ਜਿਸ ਕਰਕੇ ਸੈਂਕੜੇ ਕੇਸ ਸੁਣਵਾਈ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਰ ਟੀ ਆਈ ਮਾਹਿਰ ਅਤੇ ਸਮਾਜ ਸੇਵੀ ਬਿ ੍ਰਸ਼ ਭਾਨ ਬੁਜਰਕ ਨੇ ਕਿਹਾ ਕਿ ਪੰਜਾਬ ਦੇ ਸੂਚਨਾ ਕਮਿਸ਼ਨ ਕੋਲ ਇਸ ਵੇਲੇ ਸਿਰਫ 4 ਮੈਂਬਰ ਹਨ। ਜਿਨ੍ਹਾਂ ਵਿਚੋਂ ਇੰਦਰਪਾਲ ਸਿੰਘ ਧੰਨਾ ਨੂੰ ਮੁੱਖ ਸੂਚਨਾ ਕਮਿਸ਼ਨਰ ਵਜੋਂ ਲਗਾਇਆ ਗਿਆ ਹੈ। ਜਦੋਂ ਕਿ ਕਮਿਸ਼ਨ ਦੀ ਲੋੜ ਅਨੁਸਾਰ ਮੁੱਖ ਸੂਚਨਾ ਕਮਿਸ਼ਨ ਸਮੇਤ 11 ਮੈਂਬਰ ਚਾਹੀਦੇ



ਹਨ। ਪਰ ਪੰਜਾਬ ਸਰਕਾਰ ਵੱਲੋਂ ਨਵੇਂ ਸੂਚਨਾ ਕਮਿਸ਼ਨਰਾਂ ਦੀ ਭਰਤੀ ਨਾ ਕੀਤੇ ਜਾਣ ਕਰਕੇ ਪਿਛਲੇ 2 ਸਾਲ ਤੋਂ ਸੈਂਕੜੇ ਮਾਮਲੇ ਅੱਧ ਵਿਚਕਾਰ ਲਟਕੇ ਪਏ ਅਤੇ ਨਵੇਂ ਜਾ ਰਹੇ ਸੈਂਕੜੇ ਮਾਮਲਿਆਂ ਦੀ ਸੁਣਵਾਈ ਵੱਖਰੇ ਤੌਰ ਤੇ ਹੋਣੀ ਬਾਕੀ ਹੈ । ਜੇਕਰ ਨਵੇਂ ਸੂਚਨਾ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੂਰੀ ਨਹੀਂ ਕੀਤੀ ਜਾਂਦੀ ਤਾਂ ਕਮਿਸ਼ਨ ਅੰਦਰ ਕੰਮ ਕਰ ਰਹੇ ਮੁੱਖ ਸੂਚਨਾ ਕਮਿਸ਼ਨਰ ਨੂੰ ਵੀ ਮੁੱਖ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸ ਦੇ ਹੇਠਾਂ 10 ਮੈਂਬਰ ਨਾ ਹੋਣ ਕਰਕੇ ਇਕੱਲੇ ਵਿਅਕਤੀ ਨੂੰ ਮੁੱਖ ਵੀ ਨਹੀਂ ਮੰਨਿਆ ਜਾ ਸਕਦਾ। ਬਿ ੍ਰਸ ਭਾਨ ਬੁਜਰਕ ਨੇ ਕਿਹਾ ਕਿ ਸਾਲ 2005 ਤੋਂ ਬਾਅਦ ਪੰਜਾਬ ਵਿਚੋਂ ਸੂਚਨਾ ਐਕਟ ਨੂੰ ਖਤਮ ਕਰਨ ਵਾਲੀ ਆਮ ਆਦਮੀ ਦੀ ਸਰਕਾਰ ਵਲੋਂ ਪਾਰਦਰਸ਼ਤਾ ਵਾਲੀ ਸਰਕਾਰ ਅਤੇ ਪ੍ਰਸ਼ਾਸਨ ਦੇਣ ? ਦੀਆਂ ਗੱਲਾਂ ਕਰਨੀਆਂ ਵੀ ਸਭ ਤੋਂ ਵੱਡਾ ਢੌਂਗ ਹੈ। ਕਿਉਂਕਿ ਸਰਕਾਰ ਵਲੋਂ ਆਰ ਟੀ ਆਈ ਐਕਟ ਨੂੰ ਖਤਮ ਕਰਨ ਦਾ ਹਰ ਹੀਲਾ ਵਰਤਿਆ ਜਾ ਰਿਹਾ ਹੈ। ਸਰਕਾਰ ਵੱਲੋਂ ਕੀਤੇ ਜਾ ਰਹੇ ਨਜਾਇਜ ਖਰਚਿਆਂ ਦਾ ਕੋਈ ਰਿਕਾਰਡ ਨਹੀਂ ਦਿੱਤਾ ਜਾ ਰਿਹਾ।

# ਕੇਂਦਰ ਪਟਿਆਲਾ ਤੋਂ ਪ੍ਰਯਾਗਰਾਜ ਲਈ ਵਿਸ਼ੇਸ਼ ਰੇਲ ਗੱਡੀ ਚਲਾ ਕੇ ਸ਼ਰਧਾਲੂਆਂ ਨੂੰ ਕੁੰਭ ਇਸ਼ਨਾਨ ਦਾ ਦੇਵੇ ਮੌਕਾ : ਬਿੱਟੂ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸੰਜੀਵ ਸ਼ਰਮਾ ਬਿੱਟੂ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਤੋਂ ਮੰਗ ਕੀਤੀ ਹੈ ਕਿ ਪ੍ਰਯਾਗਰਾਜ ਮਹਾਕੁੰਭ ਲਈ ਪਟਿਆਲਾ ਤੋਂ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ।

ਸਾਬਕਾ ਮੇਅਰ ਅਤੇ ਭਾਜਪਾ ਆਗੂ ਸੰਜੀਵ ਬਿੱਟੂ ਦਾ ਮੰਨਣਾ ਹੈ ਕਿ ਜੇਕਰ ਮਹਾਕੁੰਭ ਲਈ ਪਟਿਆਲਾ ਤੋਂ ਪ੍ਰਯਾਗਰਾਜ ਲਈ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ ਤਾਂ ਵੱਡੀ ਗਿਣਤੀ ਵਿੱਚ ਲੋਕ ਮਹਾਂਕੁੰਭ ਵਿੱਚ ਇਸ਼ਨਾਨ ਕਰ ਸਕਣਗੇ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਟਿਆਲਾ ਤੋਂ ਪ੍ਰਯਾਗਰਾਜ ਤੱਕ ਵਿਸ਼ੇਸ਼ ਰੇਲ ਗੱਡੀ ਚਲਾਈ ਜਾਂਦੀ ਹੈ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ, ਇਸੇ ਤਰਜ਼ @ਤੇ 15 ਜਨਵਰੀ ਤੋਂ 14 ਫਰਵਰੀ ਤੱਕ ਪਟਿਆਲਾ ਤੋਂ ਪ੍ਰਯਾਗਰਾਜ ਲਈ ਘੱਟੋ-ਘੱਟ ਇੱਕ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇ ਤਾਂ ਜੋ ਪੰਜਾਬ ਦੇ ਲੋਕ ਮਹਾਂਕੁੰਭ ਵਰਗੇ ਮਹਾਂਕੁੰਭ ਦਾ ਹਿੱਸਾ ਬਣ ਕੇ ਆਪਣੀ ਆਸਥਾ ਨੂੰ ਪੂਰਾ ਕਰ ਸਕਣ।

ਜ਼ਿਕਰਯੋਗ ਹੈ ਕਿ ਜਿਸ ਤਰ੍ਹਾਂ ਭਾਜਪਾ ਆਗੂ ਸੰਜੀਵ ਸ਼ਰਮਾ ਬਿੱਟੂ ਨੇ ਪਟਿਆਲਾ ਤੋਂ ਅਯੁੱਧਿਆ ਲਈ ਵਿਸ਼ੇਸ਼ ਰੇਲ ਗੱਡੀ ਰਾਹੀਂ ਹਜ਼ਾਰਾਂ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਲੈ ਕੇ ਗਏ ਸਨ, ਉਸੇ ਤਰਜ਼ @ਤੇ ਉਹ ਚਾਹੁੰਦੇ ਹਨ ਕਿ ਪੰਜਾਬ ਦੇ ਲੋਕ ਮਹਾਕੁੰਭ ਇਸ਼ਨਾਨ ਲਈ ਵਿਸ਼ੇਸ਼ ਰੇਲ ਗੱਡੀ ਰਾਹੀਂ ਪਟਿਆਲਾ ਤੋਂ ਪ੍ਰਿਆਗ ਰਾਜ ਜਾ ਸਕਣ। ਭਾਜਪਾ ਨੇਤਾ ਦਾ ਕਹਿਣਾ ਹੈ ਕਿ ਇਸ ਵੇਲੇ ਕੋਈ ਟ੍ਰੇਨ ਪੰਜਾਬ ਵਿੱਚ ਅਜਿਹੀ ਨਹੀਂ ਹੈ ਜੋ ਸ਼ਰਧਾਲੂਆਂ ਨੂੰ ਪੰਜਾਬ ਤੋਂ ਸਿੱਧਾ ਪਰਿਆਗਰਾਜ ਤੱਕ ਲੈ ਜਾ ਸਕੇ।

# ਫ਼ਸਲ 'ਚ ਖਾਦ ਦੀ ਵਰਤੋਂ ਮਿੱਟੀ ਟੈਸਟ ਦੇ ਆਧਾਰ 'ਤੇ ਕੀਤੀ ਜਾਵੇ : ਡਾ. ਹਰਦੀਪ ਸਿੰਘ ਸਭਿਖੀ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਵਿਗਿਆਨੀਆਂ ਨੇ ਕਣਕ ਦੀ ਫ਼ਸਲ ਵਿੱਚ ਵੱਡੇ ਪੱਧਰ ਤੇ ਵਰਤੀ ਜਾਂਦੀ ਡੀ.ਏ.ਪੀ. ਖਾਦ ਦੀ ਜਗ੍ਹਾ ਉਸ ਦੇ ਬਦਲਵੇਂ ਸਰੋਤਾਂ ਦੀ ਵਰਤੋਂ ਦੀ ਜਾਣਕਾਰੀ ਦਿੱਤੀ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ. ਗੁਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਕਣਕ ਦੀ ਫ਼ਸਲ ਵਿੱਚ ਡੀ.ਏ.ਪੀ. ਖਾਦ ਮੁੱਖ ਤੌਰ ਤੇ ਫਾਸਫੋਰਸ ਤੱਤ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਇਸ ਵਿਚ 46 ਫ਼ੀਸਦੀ ਫਾਸਫੋਰਸ ਦੇ ਨਾਲ-ਨਾਲ 18 ਫ਼ੀਸਦੀ ਨਾਈਟ੍ਰੋਜਨ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਖਾਦ ਦੇ ਬਦਲ ਵੱਜੋ ਕੁਝ ਹੋਰ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ, ਪਰ ਉਨ੍ਹਾਂ ਦੀ ਲੋੜੀਂਦੀ ਮਾਤਰਾ ਡੀ.ਏ.ਪੀ. ਨਾਲੋਂ ਵੱਖਰੀ ਹੋ ਸਕਦੀ ਹੈ। ਇਹੋ ਜਿਹੀ ਇਕ ਖਾਦ ਐਨ.ਪੀ.ਕੇ. (12:32:16) ਹੈ ਜਿਸ ਵਿੱਚ 32 ਫ਼ੀਸਦੀ ਫਾਸਫੋਰਸ, 12 ਫ਼ੀਸਦੀ ਨਾਈਟ੍ਰੋਜਨ ਅਤੇ 16 ਫ਼ੀਸਦੀ ਪੋਟਾਸ਼ੀਅਮ ਤੱਤ ਮੌਜੂਦ ਹੁੰਦੇ ਹਨ। ਇੱਕ ਬੋਰਾ ਡੀ.ਏ.ਪੀ. ਦੀ ਜਗ੍ਹਾ 1.5 ਬੋਰਾ ਐਨ.ਪੀ.ਕੇ.(12:32:16) ਵਰਤੀ ਜਾ ਸਕਦੀ ਹੈ। ਡਾ. ਸਿੱਧੂ ਨੇ ਦੱਸਿਆ ਕਿ ਕਿਸਾਨ ਇਸ ਤੋਂ ਇਲਾਵਾ ਸਿੰਗਲ ਸੁਪਰਫਾਸਫੇਟ ਖਾਦ ਦੇ 3 ਥੈਰਿਆਂ ਜਾਂ ਟ੍ਰਿਪਲ ਸੁਪਰਫਾਸਫੇਟ ਖਾਦ ਦੇ ਇੱਕ ਥੈਰੇ ਦੀ ਵਰਤੋਂ ਡੀ.ਏ.ਪੀ. ਖਾਦ ਦੇ ਇੱਕ ਥੈਰੇ ਦੀ ਜਗ੍ਹਾ ਕਰ ਸਕਦੇ ਹਨ।



ਕੇ.ਵੀ.ਕੇ., ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਕਿਹਾ ਕਿ ਫ਼ਸਲਾਂ ਵਿਚ ਖਾਦਾਂ ਦੀ ਵਰਤੋਂ ਮਿੱਟੀ ਟੈਸਟ ਦੇ ਅਧਾਰ ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਐਨ.ਪੀ.ਕੇ. (12:32:16), ਡੀ.ਏ.ਪੀ. ਦਾ ਇੱਕ ਬਹੁਤ ਵਧੀਆ ਬਦਲ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਦੇ 1.5 ਥੈਰੇ ਵਿੱਚ ਡੀ.ਏ.ਪੀ. ਜਿੰਨੇ ਫਾਸਫੋਰਸ ਤੇ ਨਾਈਟ੍ਰੋਜਨ ਤੱਤ ਤਾਂ ਹੁੰਦੇ ਹੀ ਹਨ, ਬਲਕਿ 23 ਕਿਲੋਗ੍ਰਾਮ ਪੋਟਾਸ਼ ਵੀ ਹੁੰਦੀ ਹੈ।

ਡਾ. ਸਭਿਖੀ ਨੇ ਦੱਸਿਆ ਕਿ ਟ੍ਰਿਪਲ ਸੁਪਰਫਾਸਫੇਟ ਬਾਜ਼ਾਰ ਵਿੱਚ ਉਪਲਬਧ ਇੱਕ ਨਵੀਂ ਖਾਦ ਹੈ ਜਿਸ ਵਿੱਚ ਡੀ.ਏ.ਪੀ. ਦੇ ਬਰਾਬਰ ਫਾਸਫੋਰਸ ਤੱਤ ਦੇ ਨਾਲ-ਨਾਲ ਕੈਲਸ਼ੀਅਮ ਤੱਤ ਵੀ ਮੌਜੂਦ ਹੁੰਦਾ ਹੈ।

ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸਾਨ ਸਿੰਗਲ ਸੁਪਰਫਾਸਫੇਟ ਜਾਂ ਟ੍ਰਿਪਲ ਸੁਪਰਫਾਸਫੇਟ ਦੀ ਵਰਤੋਂ ਕਣਕ ਦੀ ਬਿਜਾਈ ਸਮੇਂ ਕਰਦੇ ਹਨ ਤਾਂ ਉਨ੍ਹਾਂ ਨੂੰ 20 ਕਿਲੋ ਯੂਰੀਆ ਪ੍ਰਤੀ ਏਕੜ ਵੀ ਬਿਜਾਈ ਸਮੇਂ ਪਾਉਣਾ ਚਾਹੀਦਾ ਹੈ।

# ਪਾਵਰ ਗਰਿੱਡ ਵੱਲੋਂ ਵਿਜੀਲੈਂਸ ਜਾਗਰੂਕਤਾ ਸਪਤਾਹ 2024 ਦੌਰਾਨ ਵਿਸ਼ੇਸ਼ ਸੈਮੀਨਾਰ ਦਾ ਆਯੋਜਨ



**ਮਲੇਰਕੋਟਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰ ਗਰਿੱਡ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ (ਪਾਵਰ ਗਰਿੱਡ) ਮਲੇਰਕੋਟਲਾ ਵੱਲੋਂ ਵਿਜੀਲੈਂਸ ਜਾਗਰੂਕਤਾ ਸਪਤਾਹ 2024 ਦੇ ਹਿੱਸੇ ਵਜੋਂ ਪਿੰਡ ਦੁਲਮਾ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦਾ ਉਦੇਸ਼ ਸਥਾਨਕ ਵਸਨੀਕਾਂ ਵਿੱਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ ਅਤੇ ÷ਰਾਸ਼ਟਰੀ ਖੁਸ਼ਹਾਲੀ ਲਈ ਅਖੰਡਤਾ ਸੱਭਿਆਚਾਰ÷ ਥੀਮ ਦੇ ਤਹਿਤ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਕੇ ਸੁਚੇਤ ਕਰਨਾ ਹੈ ਤਾਂ ਜੋ ਉਹ ਸੱਭਿਅਤ ਸਮਾਜ ਦਾ ਅੰਗ ਬਣ ਸਕਣ । ਇਸ ਸਮਾਗਮ ਵਿੱਚ ਡਿਪਟੀ ਜਨਰਲ ਮੈਨੇਜਰ ਮਨਵਿੰਦਰ ਪਾਲ ਸਿੰਘ, ਮੈਨੇਜਰ ਗਗਨਦੀਪ ਸਿੰਘ ਅਤੇ ਸਹਾਇਕ ਮੈਨੇਜਰ ਰਵਿੰਦਰ ਸਿੰਘ ਸਮੇਤ ਪਿੰਡ ਵਾਸੀ, ਗ੍ਰਾਮ ਪੰਚਾਇਤ ਦੇ ਮੈਂਬਰਾਂ ਅਤੇ ਪਾਵਰ ਗਰਿੱਡ ਦੇ ਸਥਾਨਕ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਸੈਮੀਨਾਰ ਵਿੱਚ ਸਮਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਇਮਾਨਦਾਰੀ, ਸਖ਼ਤ ਮਿਹਨਤ ਅਤੇ ਲਗਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਪ੍ਰੋਗਰਾਮ ਦੌਰਾਨ, ਬੁਲਾਰਿਆਂ ਨੇ ਭਾਗੀਦਾਰਾਂ ਨੂੰ ਰਿਸ਼ਵਤਖੋਰੀ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹੋਣ ਅਤੇ ਆਪਣੇ ਭਾਈਚਾਰਿਆਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ। ਭ੍ਰਿਸ਼ਟਾਚਾਰ ਮੁਕਤ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਵਿੱਚ ਚੌਕਸੀ ਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਦੇ ਹੋਏ ÷ਰਾਸ਼ਟਰੀ ਖੁਸ਼ਹਾਲੀ ਲਈ ਅਖੰਡਤਾ ਸੱਭਿਆਚਾਰ÷ ਵਿਸ਼ੇ @ਤੇ ਵਿਸਤ੍ਰਿਤ ਚਰਚਾ ਕੀਤੀ ਗਈ।

ਪਾਵਰ ਗਰਿੱਡ ਮਾਲੇਰਕੋਟਲਾ ਦੇ ਡਿਪਟੀ ਜਨਰਲ ਮੈਨੇਜਰ ਮਨਵਿੰਦਰ ਪਾਲ ਸਿੰਘ ਨੇ ਕਿਹਾ, ਭ੍ਰਿਸ਼ਟਾਚਾਰ ਵਿਰੁੱਧ ਜਾਗਰੂਕਤਾ ਪੈਦਾ ਕਰਨ ਅਤੇ ਪ੍ਰੇਰਨਾਦਾਇਕ ਕਾਰਵਾਈ ਲਈ ਇਹ ਪਹਿਲਕਦਮੀ ਮਹੱਤਵਪੂਰਨ ਹੈ। ਮਿਲ ਕੇ, ਅਸੀਂ ਇੱਕ ਹੋਰ ਪਾਰਦਰਸ਼ੀ ਅਤੇ ਇਮਾਨਦਾਰ ਸਮਾਜ ਲਈ ਕੰਮ ਕਰ ਸਕਦੇ ਹਾਂ। ਸੈਮੀਨਾਰ ਜਾਗਰੂਕਤਾ ਪ੍ਰੋਗਰਾਮਾਂ ਦੀ ਇੱਕ ਵਿਸ਼ਾਲ ਲੜੀ ਦਾ ਹਿੱਸਾ ਹੈ ਜੋ ਨਾਗਰਿਕਾਂ ਨੂੰ ਸ਼ਕਤੀਕਰਨ ਅਤੇ ਜਨਤਕ ਜੀਵਨ ਵਿੱਚ ਨੈਤਿਕ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕਰਦਾ ਹੈ।

# ਬੰਗਾਲ 'ਚ ਜਬਰ-ਜਨਾਹ ਪਿੱਛੋਂ ਲੜਕੀ ਦਾ ਕਤਲ; ਲੋਕਾਂ ਨੇ ਸ਼ੱਕੀ ਕੁੱਟ-ਕੁੱਟ ਕੇ ਮਾਰਿਆ

**ਕੋਲਕਾਤਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਬੰਗਾਲ ਦੇ ਅਲੀਪੁਰਦੁਆਰ ਜ਼ਿਲ੍ਹੇ 'ਚ ਇਕ ਲੜਕੀ ਨਾਲ ਕਥਿਤ ਤੌਰ 'ਤੇ ਜਬਰ ਜਨਾਹ ਕੀਤੇ ਜਾਣ ਮਗਰੋਂ ਉਸ ਦਾ ਕਤਲ ਕਰ ਦਿੱਤੇ ਜਾਣ ਦੇ ਮਾਮਲੇ ਕਾਰਨ ਗੁੱਸੇ 'ਚ ਆਏ ਪਿੰਡ ਵਾਸੀਆਂ ਨੇ ਇਕ ਕਥਿਤ ਦੋਸ਼ੀ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਸ਼ੁੱਕਰਵਾਰ ਬਾਅਦ ਦੁਪਹਿਰ ਫਲਕਾਟਾ ਇਲਾਕੇ 'ਚ ਵਾਪਰੀ।

ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਲੜਕੀ ਦੀ ਲਾਸ਼ ਇੱਕ ਛੱਪੜ ਵਿੱਚੋਂ ਮਿਲੀ ਸੀ। ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਇਸ ਮਾਮਲੇ ਦੇ ਕਥਿਤ ਸ਼ੱਕੀ ਇੱਕ ਵਿਅਕਤੀ ਨੂੰ ਦਰੱਖ਼ਤ ਨਾਲ ਬੰਨ੍ਹ ਦਿੱਤਾ ਅਤੇ ਉਸ ਦੀ ਭੀੜ ਵੱਲੋਂ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਪੁਲੀਸ ਨੇ ਮਾਮਲੇ ਵਿਚ ਦਖ਼ਲ ਦਿੰਦਿਆਂ ਇਸ ਚਾਲੀ ਸਾਲਾ ਵਿਅਕਤੀ ਨੂੰ ਬਚਾਇਆ ਅਤੇ ਹਸਪਤਾਲ ਪਹੁੰਚਾਇਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਇਕ ਹੋਰ ਵਿਅਕਤੀ ਜਿਸ 'ਤੇ ਇਸ ਮਾਮਲੇ ਦਾ ਵਿਚ ਸ਼ਾਮਲ ਹੋਣ ਦਾ ਸ਼ੱਕ ਹੈ, ਨੇ ਸਥਾਨਕ ਪੁਲਸ ਥਾਣੇ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਪਿੰਡ ਵਾਸੀਆਂ ਵੱਲੋਂ ਪੀੜਤ ਲਈ ਇਨਸਾਫ਼ ਅਤੇ ਆਤਮ ਸਮਰਪਣ ਕਰਨ ਵਾਲੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕਰਦਿਆਂ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ।

ਇਸ ਕਾਰਨ ਇਲਾਕੇ ਵਿਚ ਕਾਫ਼ੀ ਤਣਾਅ ਬਣਿਆ ਹੋਇਆ ਹੈ। ਇਲਾਕੇ 'ਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਭਾਰੀ ਪੁਲੀਸ ਬਲ ਤਾਇਨਾਤ ਕੀਤਾ ਗਿਆ ਹੈ।

# ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਲੋਕਾਂ ਨੂੰ ਭਗਵਾਨ ਵਿਸ਼ਵਕਰਮਾ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਕੀਤੀ ਅਪੀਲ

**ਚੰਡੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ਨੀਵਾਰ ਨੂੰ ਕਿਹਾ ਕਿ ਸਾਡੀ ਧਰਤੀ 'ਤੇ ਸ਼ਿਲਪਕਾਰੀ, ਆਰਕੀਟੈਕਚਰ ਅਤੇ ਇੰਜੀਨੀਅਰਿੰਗ ਦੀ ਸਿਰਜਣਾ ਦਾ ਸਿਹਰਾ ਭਗਵਾਨ ਵਿਸ਼ਵਕਰਮਾ ਜੀ ਨੂੰ ਜਾਂਦਾ ਹੈ। ਵਿਸ਼ਵਕਰਮਾ ਦਿਵਸ ਮਨਾਉਣ ਲਈ ਇੱਥੇ ਮਿਲਰ ਗੰਜ ਸਥਿਤ ਭਗਵਾਨ ਵਿਸ਼ਵਕਰਮਾ ਮੰਦਿਰ ਵਿਖੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਸੌਂਦ ਨੇ ਕਿਹਾ ਕਿ ਵਿਸ਼ਵ-ਵਿਆਪੀ ਉਦਯੋਗਿਕ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ ਭਗਵਾਨ ਵਿਸ਼ਵਕਰਮਾ ਜੀ ਦੇ ਆਸ਼ੀਰਵਾਦ ਦਾ ਸਿੱਧਾ ਨਤੀਜਾ ਹੈ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਸ੍ਰੀ ਅਸ਼ੋਕ ਪਰਾਸ਼ਰ ਪੱਪੀ, ਡੀ.ਸੀ ਸ੍ਰੀ ਜਤਿੰਦਰ ਜੋਰਵਾਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਭਰ ਦੇ ਨੌਜਵਾਨਾਂ ਲਈ ਹੁਨਰ ਵਿਕਾਸ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ, ਜਿਸ ਦਾ ਉਦੇਸ਼ ਉਨ੍ਹਾਂ ਨੂੰ ਭਗਵਾਨ ਵਿਸ਼ਵਕਰਮਾ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਅਨੁਸਾਰ ਮਾਣ ਅਤੇ ਸਵੈ-ਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਉਣਾ ਹੈ। ਭਗਵਾਨ ਵਿਸ਼ਵਕਰਮਾ ਨੂੰ ਬ੍ਰਹਿਮੰਡ ਦੇ ਸਰਵ ਉੱਚ ਆਰਕੀਟੈਕਟ ਵਜੋਂ ਸਤਿਕਾਰਿਆ ਜਾਂਦਾ ਹੈ, ਜਿਸ ਨੂੰ ਉਦਯੋਗਿਕ ਪ੍ਰਕਿਰਿਆਵਾਂ ਵਿੱਚ ਵਰਤੀਆਂ ਜਾਂਦੀਆਂ ਸਾਰੀਆਂ ਮਸ਼ੀਨਰੀ ਅਤੇ ਸੰਦਾਂ ਦੇ ਮਾਸਟਰ ਵਜੋਂ ਜਾਣਿਆ ਜਾਂਦਾ ਹੈ।

ਲੋਕਾਂ ਨੂੰ ਭਗਵਾਨ ਵਿਸ਼ਵਕਰਮਾ ਦੀਆਂ ਸਿੱਖਿਆਵਾਂ ਦੀ ਨਕਲ ਕਰਨ ਲਈ ਉਤਸ਼ਾਹਿਤ ਕਰਦੇ ਹੋਏ, ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਰਾਜ ਭਰ ਵਿੱਚ ਹੁਨਰ ਵਿਕਾਸ ਨੂੰ ਸਮਰਥਨ ਦੇਣਾ ਭਗਵਾਨ ਵਿਸ਼ਵਕਰਮਾ ਨੂੰ ਇੱਕ ਢੁਕਵੀਂ ਸ਼ਰਧਾਂਜਲੀ ਹੋਵੇਗੀ।

ਵਿਧਾਇਕ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਨੇ ਵੀ ਲੋਕਾਂ ਖਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨੌਕਰੀਆਂ ਦੇ ਨਵੇਂ ਮੌਕੇ ਹਾਸਲ ਕਰਨ ਲਈ ਆਪਣੀ ਕਾਬਲੀਅਤ ਨੂੰ ਨਿਖਾਰਨ ਲਈ ਆਪਣੇ ਪੇਸ਼ੇਵਰ ਹੁਨਰ ਨੂੰ ਨਿਖਾਰਨ।

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਵੀ ਮੰਦਿਰ ਵਿੱਚ ਮੱਥਾ ਟੇਕਿਆ। ਕੈਬਨਿਟ ਮੰਤਰੀ ਸ੍ਰੀ ਸੌਂਦ ਨੇ ਮੰਦਰ ਲਈ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਅਤੇ ਲੰਬਿਤ ਕੰਮਾਂ ਨੂੰ ਪੂਰਾ ਕਰਨ ਲਈ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਕੈਬਨਿਟ ਮੰਤਰੀ ਨੇ ਸ੍ਰੀ ਅਵਤਾਰ ਸਿੰਘ ਬਿਰਦੀ, ਸ੍ਰੀ ਰਘਬੀਰ ਸਿੰਘ ਸੈਂਬੀ, ਸ੍ਰੀ ਜਗੀਰ ਸਿੰਘ, ਸ੍ਰੀ ਪਰਮਜੀਤ ਸਿੰਘ, ਸ੍ਰੀ ਸੰਦੀਪ ਸਿੰਘ, ਸ੍ਰੀ ਗੁਰਮੁੱਖ ਸਿੰਘ, ਸ੍ਰੀ ਹਰਸ਼ਰਨ ਸਿੰਘ, ਸ੍ਰੀ ਹਰਵਿੰਦਰ ਸਿੰਘ ਹੁੰਜਣ, ਸ੍ਰੀ ਜਤਿੰਦਰ ਸਿੰਘ ਬਿਰਦੀ, ਸ੍ਰੀ ਹਰਨੇਕ ਸਿੰਘ ਸੌਂਦ, ਸ੍ਰੀ ਤਲਵਿੰਦਰ ਸਿੰਘ ਸਮੇਤ ਕਈ ਉੱਘੇ ਉਦਯੋਗਪਤੀਆਂ ਨੂੰ ਸਨਮਾਨਿਤ ਵੀ ਕੀਤਾ। ਸ੍ਰੀ ਭੁਪਿੰਦਰ ਸਿੰਘ ਸੈਂਬੀ ਨੂੰ ਵਿਸ਼ਵਕਰਮਾ ਐਵਾਰਡਾਂ ਨਾਲ ਸਨਮਾਨਿਤ ਕੀਤਾ। ਇਲਾਵਾ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੀ ਵੰਡੀਆਂ ਗਈਆਂ।

ਇਸ ਮੌਕੇ ਮੰਦਿਰ ਕਮੇਟੀ ਦੇ ਪ੍ਰਧਾਨ ਸ੍ਰੀ ਰਣਜੀਤ ਕੁਮਾਰ ਸੱਲ੍ਹ, ਜਨਰਲ ਸਕੱਤਰ ਸ੍ਰੀ ਅਸ਼ੀਸ਼ ਧੀਮਾਨ ਸੱਲ੍ਹ, ਸ੍ਰੀ ਅਮਰਜੀਤ ਸਿੰਘ ਟਿੱਕਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਭਗਵਾਨ ਵਿਸ਼ਵਕਰਮਾ ਜੀ ਨੂੰ ਮੰਨਣ ਵਾਲਿਆਂ ਨੇ ਦੇਸ਼ ਅਤੇ ਸਮਾਜ ਦੀ ਤਰੱਕੀ 'ਚ ਅਹਿਮ ਯੋਗਦਾਨ ਪਾਇਆ : ਡਾ. ਬਲਬੀਰ ਸਿੰਘ



ਸਿਹਤ ਮੰਤਰੀ ਡਾ. ਬਲਬੀਰ ਸਿੰਘ ਲਾਹੌਰੀ ਗੇਟ ਵਿਖੇ ਸਥਿਤ ਭਗਵਾਨ ਸ੍ਰੀ ਵਿਸ਼ਵਕਰਮਾ ਮੰਦਿਰ ਵਿਖੇ ਸ੍ਰੀ ਵਿਸ਼ਵਕਰਮਾ ਜੀ ਦੇ ਮਹਾਨ ਪੂਜਾ ਉਤਸਵ ਮੌਕੇ ਸ਼ਿਰਕਤ ਕਰਦੇ ਹੋਏ।

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਲਾਹੌਰੀ ਗੇਟ ਵਿਖੇ ਸਥਿਤ ਭਗਵਾਨ ਸ੍ਰੀ ਵਿਸ਼ਵਕਰਮਾ ਮੰਦਿਰ ਵਿਖੇ ਸ੍ਰੀ ਵਿਸ਼ਵਕਰਮਾ ਜੀ ਦੇ ਮਹਾਨ ਪੂਜਾ ਉਤਸਵ ਮੌਕੇ ਸ਼ਿਰਕਤ ਕੀਤੀ।

ਸ੍ਰੀ ਵਿਸ਼ਵਕਰਮਾ ਚੈਰੀਟੇਬਲ, ਐਜੂਕੇਸ਼ਨ ਅਤੇ ਵੈਲਫੇਅਰ ਟਰੱਸਟ ਵੱਲੋਂ ਕਰਵਾਏ ਸਮਾਗਮ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਿਸ਼ਵਕਰਮਾ ਜੀ ਨੂੰ ਮੰਨਣ ਵਾਲੇ ਮਿਹਨਤਕਸ਼ ਲੋਕਾਂ ਨੇ ਦੇਸ਼ ਤੇ ਸਮਾਜ ਦੀ ਤਰੱਕੀ 'ਚ ਅਹਿਮ ਯੋਗਦਾਨ ਪਾਇਆ ਹੈ। ਸਿਹਤ ਮੰਤਰੀ ਨੇ ਸ੍ਰੀ ਵਿਸ਼ਵਕਰਮਾ ਜੀ ਦੇ ਮਹਾਨ ਪੂਜਾ ਉਤਸਵ ਦੀ ਵਧਾਈ ਦਿੰਦਿਆਂ ਸੱਦਾ ਦਿੱਤਾ ਕਿ ਪ੍ਰਦੂਸ਼ਣ ਮੁਕਤ ਵਾਤਾਵਰਣ ਲਈ ਹਰ ਨਾਗਰਿਕ ਨੂੰ ਆਪਣਾ ਯੋਗਦਾਨ ਜ਼ਰੂਰ ਪਾਵੇ।

ਇਸ ਤੋਂ ਪਹਿਲਾਂ ਡਾ. ਬਲਬੀਰ ਸਿੰਘ ਭਗਵਾਨ ਸ੍ਰੀ ਵਿਸ਼ਵਕਰਮਾ ਮੰਦਿਰ ਵਿਖੇ ਨਤਮਸਤਕ ਹੋਏ ਅਤੇ ਅਮਨ-ਸ਼ਾਂਤੀ, ਆਪਸੀ ਭਾਈਚਾਰਕ ਸਾਂਝ ਤੇ ਸਮਾਜ ਦੀ ਚੜ੍ਹਦੀਕਲਾ ਦੀ ਅਰਦਾਸ ਕੀਤੀ। ਉਨ੍ਹਾਂ ਦੇ ਨਾਲ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਬਲਤੇਜ ਪੰਨੂ ਅਤੇ ਐਡਵੋਕੇਟ ਰਾਹੁਲ ਸੈਣੀ ਸਮੇਤ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਦਿਵਾਲੀ ਮੌਕੇ ਖ਼ਤਰਨਾਕ ਪੱਧਰ 'ਤੇ ਵਧੇ ਪ੍ਰਦੂਸ਼ਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਪੀਲ ਕੀਤੀ ਕਿ ਛੋਟੇ ਬੱਚਿਆਂ ਤੇ ਬਜ਼ੁਰਗਾਂ ਨੂੰ ਬਿਮਾਰੀਆਂ ਤੋਂ ਬਚਾਉਣ ਸਮੇਤ ਸਾਂਹ, ਛਾਤੀ ਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਣ ਲਈ ਪਟਾਕੇ ਵਜਾਉਣ ਤੋਂ ਸਦਾ ਲਈ ਗੁਰੇਜ਼ ਕੀਤਾ ਜਾਵੇ। ਇਸ ਤੋਂ ਬਿਨ੍ਹਾਂ ਕੂੜੇ ਤੇ ਪਰਾਲੀ ਨੂੰ ਅੱਗ ਵੀ ਨਾ ਲਗਾਈ ਜਾਵੇ, ਕਿਉਂਕਿ ਅਜਿਹਾ ਹੋਣ ਨਾਲ ਬਹੁਤ ਗੰਭੀਰ ਬਿਮਾਰੀਆਂ ਲੱਗ ਰਹੀਆਂ ਹਨ।

ਇਸ ਮੌਕੇ ਵਿਸ਼ਵਕਰਮਾ ਮੰਦਿਰ ਕਮੇਟੀ ਦੇ ਪ੍ਰਧਾਨ ਸੁਰਜੀਤ ਸਿੰਘ ਮਹਿਲ, ਸੀਨੀਅਰ ਮੀਤ ਪ੍ਰਧਾਨ ਕੇਸਰ ਸਿੰਘ, ਮੀਤ ਪ੍ਰਧਾਨ ਨਰਿੰਦਰ ਸਿੰਘ, ਸਕੱਤਰ ਜਤਿੰਦਰ ਸਿੰਘ, ਲੀਗਲ ਸਲਾਹਕਾਰ ਅਮਰੀਕ ਸਿੰਘ ਧੀਮਾਨ, ਸਰਬਜੀਤ ਸਿੰਘ ਧੀਮਾਨ ਜੈ ਭਾਰਤ ਕੰਬਾਇਨ ਤੇ ਵੇਦ ਕਪੂਰ ਨੇ ਡਾ. ਬਲਬੀਰ ਸਿੰਘ ਦਾ ਸਨਮਾਨ ਕੀਤਾ। ਸਿਹਤ ਮੰਤਰੀ ਨੇ ਕਮੇਟੀ ਵੱਲੋਂ ਦਿੱਤੇ ਮੰਗ ਪੱਤਰ 'ਚ ਦਰਜ ਮੰਗਾਂ ਪੂਰੀਆਂ ਕਰਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰੇਕ ਮਿਹਨਤਕਸ਼ ਵਿਅਕਤੀ ਦੇ ਨਾਲ ਖੜ੍ਹੀ ਹੈ।

ਸਮਾਗਮ ਮੌਕੇ ਸਾਬਕਾ ਏ.ਡੀ.ਜੀ.ਪੀ. ਗੁਰਿਦਰ ਸਿੰਘ ਢਿੱਲੋਂ, ਸਰਪ੍ਰਸਤ ਸੁਖਦੇਵ ਸਿੰਘ, ਬਾਬੂ ਰਮੇਸ਼ ਧੀਮਾਨ ਮੈਨੇਜਰ, ਕੁਲਦੀਪ ਸਿੰਘ ਖ਼ਜ਼ਾਨਚੀ, ਹਰਵਿੰਦਰ ਸਿੰਘ, ਸੁਰਤੀਨਾਥ ਜੰਡੂ, ਗੁਰਸ਼ਰਨ ਸਿੰਘ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਮਨੋਜ ਸੱਗੂ, ਵਿਕਰਮ ਸੱਗੂ, ਹਰਿਦਰ ਸਿੰਘ ਸਨੌਰੀ ਅੱਡਾ, ਸਨਦੀਪ ਸੱਗੂ ਤੇ ਹੋਰ ਪਤਵੰਤੇ ਮੌਜੂਦ ਸਨ। ਇਸ ਮੌਕੇ ਮੈਡੀਕਲ ਕੈਂਪ ਵੀ ਲਗਾਇਆ ਗਿਆ।

# ਝੋਨੇ ਦੀ ਖ੍ਰੀਦ/ਚੁਕਾਈ, ਅਤੇ ਡੀਏਪੀ ਪਰਾਲੀ ਦੀਆ ਮੰਗਾ ਨਾ ਮੰਨਣ ਤੇ ਕਰਾਂਗੇ ਚੋਣ ਲੜ ਰਹੇ ਉਮੀਦਵਾਰਾਂ ਦੇ ਘਰਾਂ ਦਾ ਘਿਰਾਓ : ਉਗਰਾਹਾਂ

**ਬਰਨਾਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਨਿਰਵਿਘਨ ਖ੍ਰੀਦ ਅਤੇ ਚੁਕਾਈ ਸਮੇਤ ਡੀ ਏ ਪੀ ਅਤੇ ਪਰਾਲ਼ੀ ਬਾਰੇ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਵਿਰੁੱਧ 16-17 ਦਿਨਾਂ ਤੋਂ ਵਿੱਢੇ ਗਏ 52 ਪੱਕੇ ਮੋਰਚਿਆਂ ਦੀ ਥਾਂ 4 ਨਵੰਬਰ ਤੋਂ ਜ਼ਿਮਨੀ ਚੋਣ ਹਲਕਿਆਂ ਵਿੱਚ ਭਾਜਪਾ ਤੇ ਆਪ ਦੇ ਉਮੀਦਵਾਰਾਂ ਦੇ ਘਰਾਂ ਦਫ਼ਤਰਾਂ ਅੱਗੇ ਕੇਂਦ੍ਰਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇੱਥੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ ਅੱਜ ਚੀਮਾ ਵਿਖੇ ਹੋਈ ਸੂਬਾ ਕਮੇਟੀ ਮੀਟਿੰਗ ਦੌਰਾਨ ਟੌਲ ਪਲਾਜ਼ਿਆਂ @ਤੇ ਚੱਲ ਰਹੇ ਪੱਕੇ ਪਰਚੀ ਮੁਕਤ ਮੋਰਚੇ ਜਿਉਂ ਦੇ ਤਿਉਂ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਦੋਨਾਂ ਸਰਕਾਰਾਂ ਦੇ ਮੰਤ੍ਰੀਆਂ ਵੱਲੋਂ ਝੋਨੇ ਦਾ ਦਾਣਾ ਦਾਣਾ ਖ੍ਰੀਦਣ ਬਾਰੇ ਦਾਗੇ ਜਾ ਰਹੇ ਬਿਆਨ ਸਰਾਸਰ ਥੋਥੇ ਸਾਬਤ ਹੋ ਰਹੇ ਹਨ। ਮੰਡੀਆਂ ਵਿੱਚ ਝੋਨੇ ਦੀ ਖ੍ਰੀਦ ਅਤੇ ਚੁਕਾਈ ਵਿੱਚ ਹੋ ਰਹੀ ਨਾ-ਸਹਿਣਯੋਗ ਦੇਰੀ ਵਿਰੁੱਧ ਕਿਸਾਨਾਂ ਵੱਲੋਂ ਸੰਬੰਧਿਤ ਅਧਿਕਾਰੀਆਂ ਜਾਂ ਵੋਟਾਂ ਟੋਹਰ ਵਜੋਂ ਦੌਰਾ ਕਰਨ ਆਏ ਸਿਆਸੀ ਆਗੂਆਂ ਦੇ ਘਿਰਾਓ ਵੀ ਕੀਤੇ ਜਾਣਗੇ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਜਿਨ੍ਹਾਂ ਥਾਂਵਾਂ ਤੇ ਗੈਰ ਜਥੇਬੰਦ ਕਿਸਾਨਾਂ ਦੀ ਮਜਬੂਰੀ ਦਾ ਨਜਾਇਜ਼ ਲਾਹਾ ਲੈ ਕੇ ਵੱਧ ਨਮੀ ਦੇ ਬਹਾਨੇ ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਦੀ ਮਿਲੀਭੁਗਤ ਰਾਹੀਂ ਪ੍ਰਤੀ ਕੁਇੰਟਲ ਕਟੌਤੀ ਕੀਤੀ ਜਾ ਰਹੀ ਹੈ ਉਨ੍ਹਾਂ ਵਿਰੁੱਧ ਸਖ਼ਤ ਜਨਤਕ ਐਕਸ਼ਨ ਕੀਤੇ ਜਾਣਗੇ।ਇਸ ਤਰ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਏ ਕਿਸਾਨਾਂ ਤੋਂ ਵੇਰਵੇ ਹਾਸਲ ਕਰਕੇ ਕਟੌਤੀ ਵਾਪਸ ਕਰਾਉਣ ਲਈ ਘਿਰਾਓ ਵੀ ਕੀਤੇ ਜਾਣਗੇ।ਇਸ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਕੱਲ੍ਹ 3 ਨਵੰਬਰ ਨੂੰ ਜ਼ਿਲ੍ਹਾ ਪੱਧਰੇ ਇਕੱਠ ਕਰਕੇ ਨਵੀਆਂ ਥਾਵਾਂ ਦੇ ਬਾਕਾਇਦਾ ਐਲਾਨ ਕੀਤੇ ਜਾਣਗੇ। ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਵੱਲੋਂ ਪਰਾਲੀ ਦੇ ਅੱਗ-ਰਹਿਤ ਨਿਪਟਾਰੇ ਲਈ ਲੋੜੀਂਦੀਆਂ ਮਸ਼ੀਨਾਂ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਕਿਸਾਨਾਂ ਨੂੰ ਮੁਹੱਈਆ ਕਰਨ, ਜਾਂ ਫਿਰ ਝੋਨੇ @ਤੇ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦੀ ਮੰਗ ਉੱਤੇ ਜ਼ੋਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਕੋਈ ਵੀ ਮੰਗ ਨਾ ਮੰਨੇ ਜਾਣ ਕਰਕੇ ਮਜਬੂਰੀ ਵੱਸ ਪਰਾਲ਼ੀ ਸਾੜ ਰਹੇ ਕਿਸਾਨਾਂ ਵਿਰੁੱਧ ਮੁਕੱਦਮੇ/ਜੁਰਮਾਨੇ/ਵਰੰਟ/ਲਾਲ ਐਂਟ੍ਰੀਆਂ ਦਾ ਜਾਬਰ ਸਿਲਸਿਲਾ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਸਿਲਸਿਲਾ ਤੁਰੰਤ ਬੰਦ ਕਰਕੇ ਉਕਤ ਮੰਗਾਂ ਮੰਨਣ @ਤੇ ਜ਼ੋਰ ਦਿੱਤਾ ਗਿਆ। ਅੱਜ ਵੀ 52 ਥਾਂਵਾਂ ਤੇ ਹੋਏ ਭਾਰੀ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਝੋਨੇ ਦੀ ਨਿਰਵਿਘਨ ਖ੍ਰੀਦ ਅਤੇ ਚੁਕਾਈ ਸਮੇਤ ਪਰਾਲ਼ੀ ਅਤੇ ਡੀ ਏ ਪੀ ਬਾਰੇ @ਕੱਲੀ @ਕੱਲੀ ਮੰਗ ਗਿਣ ਕੇ ਇਹ ਮੰਗਾਂ ਤੁਰੰਤ ਮੰਨੇ ਜਾਣ ਉੱਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਝੋਨੇ ਦੀ ਨਿਰਵਿਘਨ ਖ੍ਰੀਦ ਅਤੇ ਚੁਕਾਈ ਨਾ ਕਰਨ ਬਾਰੇ ਦੋਨੋਂ ਸਰਕਾਰਾਂ ਇੱਕ ਦੂਜੇ ਵੱਲ ਉਂਗਲ ਕਰ ਰਹੀਆਂ ਹਨ, ਪ੍ਰੰਤੂ ਆਪੋ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ।

# ਪੱਤਰਕਾਰਾਂ ਨੂੰ ਬੁਰਾਈਆਂ ਖਤਮ ਕਰਨ ਲਈ ਕਲਮ ਦੀ ਵਰਤੋਂ ਕਰਨ ਦਾ ਸੱਦਾ



**ਸ਼ਾਹਬਾਦ ਮਾਰਕੰਡਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੀਤਾ ਮਨੀਸ਼ੀ ਸੁਆਮੀ ਗਿਆਨਾ ਨੰਦ ਜੀ ਮਹਾਰਾਜ ਨੇ ਕਿਹਾ ਹੈ ਕਿ ਭਾਰਤੀ ਤਿਉਹਾਰ ਸਾਨੂੰ ਅਮੀਰ ਅਤੀਤ ਨਾਲ ਜੁੜੇ ਰੱਖਣ ਦਾ ਕੰਮ ਕਰਦੇ ਹਨ। ਤਿਉਹਾਰਾਂ ਰਾਹੀਂ ਅਸੀਂ ਆਪਣੇ ਅਤੀਤ ਨੂੰ ਸਮਝਣ ਦੇ ਯੋਗ ਹੁੰਦੇ ਹਾਂ। ਦੀਵਾਲੀ ਰੌਸ਼ਨੀ ਦਾ ਤਿਉਹਾਰ, ਹਨੇਰੇ ਤੋਂ ਰੋਸ਼ਨੀ ਦੀ ਪ੍ਰੇਰਨਾ ਦਿੰਦਾ ਹੈ। ਉਹ ਅੱਜ ਕੁਰੂਕਸ਼ੇਤਰ ਪ੍ਰੈੱਸ ਕਲੱਬ ਵੱਲੋਂ ਕਰਵਾਏ ਗਏ ਦੀਵਾਲੀ ਮਿਲਨ ਸਮਾਰੋਹ ਵਿੱਚ ਬੋਲ ਰਹੇ ਸਨ। ਇਸ ਪ੍ਰੋਗਰਾਮ ਵਿਚ ਅੰਬਾਲਾ ਡਿਵੀਜ਼ਨ ਦੀ ਕਮਿਸ਼ਨਰ ਗੀਤਾ ਭਾਰਤੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਜੋਗਪਾਲ, ਪੁਲੀਸ ਕਪਤਾਨ ਵਰੁਣ ਸਿੰਗਲਾ, ਵਧੀਕ ਡਿਪਟੀ ਕਮਿਸ਼ਨਰ ਸੋਨੂੰ ਭੱਟ, ਐੱਸਡੀਐੱਮ ਥਾਨੇਸਰ ਕਪਿਲ ਸ਼ਰਮਾ, ਹਰਿਆਣਾ ਕਲਾ ਪ੍ਰੀਸ਼ਦ ਦੇ ਡਾਇਰੈਕਟਰ ਨਗੇਂਦਰ ਸ਼ਰਮਾ ਤੇ ਸਮਾਜ ਸੇਵੀ ਕ੍ਰਿਸ਼ਨ ਛਾਬੜਾ ਵਿਸ਼ੇਸ਼ ਮਹਿਮਾਨ ਰਹੇ। ਸੁਆਮੀ ਗਿਆਨਾ ਨੰਦ ਨੇ ਕਿਹਾ ਕਿ ਭਗਵਾਨ ਰਾਮ 14 ਸਾਲ ਦੇ ਬਨਵਾਸ ਤੋਂ ਬਾਅਦ ਅਯੁੱਧਿਆ ਪੁੱਜੇ, ਆਪਣੇ ਬਨਵਾਸ ਦੌਰਾਨ ਵੀ ਉਨ੍ਹਾਂ ਸਮਾਨਤਾ, ਸਦਭਾਵਨਾ ਤੇ ਇਕ ਨਵਾਂ ਵਾਤਾਵਰਣ ਬਨਾਉਣ ਲਈ ਕੰਮ ਕੀਤਾ। ਉਨ੍ਹਾਂ ਕਿਹਾ ਕਿ ਇਸ ਵਾਰ ਦੀਵਾਲੀ ਖਾਸ ਹੈ ਕਿਉਂਕਿ ਰਾਮ ਚੰਦਰ ਬੱਚੇ ਦੇ ਰੂਪ ਵਿਚ ਅਯੁੱਧਿਆ ਵਿਚ ਬਿਰਾਜਮਾਨ ਹੋਏ ਹਨ। ਅੰਬਾਲਾ ਡਿਵੀਜ਼ਨ ਦੀ ਕਮਿਸ਼ਨਰ ਗੀਤਾ ਭਾਰਤੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਆਪਣੀ ਕਲਮ ਦੀ ਤਾਕਤ ਨੂੰ ਪਹਿਚਾਨਣਾ ਪਵੇਗਾ ਤੇ ਉਸਾਰੂ ਸੋਚ ਨਾਲ ਪੱਤਰਕਾਰਾਂ ਨੂੰ ਬੁਰਾਈਆਂ ਨੂੰ ਖਤਮ ਕਰਨ ਲਈ ਆਪਣੀ ਕਲਮ ਦੀ ਵਰਤੋਂ ਕਰਨੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਰਾਜੇਸ਼ ਜੋਗਪਾਲ ਨੇ ਕਿਹਾ ਕਿ ਮੀਡੀਆ ਨੂੰ ਵੱਧ ਤੋਂ ਵੱਧ ਪ੍ਰਚਾਰ ਕਰਕੇ ਪਟਾਕਿਆਂ ਤੋਂ ਬਿਨਾਂ ਦੀਵਾਲੀ ਮਨਾਉਣ ਦਾ ਸੁਨੇਹਾ ਦੇਣਾ ਚਾਹੀਦਾ ਹੈ। ਆਖਰ ਵਿੱਚ ਸੀਨੀਅਰ ਪੱਤਰਕਾਰ ਡੀਆਰ ਵਿਜ ਦੇ ਦੇਹਾਂਤ ’ਤੇ ਦੋ ਮਿੰਟ ਦਾ ਮੌਨ ਧਾਰ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਬਾਬੂ ਰਾਮ ਤੁਸ਼ਾਰ, ਜਸਬੀਰ ਸਿੰਘ ਦੁੱਗਲ, ਕਮਲ ਸੈਣੀ, ਸੁਖਬੀਰ ਸੈਣੀ ਹਾਜ਼ਰ ਸਨ।

# ਵਿਦੇਸ਼ ਭੇਜਣ ਦੇ ਨਾਮ ’ਤੇ ਲੱਖਾਂ ਦੀ ਠੱਗੀ ਮਾਰੀ

**ਰਤੀਆ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਲਾਲੀ ਵਾਸੀ ਨੌਜਵਾਨ ਨਾਲ ਯੂਰਪ ਭੇਜਣ ਦੇ ਨਾਮ ’ਤੇ ਲੱਖਾਂ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਸਦਰ ਰਤੀਆ ਪੁਲੀਸ ਨੇ ਪੀੜਤ ਦੀ ਸ਼ਿਕਾਇਤ ’ਤੇ ਕੁਰੂਕਸ਼ੇਤਰ ਵਾਸੀ ਜੋੜੇ ਦੇ ਨਾਲ ਨਾਲ ਕੁੱਲ 5 ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਏਜੰਟ ਸੰਦੀਪ ਕੁਮਾਰ ਵਾਸੀ ਕਿਸ਼ਨਪੁਰਾ ਪਿਪਲੀ ਤੋਂ ਇਲਾਵਾ ਉਸ ਦੀ ਪਤਨੀ ਪੂਜਾ, ਸਾਲਾ ਰਵੀ, ਝਾਰਖੰਡ ਵਾਸੀ ਪ੍ਰਦੀਪ ਕੁਮਾਰ ਅਤੇ ਪੱਛਮ ਬੰਗਾਲ ਵਾਸੀ ਵਿਕਾਸ ਚੰਦਰ ਉਰਫ ਵਿੱਕੀ ਸ਼ਾਮਲ ਹੈ। ਪੁਲੀਸ ਕਪਤਾਨ ਅਤੇ ਸਾਈਬਰ ਕਰਾਈਮ ਰਾਹੀਂ ਪਿੰਡ ਲਾਲੀ ਦੇ ਪਰਮਾਨੰਦ ਨੇ ਸ਼ਿਕਾਇਤ ਦਿੰਦੇ ਹੋਏ ਦੱਸਿਆ ਕਿ ਉਹ ਪਿੰਡ ਵਿਚ ਖੇਤੀ ਦਾ ਕੰਮ ਕਰਦਾ ਹੈ ਅਤੇ ਉਹ ਆਪਣੇ ਲੜਕੇ ਮਿੱਠੂ ਨੂੰ ਜਰਮਨ ਭੇਜਣਾ ਚਾਹੁੰਦਾ ਸੀ। ਇਸ ਦੌਰਾਨ ਹੀ ਉਨ੍ਹਾਂ ਸੰਦੀਪ ਕੁਮਾਰ ਨਾਲ ਮੁਲਾਕਾਤ ਕੀਤੀ ਸੀ ਅਤੇ ਏਜੰਟ ਨੇ ਯਕੀਨ ਦਿਵਾਇਆ ਸੀ ਕਿ ਉਸ ਦੇ ਲੜਕੇ ਨੂੰ ਵਿਦੇਸ਼ ਜਰਮਨ ਦਾ ਵਰਕ ਵੀਜ਼ਾ ਲਗਵਾ ਕੇ 15 ਦਿਨ ਤੱਕ ਭੇਜ ਦੇਵੇਗਾ ਅਤੇ ਇਸ ਦੇ ਲਈ ਕਰੀਬ ਸਾਢੇ 13 ਲੱਖ ਰੁਪਏ ਖਰਚਾ ਆਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਭਰੋਸਾ ਦਿੱਤਾ ਸੀ ਕਿ ਜਦੋਂ ਵਰਕ ਵੀਜ਼ੇ ’ਤੇ ਲੜਕਾ ਵਿਦੇਸ਼ੀ ਜਰਮਨ ਵਿਚ ਪਹੁੰਚ ਜਾਵੇਗਾ ਉਸ ਵੇਲੇ ਪੂਰੀ ਰਾਸ਼ੀ ਲੈਣਗੇ। ਕੁੱਝ ਦਿਨ ਬਾਅਦ ਹੀ ਏਜੰਟ ਨੂੰ ਪਾਸਪੋਰਟ ਅਤੇ ਹੋਰ ਦਸਤਾਵੇਜ਼ ਸੌਂਪ ਦਿੱਤੇ।

15 ਦਿਨ ਉਪਰੰਤ ਸਬੰਧਤ ਏਜੰਟ ਵਲੋਂ ਸੂਚਨਾ ਆਈ ਕਿ ਉਨ੍ਹਾਂ ਦਾ ਸਪੇਨ ਯੂਰੋਪ ਦਾ ਵਰਕ ਵੀਜ਼ਾ ਲੱਗ ਚੁੱਕਾ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਸਬੰਧਤ ਏਜੰਟ ਨਾਲ ਉਨ੍ਹਾਂ ਦੇ ਵਟਸਐਪ ’ਤੇ ਟਿਕਟ ਭੇਜਣ ਦੀ ਗੱਲ ਕਹੀ ਤਾਂ ਏਜੰਟ ਨੇ ਉਨ੍ਹਾਂ ਨੂੰ ਦੁਬਈ ਦੀ ਜਾਅਲੀ ਟਿਕਟ ਭੇਜ ਦਿੱਤੀ। ਪਰਮਾਨੰਦ ਦਾ ਦੋਸ਼ ਹੈ ਕਿ ਇਸ ਤੋਂ ਬਾਅਦ ਉਕਤ ਲੋਕਾਂ ਨੇ ਉਸ ਦੇ ਪੁੱਤਰ ਅਤੇ ਦੂਸਰੇ ਨੌਜਵਾਨ ਨੂੰ ਪਹਿਲਾਂ ਦੁਬਈ ਅਤੇ ਫਿਰ ਸਾਊਦੀ ਅਰਬ ਭੇਜ ਦਿੱਤਾ। ਉਥੇ ਉਨ੍ਹਾਂ ਦਾ ਵੀਜ਼ਾ ਖਤਮ ਹੋ ਗਿਆ ਤਾਂ ਉਨ੍ਹਾਂ ਨੂੰ ਵਾਪਸ ਭਾਰਤ ਭੇਜ ਦਿੱਤਾ।

# ਦੀਵਾਲੀ ਦੇ ਮੱਦੇਨਜ਼ਰ ਵਿਦਿਆਰਥੀਆਂ ਦੇ ਮੁਕਾਬਲੇ

**ਸ਼ਾਹਬਾਦ ਮਾਰਕੰਡਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸ੍ਰੀ ਮਹਾਂਵੀਰ ਜੈਨ ਪਬਲਿਕ ਸਕੂਲ ਵਿਚ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗਾ ਕੇ ਰਾਮ ਦਾ ਗੁਣਗਾਨ ਕਰਦਿਆਂ ਕੀਤੀ। ਇਸ ਮੌਕੇ ਪ੍ਰੀ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ। ਇਸ ਵਿਚ ਪ੍ਰੀ ਨਰਸਰੀ ਤੋਂ ਤੀਜੀ ਜਮਾਤ ਦੇ ਵਿਦਿਆਰਥੀਆਂ ਲਈ ਸਜਾਵਟ, ਚੌਥੀ ਤੇ ਪੰਜਵੀ ਜਮਾਤ ਲਈ ਮੋਮਬੱਤੀ ਸਜਾਉਣ, 6ਵੀਂ ਤੋਂ 8ਵੀਂ ਜਮਾਤ ਤੱਕ ਵੰਦਨਾ ਵਾਈਜ਼ ਮੇਕਿੰਗ, 9ਵੀਂ ਤੋਂ 10 ਲਈ ਝੂਮਰ, 11ਵੀਂ ਤੋਂ 12ਵੀਂ ਲਈ ਰੰਗੋਲੀ ਮੁਕਾਬਲੇ ਕਰਾਏ ਗਏ। ਬੱਚਿਆਂ ਵੱਲੋਂ ਬਣਾਈਆਂ ਸੁੰਦਰ ਵਸਤਾਂ ਨੇ ਸਭ ਦਾ ਮਨ ਮੋਹ ਲਿਆ। ਬੱਚਿਆਂ ਨੇ ਕਵਿਤਾਵਾਂ ਤੇ ਭਜਨਾਂ ਰਾਹੀਂ ਸ੍ਰੀ ਰਾਮ ਦੇ ਗੁਣਗਾਨ ਕੀਤੇ । ਬੱਚਿਆਂ ਨੇ ਆਪਣੇ ਭਾਸ਼ਣਾਂ ਰਾਹੀਂ ਦੱਸਿਆ ਕਿ ਦੀਵਾਲੀ ਪੰਜ ਰੋਜ਼ਾ ਤਿਉਹਾਰ ਹੈ ਤੇ ਇਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮੰਜੂਲਾ ਗੋਇਲ ਨੇ ਬੱਚਿਆਂ ਨੂੰ ਦੀਵਾਲੀ ਦੀਆਂ ਸ਼ੁਭ ਕਾਮਨਾਵਾਂ ਦਿੰਦੇ ਹੋਏ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਅਪੀਲ ਕੀਤੀ ਤੇ ਕਿਹਾ ਕਿ ਜੇ ਅਸੀਂ ਆਪਣੇ ਜੀਵਨ ਨੂੰ ਸਿਹਤਮੰਦ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਵਾਤਾਵਰਨ ਪੱਖੀ ਦੀਵਾਲੀ ਮਨਾਉਣੀ ਚਾਹੀਦੀ ਹੈ ਤੇ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਹੀ ਕਰਨੀ ਚਾਹੀਦੀ ਹੈ। ਇਸ ਲਈ ਸਾਨੂੰ ਪਟਾਕਿਆਂ ਤੋਂ ਬਿਨਾਂ ਦੀਵਾਲੀ ਮਨਾਉਣੀ ਚਾਹੀਦੀ ਹੈ। ਸਕੂਲ ਦੀ ਪ੍ਰਿੰਸੀਪਲ ਪੂਜਾ ਸ਼ਰਮਾ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸੇ ਦੌਰਾਨ ਮਾਤ ਭੂਮੀ ਸੇਵਾ ਮਿਸ਼ਨ ਦੇ ਸੰਸਥਾਪਕ ਡਾ. ਸ੍ਰੀ ਪ੍ਰਕਾਸ਼ ਮਿਸ਼ਰਾ ਦੀਪ ਉਤਸਵ ਮੌਕੇ ਗਰੀਨ ਫੀਲਡ ਪਬਲਿਕ ਸਕੂਲ ਤੇ ਮਾਤ ਭੂਮੀ ਸਿੱਖਿਆ ਮੰਦਰ ਦੇ ਸਾਂਝੇ ਉਦਮ ਨਾਲ ਵਿਦਿਆਰਥੀਆਂ ਵਿਚਾਲੇ ਕਰਵਾਏ ਤਿਉਹਾਰ ਸੰਵਾਦ ਪ੍ਰੋਗਰਾਮ ਦੌਰਾਨ ਸ਼ਾਮਲ ਹੋਏ। ਪ੍ਰੋਗਰਾਮ ਦੀ ਆਰੰਭਤਾ ਭਾਰਤ ਮਾਤਾ ਦੀ ਤਸਵੀਰ ਅੱਗੇ ਵੈਦਿਕ ਮੰਤਰਾਂ ਦੇ ਜਾਪ ਨਾਲ ਕੀਤੀ ਗਈ। ਸ੍ਰੀ ਮਿਸ਼ਰਾ ਨੇ ਕਿਹਾ ਕਿ ਕੱਤਕ ਦੀ ਮੱਸਿਆ ਵਾਲੇ ਦਿਨ ਮਨਾਇਆ ਜਾਣ ਵਾਲਾ ਤਿਉਹਾਰ ਦੀਵਾਲੀ ਸਨਾਤਨ ਧਰਮ ਦੇ ਪੈਰੋਕਾਰਾਂ ਦੀ ਆਸਥਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ।ਇਹ ਤਿਉਹਾਰ ਭਗਵਾਨ ਸ੍ਰੀ ਰਾਮ ਚੰਦਰ ਦੀ ਲੰਕਾ ਦੇ ਰਾਜਾ ਰਾਵਣ ’ਤੇ ਜਿੱਤ ਤੇ ਆਪਣੀ ਚੌਦਾਂ ਸਾਲਾਂ ਦੀ ਜਲਾਵਤਨੀ ਪੂਰੀ ਕਰਨ ਤੋਂ ਬਾਅਦ ਅਯੁੱਧਿਆ ਵਾਪਸ ਪਰਤਣ ਦਾ ਜਸ਼ਨ ਮਨਾਉਣ ਲਈ ਮਨਾਇਆ ਜਾਂਦਾ ਹੈ। ਮਾਤ ਭੂਮੀ ਸੇਵਾ ਮਿਸ਼ਨ ਵਲੋਂ ਗਰੀਨ ਫੀਲਡ ਪਬਲਿਕ ਸਕੂਲ ਦੇ ਅਧਿਆਪਕਾਂ ਨੂੰ ਕਪੜੇ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਰੈਡੀਮੇਡ ਕੱਪੜਿਆਂ ਦੀ ਦੁਕਾਨ ’ਚ ਅੱਗ ਲੱਗੀ

**ਅੰਬਾਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅੰਬਾਲਾ ਛਾਉਣੀ ਦੇ ਸਦਰ ਬਾਜ਼ਾਰ ਵਿੱਚ ਅੱਜ ਤੜਕੇ ਰੈਡੀਮੇਡ ਕੱਪੜਿ?ਆਂ ਦੀ ਦੁਕਾਨ ਨੂੰ ਅੱਗ ਲੱਗ ਗਈ। ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਮੌਕੇ ’ਤੇ ਪਹੁੰਚ ਕੇ ਅੱਗ ਬੁਝਾਈ। ਜਾਣਕਾਰੀ ਅਨੁਸਾਰ ਅੱਜ ਸਵੇਰੇ 4 ਕੁ ਵਜੇਅੰਬਾਲਾ ਛਾਉਣੀ ਦੇ ਸਦਰ ਬਾਜ਼ਾਰ ਵਿੱਚ ਚੌਕੀਦਾਰੀ ਕਰ ਰਹੇ ਵਿਅਕਤੀ ਨੇ ਤੁਲਸੀ ਕ੍ਰਿਏਸ਼ਨ ਨਾਂ ਦੀ ਦੁਕਾਨ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਉਸ ਨੇ ਦੀਵਾਲੀ ਮੌਕੇ ਬਜ਼ਾਰ ਵਿਚ ਲੜੀਆਂ ਲਾ ਰਹੇ ਨੌਜਵਾਨਾਂ ਨੂੰ ਅੱਗ ਲੱਗਣ ਬਾਰੇ ਦੱਸਿਆ।ਨੌਜਵਾਨਾਂ ਨੇ ਦੁਕਾਨ ਦੇ ਮਾਲਕ ਅਰਜਨ ਬਜਾਜ ਨੂੰ ਫੋਨ ਕਰਕੇ ਅੱਗ ਲੱਗਣ ਦੀ ਸੂਚਨਾ ਦੇਣ ਦੀ ਕੋਸ਼ਿਸ਼ ਕੀਤੀ ਪਰ ਫੋਨ ਨਾ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਫਾਇਰ ਬ੍ਰਿਗੇਡ ਤੇ ਪੁਲੀਸ ਨੂੰ ਸੂਚਿਤ ਕੀਤਾ। ਕੁਝ ਸਮੇਂ ਬਾਅਦ ਫਾਇਰ ਬ੍ਰਿਗੇਡ ਅਤੇ ਪੁਲੀਸ ਮੌਕੇ ’ਤੇ ਪਹੁੰਚ ਗਈ ਤੇ ਫਾਇਰ ਕਰਮੀਆਂ ਨੇ ਅੱਗ ’ਤੇ ਕਾਬੂ ਪਾਇਆ।

ਦੁਕਾਨ ਮਾਲਕ ਅਰਜਨ ਬਜਾਜ ਨੇ ਦੱਸਿਆ ਕਿ ਦੁਕਾਨ ਵਿੱਚ ਤਿਆਰ ਸਾਮਾਨ ਰੱਖਿਆ ਹੋਇਆ ਸੀ। ਅੱਗ ਲੱਗਣ ਦੀ ਸੂਚਨਾ ਸਥਾਨਕ ਲੋਕਾਂ ਅਤੇ ਚੌਕੀਦਾਰ ਤੋਂ ਮਿਲੀ। ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

# ਰਤੀਆ ਦੇ ਭਗਤ ਸਿੰਘ ਚੌਕ ਨੇੜੇ ਬਣੇਗੀ ਪੁਲੀਸ ਚੌਕ ਪੋਸਟ

**ਰਤੀਆ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਪੁਲੀਸ ਕਪਤਾਨ ਆਸਥਾ ਮੋਦੀ ਦੇ ਦਿਸ਼ਾ ਨਿਰਦੇਸ਼ ਤੇ ਸ਼ਹਿਰ ਦੇ ਪ੍ਰਮੁੱਖ ਭੀੜ ਭਾੜ ਵਾਲੇ ਖੇਤਰ ਭਗਤ ਸਿੰਘ ਚੌਕ ਨੇੜੇ ਆਮ ਲੋਕਾਂ ਦੀ ਸਹੂਲਤ ਲਈ ਪੁਲੀਸ ਦੀ ਚੈਕ ਪੋਸਟ ਸਥਾਪਿਤ ਕੀਤੀ ਜਾ ਰਹੀ ਹੈ।




ਇਸ ਚੌਂਕ ਪੋਸਟ ’ਤੇ ਟਰੈਫਿਕ ਪੁਲੀਸ ਟੀਮ ਦੇ ਪ੍ਰਤੀਨਿਧੀਆਂ ਤੋਂ ਇਲਾਵਾ ਪੁਲੀਸ ਕਰਮਚਾਰੀਆਂ ਦੀ ਤਾਇਨਾਤੀ ਹੋਵੇਗੀ, ਜੋ ਨਾ ਕੇਵਲ ਟਰੈਫਿਕ ਦੀ ਵਿਵਸਥਾ ਨੂੰ ਠੀਕ ਕਰਨ ਵਿਚ ਹਮੇਸ਼ਾ ਤੱਤਪਰ ਰਹਿਣਗੇ, ਬਲਕਿ ਅਪਰਾਧਿਕ ਘਟਨਾਵਾਂ ਅਤੇ ਸ਼ੱਕੀ ਲੋਕਾਂ ’ਤੇ ਨਜ਼ਰ ਰੱਖਣ ਲਈ ਵੀ ਹਮੇਸ਼ਾ ਚੌਕਸ ਰਹਿਣਗੇ। ਹਾਲਾਂਕਿ ਮਾਡਲ ਟਾਊਨ ਇਲਾਕੇ ਦੇ ਲੋਕਾਂ ਦੀ ਮੰਗ ’ਤੇ ਪਹਿਲਾਂ ਤੋਂ ਹੀ ਮਦਰ ਇੰਡੀਆ ਸਕੂਲ ਨੇੜੇ ਸਥਾਪਿਤ ਕੀਤੇ ਗਏ ਨਵੇਂ ਅਗਰਸੈਨ ਚੌਕ ’ਤੇ ਵੀ ਪੁਲੀਸ ਵਿਭਾਗ ਨੇ ਚੈਂਕ ਪੋਸਟ ਬਣਾਈ ਹੋਈ ਹੈ। ਅਤੇ ਇੱਥੇ ਹਮੇਸ਼ਾ ਹੀ ਪੁਲੀਸ ਸਹਾਇਤਾ 112 ਦੀ ਟੀਮ ਤੋਂ ਇਲਾਵਾ ਹੋਰ ਪੁਲਸ ਕਰਮਚਾਰੀ ਤਾਇਨਾਤ ਰਹਿੰਦੇ ਹਨ। ਸ਼ਹਿਰ ਥਾਣਾ ਇੰਚਾਰਜ ਰਣਜੀਤ ਸਿੰਘ ਨੇ ਨਵੇਂ ਸਥਾਪਿਤ ਕੀਤੀ ਜਾ ਰਹੀ ਚੈਂਕ ਪੋਸਟ ਦੇ ਸਬੰਧ ਵਿਚ ਦੱਸਿਆ ਕਿ ਅਪਰਾਧਿਕ ਘਟਨਾਵਾਂ ਨੂੰ ਰੋਕਣ ਦੇ ਨਾਲ ਨਾਲ ਆਮ ਲੋਕਾਂ ਨੂੰ ਵਿਸ਼ੇਸ਼ ਸਹੂਲਤ ਦੇਣ ਲਈ ਹੀ ਪੁਲੀਸ ਕਪਤਾਨ ਦੇ ਹੁਕਮਾਂ ’ਤੇ ਭਗਤ ਸਿੰਘ ਚੌਕ ਨੇੜੇ ਮੰਡੀ ਮੋੜ ’ਤੇ ਨਵੀਂ ਚੈਂਕ ਪੋਸਟ ਬਣਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸਬੰਧਤ ਚੌਂਕ ਸ਼ਹਿਰ ਦਾ ਪ੍ਰਮੁੱਖ ਸੰਗਮ ਚੌਂਕ ਹੈ ਅਤੇ ਇਸ ਚੌਂਕ ’ਤੇ ਹਮੇਸ਼ਾ ਭੀੜ ਰਹਿਣ ਦੇ ਨਾਲ ਨਾਲ ਜਾਮ ਦੀ ਵੀ ਸਥਿਤੀ ਬਣੀ ਰਹਿੰਦੀ ਹੈ। ਉਨ੍ਹਾਂ ਭਗਤ ਸਿੰਘ ਚੌਂਕ ਅਤੇ ਮੰਡੀ ਮੋੜ ’ਤੇ ਰੇਹੜੀ ਲਗਾਉਣ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮਾਰਗ ’ਤੇ ਰਸਤਾ ਨਾ ਰੋਕਣ।

# ਨੌਕਰਾਣੀ ਨੇ ਬਿਰਧ ਮਹਿਲਾ ਨੂੰ ਅਗਵਾ ਕਰਵਾਇਆ

**ਅੰਬਾਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਸ਼ਹਿਰ ਦੇ ਬਲਦੇਵ ਨਗਰ ਵਿਚ ਆਪਣੇ ਪਤੀ ਨਾਲ ਰਹਿ ਰਹੀ ਬਿਰਧ ਵਿਪਿਨ ਛਿੱਬਰ (69) ਨੂੰ ਸੈਰ ਕਰਵਾਉਣ ਲਈ ਲੈ ਕੇ ਗਈ ਨੌਕਰਾਣੀ ਨੇ ਅਗਵਾ ਕਰਾ ਦਿੱਤਾ। ਹਾਲਾਂਕਿ ਪੁਲੀਸ ਨੇ ਜਲਦੀ ਦੀ ਮਾਮਲੇ ਨੂੰ ਸੁਲਝਾਉਂਦਿਆਂ ਨੌਕਰਾਣੀ ਤੇ ਉਸ ਦੇ ਭਰਾ ਦੇ ਦੋਸਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਲਗਪਗ ਸੱਤ ਮਹੀਨੇ ਪਹਿਲਾਂ ਕੰਮ ’ਤੇ ਰੱਖੀ ਯੂਪੀ ਦੀ ਰਹਿਣ ਵਾਲੀ ਵੀਨਾ ਆਪਣੀ ਮਾਲਕਣ ਬਿਰਧ ਵਿਪਨ ਛਿੱਬਰ ਨੂੰ ਰੋਜ਼ ਵਾਂਗ ਸੈਰ ਕਰਾਉਣ ਲਈ ਲੈ ਕੇ ਗਈ ਸੀ। ਲਗਪਗ ਸਵਾ ਘੰਟੇ ਬਾਅਦ ਵੀ ਵਾਪਸ ਨਾ ਮੁੜਨ ’ਤੇ ਉਸ ਦੇ ਪਤੀ ਸੁਰੇਸ਼ ਛਿੱਬਰ ਨੇ ਨੌਕਰਾਣੀ ਨੂੰ ਫੋਨ ਕਰਕੇ ਪੁੱਛਿਆ ਤਾਂ ਉਸ ਨੇ ਵਿਪਿਨ ਦੇ ਅਗਵਾ ਹੋਣ ਗੱਲ ਦੱਸੀ ਅਤੇ ਕਿਹਾ ਕਿ ਅਗਵਾਕਾਰ 12 ਲੱਖ ਰੁਪਏ ਮੰਗ ਰਿਹਾ ਹੈ।

ਸੁਰੇਸ਼ ਵੱਲੋਂ ਆਪਣੇ ਇਹ ਗੱਲ ਆਪਣੇ ਕੁੜਮ ਨੂੰ ਦੱਸੀ ਅਤੇ ਮਾਮਲਾ ਪੁਲੀਸ ਕੋਲ ਪਹੁੰਚ ਗਿਆ ਜਿਸ ਤੋਂ ਬਾਅਦ ਬਲਦੇਵ ਨਗਰ ਪੁਲੀਸ ਅਤੇ ਸੀਆਈਏ-1 ਦੀ ਟੀਮ ਮਹਿਲਾ ਦੀ ਤਲਾਸ਼ ਵਿਚ ਜੁੱਟ ਗਈ।

ਸੁਰੇਸ਼ ਮੁਤਾਬਕ ਉਸ ਦੀ ਪਤਨੀ ਨੇ ਸੋਨੇ ਦੇ ਕੜੇ, ਅੰਗੂਠੀ ਅਤੇ ਚੇਨ ਆਦਿ ਪਹਿਨੇ ਹੋਏ ਸਨ। ਅਗਲੇ ਦਿਨ ਸਵੇਰੇ ਨੌਕਰਾਣੀ ਵਿਪਿਨ ਨੂੰ ਲੈ ਕੇ ਘਰ ਪਹੁੰਚ ਗਈ। ਪੁਲੀਸ ਵੱਲੋਂ ਪੁੱਛ ਪੜਤਾਲ ਕਰਨ ’ਤੇ ਵੀਨਾ ਨੇ ਮੰਨਿਆ ਕਿ ਉਹ ਵਿਪਿਨ ਨੂੰ ਅਗਵਾ ਕਰਨ ਦੀ ਸਾਜ਼ਿਸ਼ ਵਿਚ ਉਹ ਸ਼ਾਮਲ ਸੀ। ਪੁਲੀਸ ਨੇ ਨੌਕਰਾਣੀ ਵੀਨਾ ਅਤੇ ਉਸ ਦੇ ਭਰਾ ਦੇ ਦੋਸਤ ਸੰਨੀ ਨੂੰ ਫੜ ਲਿਆ ਹੈ। ਐਸਐਚਓ ਸੁਨੀਲ ਦੱਤ ਨੇ ਦੱਸਿਆ ਕਿ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਮੁਲਜ਼ਮਾਂ ਕੋਲੋਂ ਵਿਪਨ ਛਿੱਬਰ ਦੀ ਮੁੰਦਰੀ ਅਤੇ ਚੂੜੀਆਂ ਬਰਾਮਦ ਕੀਤੀਆਂ ਜਾਣੀਆਂ ਹਨ। ਪੁਲੀਸ ਨੇ ਨੌਕਰਾਣੀ ਦੇ ਫੋਨ ਰਾਹੀਂ ਸੰਨੀ ਤੱਕ ਪਹੁੰਚੀ ਜਿਸ ਦੀ ਵਰਤੋਂ ਕਰ ਕੇ ਉਹ ਫਿਰੌਤੀ ਮੰਗ ਰਿਹਾ ਸੀ ਅਤੇ ਬਾਰ ਬਾਰ ਲੋਕੇਸ਼ਨ ਬਦਲ ਰਿਹਾ ਸੀ। ਪੁਲੀਸ ਅਨੁਸਾਰ ਸੰਨੀ ਨੌਕਰਾਣੀ ਦੇ ਭਰਾ ਦਾ ਦੋਸਤ ਹੈ। ਵੀਨਾ ਨੂੰ ਪਤਾ ਸੀ ਕਿ ਵਿਪਿਨ ਦੇ ਦੋਵੇਂ ਲੜਕੇ ਅਮਰੀਕਾ ’ਚ ਹਨ ਤੇ ਦੋਵੇਂ ਬਜ਼ੁਰਗ ਘਰ ’ਚ ਇਕੱਲੇ ਰਹਿੰਦੇ ਹਨ। ਇਸ ਲਈ ਅਗਵਾ ਦੀ ਯੋਜਨਾ ਬਣਾਈ ਗਈ ਸੀ। ਵੀਨਾ ਦੀ ਮਾਂ ਸੁਰੇਸ਼ ਛਿੱਬਰ ਦੇ ਕੁੜਮ ਦੇ ਘਰ ਵਿੱਚ 20 ਸਾਲਾਂ ਤੋਂ ਨੌਕਰਾਣੀ ਸੀ।

# ਬੱਸ ਨੂੰ ਅੱਗ ਲੱਗਣ ਕਾਰਨ ਸੱਤ ਜ਼ਖ਼ਮੀ

**ਪਾਨੀਪਤ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਲਖਾ ਵਿੱਚ ਅੱਜ ਸ਼ਾਮ ਇੱਕ ਨਿੱਜੀ ਬੱਸ ਵਿੱਚ ਅੱਗ ਲੱਗਣ ਕਾਰਨ ਸੱਤ ਯਾਤਰੀ ਜ਼ਖ਼ਮੀ ਹੋ ਗਏ। ਪੁਲੀਸ ਨੇ ਦੱਸਿਆ ਕਿ ਬੱਸ ਪਾਨੀਪਤ ਤੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਜਾ ਰਹੀ ਸੀ।



ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਗੰਭੀਰ ਜ਼ਖ਼ਮੀ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਪ੍ਰਿੰਸੀਪਲ ਹਰਿੰਦਰ ਕੰਗ ਨੂੰ ਸੇਵਾਮੁਕਤੀ ’ਤੇ ਪਾਰਟੀ

**ਯਮੁਨਾਨਗਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

14 ਐੱਨਸੀਸੀ ਬਟਾਲੀਅਨ ਹਰਿਆਣਾ ਵੱਲੋਂ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ ਨੂੰ ਉਨ੍ਹਾਂ ਦੀ ਸੇਵਾਮੁਕਤੀ ’ਤੇ ਵਿਦਾਇਗੀ ਪਾਰਟੀ ਦਿੱਤੀ ਗਈ। ਕਮਾਂਡਿੰਗ ਅਫਸਰ ਕਰਨਲ ਜਰਨੈਲ ਸਿੰਘ ਨੇ ਦੱਸਿਆ ਕਿ ਡਾ. ਮੇਜਰ ਹਰਿੰਦਰ ਸਿੰਘ ਕੰਗ ਨੇ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਵੱਡਮੁਲਾ ਯੋਗਦਾਨ ਪਾਇਆ ਉੱਥੇ ਉਨ੍ਹਾਂ ਨੇ 28 ਸਾਲਾਂ ਤੋਂ ਵੱਧ ਸਮੇਂ ਤੱਕ ਐੱਨਸੀਸੀ ਦੀ ਸੇਵਾ ਕੀਤੀ ਅਤੇ ਆਪਣੇ ਪ੍ਰੀ-ਕਮਿਸ਼ਨ ਕੋਰਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ, ਡਾਇਰੈਕਟਰ ਜਨਰਲ ਐੱਨਸੀਸੀ ਤੇ ਕਮਾਂਡੈਂਟ ਤੋਂ ਵੱਖ-ਵੱਖ ਤਗ਼ਮੇ ਤੇ ਪੁਰਸਕਾਰ ਪ੍ਰਾਪਤ ਕੀਤੇ ਹਨ। ਸੂਬੇਦਾਰ ਸ਼ਹਿਨਾਜ਼ ਹੁਸੈਨ ਨੇ ਕਿਹਾ ਕਿ ਡਾ. ਹਰਿੰਦਰ ਸਿੰਘ ਕੰਗ ਵੱਲੋਂ ਛੱਡੀ ਗਈ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗੀ। ਇਸ ਮੌਕੇ ਮੇਜਰ ਪ੍ਰਕਾਸ਼, ਲੈਫਟੀਨੈਂਟ ਅਨਿਲ ਕੁਮਾਰ, ਲੈਫਟੀਨੈਂਟ ਰਜਿੰਦਰ ਸਾਂਗਵਾਨ, ਫਸਟ ਅਫਸਰ ਨੀਰਜ ਕੁਮਾਰ ਅਤੇ ਸੈਕਿੰਡ ਅਫਸਰ ਅੰਜੂ ਗੰਭੀਰ ਆਦਿ ਹਾਜ਼ਰ ਸਨ।

# ਹਰਿਆਣਾ ਵਿੱਚ 36 ਪੁਲੀਸ ਅਧਿਕਾਰੀਆਂ ਦੇ ਤਬਾਦਲੇ

**ਚੰਡੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਅੱਜ 33 ਆਈਪੀਐੱਸ ਅਧਿਕਾਰੀਆਂ ਸਮੇਤ 36 ਪੁਲੀਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ।

ਜੀਂਦ ਦੇ ਐੱਸਪੀ ਸੁਮਿਤ ਕੁਮਾਰ ਦੀ ਬਦਲੀ ਅੰਬਾਲਾ ਵਿੱਚ ਰੇਲਵੇ ਦੇ ਐੱਸਪੀ ਵਜੋਂ ਕਰ ਦਿੱਤੀ ਗਈ ਹੈ। ਉਹ ਮਹਿਲਾ ਕਾਂਸਟੇਬਲਾਂ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਹਰਿਆਣਾ ਮਹਿਲਾ ਕਮਿਸ਼ਨ ਨੇ ਸੁਮਿਤ ਕੁਮਾਰ ਨੂੰ ਤਲਬ ਕੀਤਾ ਸੀ।

# ਕਾਂਗਰਸ ਦੇ ਝੂਠ ਦਾ ਪਰਦਾਫਾਸ਼ ਹੋਇਆ: ਨਾਇਬ ਸੈਣੀ ਦਾ ਚੋਣ ਕਮਿਸ਼ਨ ਦੇ ਫ਼ੈਸਲੇ ’ਤੇ ਪ੍ਰਤੀਕਰਮ

**ਚੰਡੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਦੋਸ਼ ਲਾਇਆ ਕਿ ਕਾਂਗਰਸ ਦੇ ਝੂਠ ਦਾ ਪਰਦਾਫਾਸ਼ ਹੋ ਗਿਆ ਹੈ ਅਤੇ ਚੋਣ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦੀਆਂ ਉਸ ਦੀਆਂ ਕੋਸ਼ਿਸ਼ਾਂ ਨੂੰ ਚੋਣ ਕਮਿਸ਼ਨ ਵੱਲੋਂ ਨਾਕਾਮ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਟਿੱਪਣੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਹੇਰਾਫੇਰੀ ਦੇ ਕਾਂਗਰਸ ਵੱਲੋਂ ਲਾਏ ਗਏ ਦੋਸ਼ਾਂ ਨੂੰ ਚੋਣ ਕਮਿਸ਼ਨ ਵੱਲੋਂ ਰੱਦ ਕਰ ਦਿੱਤੇ ਜਾਣ ਦੀ ਕਾਰਵਾਈ ਉਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਕੀਤੀਆਂ ਹਨ।

ਗ਼ੌਰਤਲਬ ਹੈ ਕਿ ਚੋਣ ਕਮਿਸ਼ਨ ਨੇ ਚੋਣਾਂ ਕਰਵਾਏ ਜਾਣ ਦੀ ਕਾਰਵਾਈ ਵਿਚ ਬੇਨਿਯਮੀਆਂ ਦੇ ਕਾਂਗਰਸ ਵੱਲੋਂ ਲਾਏ ਗਏ ਦੋਸ਼ਾਂ ਨੂੰ ਮੰਗਲਵਾਰ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਪਾਰਟੀ ਖਾਹਮਖ਼ਾਹ ‘ਸ਼ੱਕ-ਸ਼ੁਬਹੇ’ ਪੈਦਾ ਕਰ ਰਹੀ ਹੈ, ਜਿਵੇਂ ਇਹ ਅਤੀਤ ਵਿੱਚ ਵੀ ਕਰਦੀ ਰਹੀ ਹੈ।

ਸੈਣੀ ਨੇ ਹਰਿਆਣਾ ਸਿਵਲ ਸਕੱਤਰੇਤ ਵਿਖੇ ‘ਰਾਸ਼ਟਰੀ ਏਕਤਾ ਦਿਵਸ’ ਦੇ ਸਹੁੰ ਚੁੱਕ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, ਚੋਣ ਕਮਿਸ਼ਨ ਨੇ ਕਾਂਗਰਸ ਦੇ ਝੂਠ ਦਾ ਪਰਦਾਫਾਸ਼ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਉਨ੍ਹਾਂ ਸਾਫ਼ ਕਿਹਾ ਸੀ ਕਿ ਕਾਂਗਰਸ ਜ਼ਮੀਨ ‘ਤੇ ਕਿਤੇ ਵੀ ਦਿਖਾਈ ਨਹੀਂ ਦੇ ਰਹੀ ਹੈ, ਹਾਲਾਂਕਿ ਵਿਰੋਧੀ ਪਾਰਟੀ ਦੇ ਨੇਤਾਵਾਂ ਵੱਲੋਂ ਸੂਬੇ ਵਿਚ ‘ਕਾਂਗਰਸ ਦੀ ਲਹਿਰ’ ਹੋਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਸਨ। ਉਨ੍ਹਾਂ ਕਿਹਾ, ਉਨ੍ਹਾਂ ਨੇ ਦੇਸ਼ ਨੂੰ ਲੁੱਟਿਆ, ਭ੍ਰਿਸ਼ਟਾਚਾਰ ਕੀਤਾ ਅਤੇ ਦੇਸ਼ ‘ਚ ਘੁਟਾਲੇ ਕੀਤੇ, ਉਨ੍ਹਾਂ ਨੇ ਲੋਕਾਂ ਨੂੰ ਗੈਸ ਸਿਲੰਡਰ ਲੈਣ ਲਈ ਦਿਨ-ਰਾਤ ਕਤਾਰਾਂ ‘ਚ ਖੜ੍ਹੇ ਕੀਤਾ।”

ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਸਖ਼ਤ ਸ਼ਬਦਾਂ ਵਿਚ ਲਿਖੇ ਪੱਤਰ ਵਿੱਚ ਕਿਹਾ ਕਿ ਅਜਿਹੇ ਫਜ਼ੂਲ ਅਤੇ ਬੇਬੁਨਿਆਦ ਸ਼ੰਕਿਆਂ ਨਾਲ ‘ਬਦਅਮਨੀ ਤੇ ਅਰਾਜਕਤਾ’ ਫੈਲਣ ਦਾ ਖ਼ਦਸ਼ਾ ਪੈਦਾ ਹੁੰਦਾ ਹੈ।

ਗ਼ੌਰਤਲਬ ਹੈ ਕਿ 5 ਅਕਤੂਬਰ ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਹਰਿਆਣਾ ਵਿਧਾਨ ਸਭਾ ਦੀਆਂ 90 ਵਿੱਚੋਂ 48 ਸੀਟਾਂ ’ਤੇ ਜਿੱਤ ਦਰਜ ਕਰ ਕੇ ਸੱਤਾ ਬਰਕਰਾਰ ਰੱਖੀ ਹੈ। ਦੂਜੇ ਪਾਸੇ ਆਪਣੀ ਸਰਕਾਰ ਬਣਨ ਦੀ ਉਮੀਦ ਲਾਈ ਬੈਠੀ ਕਾਂਗਰਸ ਨੂੰ 37, ਇਨੈਲੋ ਨੂੰ ਦੋ ਅਤੇ ਆਜ਼ਾਦ ਉਮੀਦਵਾਰਾਂ ਨੂੰ ਤਿੰਨ ਸੀਟਾਂ ਮਿਲੀਆਂ।

ਕਾਂਗਰਸ ਨੇ ਆਪਣੀ 8 ਸਫ਼ਿਆਂ ਦੀ ਸ਼ਿਕਾਇਤ ਵਿਚ ਹਰਿਆਣਾ ਦੀਆਂ 26 ਵਿਧਾਨ ਸਭਾ ਸੀਟਾਂ ਦੇ ਕੁਝ ਪੋਲਿੰਗ ਸਟੇਸ਼ਨਾਂ ‘ਤੇ ਗਿਣਤੀ ਦੌਰਾਨ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਕੰਟਰੋਲ ਯੂਨਿਟ ‘ਤੇ 99 ਪ੍ਰਤੀਸ਼ਤ ਬੈਟਰੀ ਸਥਿਤੀ ਦੇ ਪ੍ਰਦਰਸ਼ਨ ‘ਤੇ ਸਪੱਸ਼ਟਤਾ ਦੀ ਘਾਟ’ ਬਾਰੇ ਸਪੱਸ਼ਟੀਕਰਨ ਮੰਗਿਆ ਸੀ।ਇਸ ਦੌਰਾਨ ਸਕੱਤਰੇਤ ਵਿਖੇ ਸੈਣੀ ਨੇ ਸਰਦਾਰ ਵੱਲਭ ਭਾਈ ਪਟੇਲ ਨੂੰ ਉਨ੍ਹਾਂ ਦੀ ਜੈਅੰਤੀ ਦੀ ਪੂਰਵ ਸੰਧਿਆ ‘ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੰਮ ਕਰਨ ਵਾਲੇ ਨੇਤਾ ਵਜੋਂ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ 560 ਤੋਂ ਵੱਧ ਰਿਆਸਤਾਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰਨ ਵਿੱਚ ਪਟੇਲ ਦਾ ਯੋਗਦਾਨ ਬਹੁਤ ਵੱਡਾ ਸੀ।

ਸੈਣੀ ਨੇ ਇਕੱਠ ਨੂੰ ਸਹੁੰ ਚੁਕਾਈ, ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ ਅਤੇ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ, ਮੈਂ ਭਗਵਾਨ ਸ੍ਰੀ ਰਾਮ ਨੂੰ ਇਹ ਵੀ ਪ੍ਰਾਰਥਨਾ ਕਰਦਾ ਹਾਂ ਕਿ ਸਾਡਾ ਹਰਿਆਣਾ ਖੁਸ਼ ਰਹੇ, ਮਜ਼ਬੂਤੀ ਨਾਲ ਅੱਗੇ ਵਧੇ ਅਤੇ ਖੁਸ਼ਹਾਲ ਰਹੇ।

# ਪ੍ਰਸ਼ਾਸਨ ਨੇ ਜਲੇਬੀਆਂ ਵਾਲਾ ਚੌਕ ਦੇ ਨਾਂ ਵਾਲਾ ਬੋਰਡ ਹਟਾਇਆ




**ਅੰਮ੍ਰਿਤਸਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦੇ ਪੁਰਾਤਨ ਇਤਿਹਾਸ ਅਤੇ ਵਿਰਸੇ ਦੇ ਪਸਾਰ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਗਈ ਵਿਰਾਸਤੀ ਸੈਰ ਸਬੰਧੀ ਵੱਖ-ਵੱਖ ਖੇਤਰਾਂ ਦੇ ਨਾਵਾਂ ਸਬੰਧੀ ਬੋਰਡ ਲਗਾਏ ਗਏ ਹਨ। ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਨੇੜੇ ਜਲੇਬੀਆਂ ਵਾਲਾ ਚੌਕ ਸਬੰਧੀ ਇੱਕ ਬੋਰਡ ਲਾਇਆ ਗਿਆ। ਇਸ ਦਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਤਰਾਜ਼ ਕੀਤੇ ਜਾਣ ਮਗਰੋਂ ਤੁਰੰਤ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਬੋਰਡ ਹਟਵਾ ਦਿੱਤਾ ਗਿਆ ਹੈ।

ਸ੍ਰੀ ਬਾਦਲ ਵੱਲੋਂ ਸੋਸ਼ਲ ਮੀਡੀਆ ’ਤੇ ਇਸ ਸਬੰਧੀ ਵਿਰੋਧ ਦਰਜ ਕਰਵਾਇਆ ਗਿਆ ਸੀ। ਉਨ੍ਹਾਂ ਨੇ ਲਿਖਿਆ ਕਿ ਇਸ ਖੇਤਰ ਦੀ ਪਛਾਣ ਕਟੜਾ ਆਲੂਵਾਲੀਆ ਚੌਂਕ ਵਜੋਂ ਹੈ ਅਤੇ ਇਹ ਪੁਰਾਤਨ ਤੇ ਵਿਰਾਸਤੀ ਇਲਾਕਾ ਹੈ ਪਰ ਪ੍ਰਸ਼ਾਸਨ ਵੱਲੋਂ ਇਸ ਖੇਤਰ ਦਾ ਨਾਂ ਬਦਲ ਕੇ ਇਸ ਦੀ ਪਛਾਣ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਦੁਖਦਾਈ ਹੈ। ਉਨ੍ਹਾਂ ਦੀ ਇਹ ਪੋਸਟ ਮੀਡੀਆ ਵਿੱਚ ਜਨਤਕ ਹੋਈ ਹੈ, ਜਿਸ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਨੇ ਹਰਕਤ ਵਿੱਚ ਆਉਂਦਿਆਂ ਇਸ ਬੋਰਡ ਨੂੰ ਹਟਵਾ ਦਿੱਤਾ ਤੇ ਇਸ ਸਬੰਧੀ ਸਪਸ਼ਟੀਕਰਨ ਵੀ ਦਿੱਤਾ ਹੈ।

ਇਸ ਸਬੰਧ ਵਿੱਚ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕਟੜਾ ਆਲੂਵਾਲੀਆ ਦੇ ਵਿਚਾਲੇ ਪੈਂਦਾ ਚੌਕ ਜਿਸ ਵਿੱਚ ਜਲੇਬੀ ਬਣਾਉਣ ਦੀ ਪੁਰਾਣੀ ਦੁਕਾਨ ਹੋਣ ਕਾਰਨ ਇਸ ਨੂੰ ਬਹੁਤੇ ਲੋਕ ਜਲੇਬੀਆਂ ਵਾਲਾ ਚੌਕ ਕਰ ਕੇ ਵੀ ਜਾਣਦੇ ਹਨ ਪਰ ਵਿਭਾਗ ਦੇ ਲਿਟਰੇਚਰ ਅਤੇ ਬੋਰਡਾਂ ਉੱਤੇ ਜਲੇਬੀਆਂ ਵਾਲਾ ਚੌਕ ਲਿਖੇ ਜਾਣ ਉੱਤੇ ਕੁਝ ਲੋਕਾਂ ਵੱਲੋਂ ਪ੍ਰਗਟਾਏ ਇਤਰਾਜ਼ ਨੂੰ ਦੇਖਦੇ ਹੋਏ ਡੀਸੀ ਨੇ ਇਹ ਬੋਰਡ ਹਟਵਾ ਦਿੱਤੇ ਹਨ ਅਤੇ ਉਨ੍ਹਾਂ ਨੇ ਇਸ ਦਾ ਢੁਕਵਾਂ ਬਦਲ ਦੇਣ ਲਈ ਸੈਰ ਸਪਾਟਾ ਵਿਭਾਗ ਨੂੰ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਸ਼ਹਿਰ ਦੀ ਵਿਰਾਸਤ ਅਤੇ ਇਤਿਹਾਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਹੈ। ਅਸੀਂ ਇਸ ਦਾ ਇਤਿਹਾਸ ਅਨੁਸਾਰ ਢੁਕਵਾਂ ਬਦਲ ਲੱਭ ਕੇ ਦੇਵਾਂਗੇ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਦੇ ਪੁਰਾਤਨ ਇਤਿਹਾਸ ਅਤੇ ਵਿਰਸੇ ਦੇ ਪਸਾਰ ਲਈ ਸ਼ੁਰੂ ਕੀਤੀ ਗਈ ਵਿਰਾਸਤੀ ਸੈਰ ਨੂੰ ਹਾਲ ਹੀ ਵਿੱਚ ਡਿਜੀਟਲ ਰੂਪ ਦੇ ਕੇ ਕਿਊਆਰ ਕੋਡ ਨਾਲ ਨਵੀਂ ਪੀੜ੍ਹੀ ਤੱਕ ਪਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਕੋਡ ਜ਼ਰੀਏ ਕੋਈ ਵੀ ਸੈਲਾਨੀ ਆਪਣੇ ਮੋਬਾਈਲ ਫੋਨ ਤੋਂ ਕੋਡ ਸਕੈਨ ਕਰ ਕੇ ਉਪਰੋਕਤ ਰਸਤੇ ਅਤੇ ਇਮਾਰਤਾਂ ਦੀ ਜਾਣਕਾਰੀ ਦਾ ਵਿਸਥਾਰ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਜਾਣ ਸਕਦਾ ਹੈ। ਇਨ੍ਹਾਂ ਇਮਾਰਤਾਂ ਵਿੱਚ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਟਾਊਨ ਹਾਲ, ਗੁਰਦੁਆਰਾ ਸਾਰਾਗੜ੍ਹੀ, ਕਿਲਾ ਆਲੂਵਾਲੀਆ, ਜਲੇਬੀਆਂ ਵਾਲਾ ਚੌਕ, ਉਦਾਸੀਨ ਆਸ਼ਰਮ ਅਖਾੜਾ ਸੰਘਲਵਾਲਾ, ਚਿੱਟਾ ਅਖਾੜਾ, ਦਰਸ਼ਨੀ ਡਿਊੜੀ, ਬਾਬਾ ਬੋਹੜ, ਠਾਕੁਰ ਦੁਆਰਾ ਦਰਿਆਣਾ ਮੱਲ, ਚੌਰਸਤੀ ਅਟਾਰੀ, ਠਾਕੁਰਦੁਆਰਾ ਰਾਏ ਕਿਸ਼ਨ ਚੰਦ, ਸਾਹਨੀ ਮੰਦਰ, ਠਾਕੁਰਦੁਆਰਾ ਰਾਜਾ ਤੇਜ ਸਿੰਘ, ਕਰਾਲਿੰਗ ਸਟਰੀਟ, ਪ੍ਰਾਚੀਨ ਰਸਤਾ ਆਦਿ ਜ਼ਿਕਰਯੋਗ ਹਨ। ਇਨ੍ਹਾਂ ਸਥਾਨਾਂ ਬਾਰੇ ਇਸ ਕੋਡ ਜ਼ਰੀਏ ਤਸਵੀਰਾਂ ਨਾਲ ਚਿੱਟਾ ਅਖਾੜਾ, ਦਰਸ਼ਨੀ ਡਿਊੜੀ, ਬਾਬਾ ਬੋਹੜ, ਠਾਕੁਰ ਦੁਆਰਾ ਦਰਿਆਣਾ ਮੱਲ, ਚੌਰਸਤੀ ਅਟਾਰੀ, ਚਿੱਟਾ ਅਖਾੜਾ, ਦਰਸ਼ਨੀ ਡਿਊੜੀ, ਬਾਬਾ ਬੋਹੜ, ਠਾਕੁਰ ਦੁਆਰਾ ਦਰਿਆਣਾ ਮੱਲ, ਚੌਰਸਤੀ ਅਟਾਰੀ,ਸਾਰਾ ਇਤਿਹਾਸ ਸਰੋਤੇ ਦੇ ਸਾਹਮਣੇ ਕਿਤਾਬ ਵਾਂਗ ਖੁੱਲ੍ਹਦਾ ਹੈ।

# ਪੰਜਾਬ ਨੂੰ ਅਹਿਮੀਅਤ ਦੇਣਾ ਸਾਡਾ ਮੁੱਖ ਮੰਤਵ: ਮਹਿਲ ਸਿੰਘ



**ਅੰਮ੍ਰਿਤਸਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੀ ਹਦੂਦ ਅੰਦਰ ਸਥਾਪਿਤ ਹੋਈ ਖਾਲਸਾ ਯੂਨੀਵਰਸਿਟੀ ਦੇ ਨਵ- ਨਿਯੁਕਤ ਵਾਈਸ-ਚਾਂਸਲਰ ਡਾ. ਮਹਿਲ ਸਿੰਘ ਨੇ ਕਿਹਾ ਕਿ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੀ ਉਨ੍ਹਾਂ ਦਾ ਮੁੱਢਲਾ ਤੇ ਮੁੱਖ ਫ਼ਰਜ਼ ਹੈ। ਉਨ੍ਹਾਂ ਅੱਜ ਵਧਾਈ ਦੇਣ ਗਏ ਵਫ਼ਦ ਨਾਲ ਗੱਲਬਾਤ ਕਰ ਰਹੇ ਸਨ।

ਵਫ਼ਦ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੀ ਜਨਰਲ ਕੌਂਸਲ ਦੇ ਮੈਂਬਰ ਦੀਪ ਦੇਵਿੰਦਰ ਸਿੰਘ, ਕਾਲਮ ਨਵੀਸ ਮਨਮੋਹਨ ਸਿੰਘ ਢਿੱਲੋਂ, ਪੰਜ-ਆਬ ਹੈਰੀਟੇਜ਼ ਮਿਊਜੀਅਮ ਤੋਂ ਪ੍ਰਤੀਕ ਸਹਿਦੇਵ, ਡਾ. ਹੀਰਾ ਸਿੰਘ ਅਤੇ ਮੋਹਿਤ ਸਹਿਦੇਵ ਸ਼ਾਮਲ ਸਨ। ਡਾ. ਮਹਿਲ ਸਿੰਘ ਦੱਸਿਆ ਕਿ ਖਾਲਸਾ ਯੂਨੀਵਰਸਿਟੀ ਸਾਹਿਤਕਾਰਾਂ ਦਾ ਮਾਣ-ਸਨਮਾਨ ਕਰਦਿਆਂ ਹਰ ਵਰ੍ਹੇ ਪੰਜਾਬੀ ਦੇ ਸਥਾਪਿਤ ਲੇਖਕ ਨੂੰ ਆਨਰੇਰੀ ਡਿਗਰੀ ਪ੍ਰਦਾਨ ਕਰਿਆ ਕਰੇਗੀ।

ਇਸ ਮੌਕੇ ਮਨਮੋਹਨ ਸਿੰਘ ਢਿੱਲੋਂ ਦੀ ਪੁਸਤਕ ‘ਕਲਮਾਂ ਜੋ ਸਿਰਨਾਵਾਂ ਬਣੀਆਂ’ ਡਾ. ਮਹਿਲ ਸਿੰਘ ਨੂੰ ਭੇਟ ਕੀਤੀ ਗਈ।ਨਾਮਧਾਰੀ ਮੁੱਖੀ ਠਾਕੁਰ ਦਲੀਪ ਸਿੰਘ ਨੇ ਬੱਚਿਆਂ ਅੰਦਰ ਵਿਦਿਆ ਰਾਹੀਂ ਪ੍ਰਕਾਸ਼ ਕਰਨ ਦਾ ਦਿਤਾ ਸੁਨੇਹਾ

ਸਾਰੇ ਹੀ ਭਾਰਤਵਾਸੀ ਵੀਰਾਂ ਨੂੰ ਬੇਨਤੀ ਹੈ ਕਿ ਦਿਵਾਲੀ ਪ੍ਰਕਾਸ਼ ਦਾ ਉਤਸਵ ਹੈ ਅਤੇ ਹਰ ਬੱਚੇ ਅੰਦਰ ਵਿਦਿਆ ਦੇ ਰਾਹੀਂ ਪ੍ਰਕਾਸ਼ ਕਰਨ ਦੀ ਲੋੜ ਹੈ।

ਹਰ ਇੱਕ ਧਰਮ ਅਸਥਾਨ ਵਿੱਚ ਮੁਫਤ ਵਿੱਦਿਆ ਕੇਂਦਰ ਹੋਣਾ ਚਾਹੀਦਾ ਹੈ। ਜਿਸ ਵਿੱਚ ਗਰੀਬ ਬੱਚਿਆਂ ਨੂੰ ਮੁਫਤ ਵਿਦਿਆ ਮਿਲੇ।

ਇਸ ਤਰ੍ਹਾਂ ਸਮਾਜ ਵਿਚੋਂ ਅਨਪੜ੍ਹਤਾ ਅਤੇ ਗਰੀਬੀ ਸਮਾਪਤ ਹੋਵੇਗੀ ।

# ਜੀਐੱਨਡੀਯੂ ਦਾ ‘ਡੀ’ ਜ਼ੋਨ ਜ਼ੋਨਲ ਯੁਵਕ ਮੇਲਾ ਸਮਾਪਤ

**ਅੰਮ੍ਰਿਤਸਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਲਜਾਂ ਦਾ ਤਿੰਨ ਰੋਜ਼ਾ ‘ਡੀ’ ਜ਼ੋਨ ਜ਼ੋਨਲ ਯੁਵਕ ਮੇਲਾ ਅੱਜ ਦੇਰ ਸ਼ਾਮ ਇਕਾਂਗੀ ਮੁਕਾਬਲਿਆਂ ਨਾਲ ਸਮਾਪਤ ਹੋ ਗਿਆ। ਇਸ ਮੇਲੇ ਦੇ ਜੇਤੂ ਸਿੱਖ ਨੈਸ਼ਨਲ ਕਾਲਜ ਬੰਗਾ ਓਵਰਆਲ ਚੈਂਪੀਅਨ, ਡੀ ਜ਼ੋਨ ਏ-ਡਿਵੀਜ਼ਨ ਅਤੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਓਵਰਆਲ ਚੈਂਪੀਅਨ ਬੀ-ਡਿਵੀਜ਼ਨ ਬਣੇ। ਪਹਿਲਾ ਰਨਰਜ਼ਅਪ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਦੂਜਾ ਰਨਰਜ਼ਅਪ ਲਾਇਲਪੁਰ ਖਾਲਸਾ ਕਾਲਜ ਕਪੂਰਥਲਾ ਅਤੇ ਕਮਲਾ ਨਹਿਰੂ ਕਾਲਜ ਫਾਰ ਵਿਮੈਨ ਫਗਵਾੜਾ ਰਿਹਾ।

ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਸਮੇਂ ਸੰਬੋਧਨ ਕਰਦਿਆ ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਹ ਯੁਵਕ ਮੇਲੇ ਨੌਜਵਾਨਾਂ ਵਿਚ ਊਰਜਾ ਦਾ ਕੰਮ ਕਰਦੇ ਹਨ। ਡੀਨ ਵਿਦਿਆਰਥੀ ਭਲਾਈ ਪ੍ਰੋ. ਬੇਦੀ ਅਤੇ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਡਾ. ਅਮਨਦੀਪ ਸਿੰਘ ਨੇ ਜੇਤੂ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਸ ਮੇਲੇ ਦੇ ਜੇਤੂ ਸਿੱਖ ਨੈਸ਼ਨਲ ਕਾਲਜ ਬੰਗਾ ਓਵਰਆਲ ਚੈਂਪੀਅਨ, ਡੀ ਜ਼ੋਨ ਏ-ਡਿਵੀਜ਼ਨ ਅਤੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਓਵਰਆਲ ਚੈਂਪੀਅਨ ਬੀ-ਡਿਵੀਜ਼ਨ ਬਣੇ। ਪਹਿਲਾ ਰਨਰਜ਼ਅਪ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਦੂਜਾ ਰਨਰਜ਼ਅਪ ਲਾਇਲਪੁਰ ਖਾਲਸਾ ਕਾਲਜ ਕਪੂਰਥਲਾ ਅਤੇ ਕਮਲਾ ਨਹਿਰੂ ਕਾਲਜ ਫਾਰ ਵਿਮੈਨ ਫਗਵਾੜਾ ਰਿਹਾ।ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਸਮੇਂ ਸੰਬੋਧਨ ਕਰਦਿਆ ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਹ ਯੁਵਕ ਮੇਲੇ ਨੌਜਵਾਨਾਂ ਵਿਚ ਊਰਜਾ ਦਾ ਕੰਮ ਕਰਦੇ ਹਨ।

ਡੀਨ ਵਿਦਿਆਰਥੀ ਭਲਾਈ ਪ੍ਰੋ. ਬੇਦੀ ਅਤੇ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਡਾ. ਅਮਨਦੀਪ ਸਿੰਘ ਨੇ ਜੇਤੂ ਕਾਲਜਾਂਟਰਾਫੀਆਂ ਪ੍ਰਦਾਨ ਕੀਤੀਆਂ।

## ਸੰਪਾਦਕੀ

# ਬਜ਼ੁਰਗਾਂ ਲਈ ਮੈਡੀਕਲ ਸਹੂਲਤ

ਸੱਤਰ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਸਿਹਤ ਕਵਰੇਜ ਦੇਣ ਲਈ ਹਾਲ ਹੀ ਵਿਚ ਆਯੂਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ (ਪੀਐੱਮ ਜੇਏਵਾਈ) ਦਾ ਵਿਸਥਾਰ ਕੀਤਾ ਜਾਣਾ ਭਾਰਤ ਦੇ ਜਨਤਕ ਸਿਹਤ ਧਰਾਤਲ ਵਿਚ ਅਹਿਮ ਪੇਸ਼ਕਦਮੀ ਹੈ। ਉਂਝ, ਇਸ ਯੋਜਨਾ ਦੇ ਆਗਾਜ਼ ਨਾਲ ਹੀ ਇਕ ਪਾਸੇ ਕੇਂਦਰ ਅਤੇ ਦੂਜੇ ਪਾਸੇ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਸ਼ਾਸਨ ਹੇਠਲੇ ਕੁਝ ਰਾਜਾਂ, ਖ਼ਾਸਕਰ ਦਿੱਲੀ ਤੇ ਪੱਛਮੀ ਬੰਗਾਲ ਵਿਚਕਾਰ ਖਿੱਚੋਤਾਣ ਸ਼ੁਰੂ ਹੋ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਾਅਵਾ ਹੈ ਕਿ ਇਨ੍ਹਾਂ ਰਾਜਾਂ ਨੇ ਕਥਿਤ ਸਿਆਸੀ ਹਿੱਤਾਂ ਕਰ ਕੇ ਆਪਣੇ ਆਪ ਨੂੰ ਇਸ ਯੋਜਨਾ ਤੋਂ ਵੱਖ ਕਰ ਲਿਆ ਹੈ।

ਇਸ ਕਸ਼ਮਕਸ਼ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਕੀ ਜਨਤਕ ਸਿਹਤ, ਖਾਸਕਰ ਬਜ਼ੁਰਗਾਂ ਦੀ ਸਿਹਤ ਦੇ ਮੁੱਦੇ 'ਤੇ ਅਜਿਹੀ ਸਿਆਸੀ ਖਿੱਚਧੂਹ ਹੋਣੀ ਚਾਹੀਦੀ ਹੈ ਜਾਂ ਹੋਣੀ ਵਾਜਿਬ ਹੈ ? ਉਂਝ, ਇਸ ਦੇ ਨਾਲ ਹੀ ਇਹ ਸਵਾਲ ਵੀ ਆਉਂਦਾ ਹੈ ਕਿ ਕੀ ਅਜਿਹੀਆਂ ਜਨਤਕ ਯੋਜਨਾਵਾਂ ਤਿਆਰ ਕਰਨ ਦੀ ਪ੍ਰਕਿਰਿਆ ਵਿਚ ਵੱਖ-ਵੱਖ ਹਿੱਤ ਧਾਰਕਾਂ ਖਾਸਕਰ ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ? ਆਯੂਸ਼ਮਾਨ ਭਾਰਤ ਯੋਜਨਾ ਤਹਿਤ ਪ੍ਰਤੀ ਪਰਿਵਾਰ ਸਾਲਾਨਾ 5 ਲੱਖ ਰੁਪਏ ਦੀ ਕਵਰੇਜ ਦਿੱਤੀ ਜਾਂਦੀ ਹੈ। ਇਹ ਉਨ੍ਹਾਂ ਬਹੁਤ ਸਾਰੇ ਬਜ਼ੁਰਗਾਂ ਲਈ ਵਰਦਾਨ ਹੈ ਜਿਨ੍ਹਾਂ ਨੂੰ ਵਿੱਤੀ ਤੰਗੀ ਕਰ ਕੇ ਆਪਣੀਆਂ ਸਿਹਤ ਦੀ ਦੇਖ-ਭਾਲ ਕਰਨ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਯੋਜਨਾ ਪੱਛਮੀ ਦੇਸ਼ਾਂ ਵਿਚ ਪ੍ਰਚੱਲਤ ਸਿਹਤ ਯੋਜਨਾ ਨਾਲੋਂ ਵੱਖਰੀ ਹੈ। ਭਾਰਤ ਵਿਚ ਮਰੀਜ਼ਾਂ ਦੀ ਜੇਬ 'ਚੋਂ ਹੋਣ ਵਾਲਾ ਖਰਚ ਕਾਫ਼ੀ ਜ਼ਿਆਦਾ ਰਹਿੰਦਾ ਹੈ। ਇਸ ਯੋਜਨਾ ਵਿਚ ਇਲਾਜ ਦੀ ਸਹੂਲਤ 'ਤੇ ਜ਼ੋਰ ਦਿੱਤਾ ਗਿਆ ਹੈ ਜਦਕਿ ਪੱਛਮ ਵਿਚ ਬਿਮਾਰੀਆਂ ਤੋਂ ਬਚਣ ਦੀ ਪ੍ਰਣਾਲੀ ਕਾਫ਼ੀ ਮਜ਼ਬੂਤ ਹੁੰਦੀ ਹੈ ਜਿਸ ਵਾਸਤੇ ਵਿਆਪਕ ਅਤੇ ਟੈਕਸ ਫੰਡਿਡ ਪ੍ਰੋਗਰਾਮ ਇਸ ਦਾ ਆਧਾਰ ਬਣਦੇ ਹਨ।

ਇਸ ਦੇ ਉਲਟ, ਦਿੱਲੀ ਦੇ ਸਿਹਤ ਮਾਡਲ ਨੂੰ ਇਸ ਦੀ ਪਹੁੰਚ ਅਤੇ ਰੋਕਥਾਮ 'ਤੇ ਦਿੱਤੇ ਧਿਆਨ ਲਈ ਆਲਮੀ ਪੱਧਰ 'ਤੇ ਸਲਾਹਿਆ ਗਿਆ ਹੈ ਹਾਲਾਂਕਿ 'ਆਯੂਸ਼ਮਾਨ ਭਾਰਤ' ਤੋਂ ਇਨਕਾਰੀ ਹੋ ਕੇ ਦਿੱਲੀ ਵਰਗੇ ਰਾਜ ਸ਼ਾਇਦ ਆਪਣੇ ਬਜ਼ੁਰਗ ਨਿਵਾਸੀਆਂ ਨੂੰ ਵਾਧੂ ਸੁਰੱਖਿਆ ਘੇਰੇ ਤੋਂ ਵਾਂਝਾ ਕਰ ਰਹੇ ਹਨ। ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਬਜ਼ੁਰਗਾਂ ਲਈ ਵਿਆਪਕ ਸਿਹਤ ਕਵਰੇਜ ਦਾ ਕੋਈ ਵੀ ਮੌਕਾ ਬੇਹੱਦ ਅਹਿਮ ਸਾਬਿਤ ਹੋ ਸਕਦਾ ਹੈ। ਸਿਆਸੀ ਜਮੂਦ ਕੇਵਲ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਬਜ਼ੁਰਗਾਂ ਦੀ ਸਿਹਤ ਸੰਭਾਲ ਨੂੰ ਰਾਜਨੀਤਕ ਵਖਰੇਵਿਆਂ ਤੋਂ ਪਾਸੇ ਰੱਖਿਆ ਜਾਣਾ ਚਾਹੀਦਾ ਹੈ। ਇਕ ਵਿਹਾਰਕ ਪਹੁੰਚ ਦਿੱਲੀ ਤੇ 'ਆਯੂਸ਼ਮਾਨ ਭਾਰਤ', ਦੋਵੇਂ ਮਾਡਲਾਂ ਦੇ ਵੱਖ-ਵੱਖ ਤੱਤਾਂ ਦਾ ਏਕੀਕਰਨ ਕਰ ਸਕਦੀ ਹੈ ਜਿਸ ਨਾਲ ਹਰੇਕ ਰਾਜ ਵਿਚ ਪ੍ਰਭਾਵੀ, ਜਵਾਬਦੇਹ ਅਤੇ ਪਹੁੰਚ ਯੋਗ ਸਿਹਤ ਸੰਭਾਲ ਯਕੀਨੀ ਬਣੇਗੀ। ਸੂਬਾਈ ਸਿਆਸਤ ਤੋਂ ਉਪਰ ਉੱਠ ਰਾਸ਼ਟਰੀ ਢਾਂਚਾ ਬਣਾਉਣ ਦੀ ਲੋੜ ਹੈ ਜੋ ਹਰੇਕ ਨਾਗਰਿਕ ਪ੍ਰਤੀ ਵਚਨਬੱਧ ਹੋਵੇ। ਅਜਿਹੀਆਂ ਯੋਜਨਾਵਾਂ ਦੇ ਕੇਂਦਰ ਵਿਚ ਸਦਾ ਲੋਕ ਹੀ ਰਹਿਣੇ ਚਾਹੀਦੇ ਹਨ। ਇਸ ਦੇ ਨਾਲ ਹੀ ਇਹ ਸਿਆਸੀ ਲਾਹੇ ਤੋਂ ਦੂਰ ਹੋਣੇ ਚਾਹੀਦੇ ਹਨ। ਇਨ੍ਹਾਂ ਸੂਰਤਾਂ ਵਿਚ ਅਵਾਮ ਨੂੰ ਅਜਿਹੀਆਂ ਯੋਜਨਾਵਾਂ ਦਾ ਪੂਰਨ ਲਾਭ ਮਿਲ ਸਕਦਾ ਹੈ।

-ਪੀਤਾਂਬਰ ਸ਼ਰਮਾ

# ਦੀਵਾਲੀ ਮੌਕੇ ਲੁਧਿਆਣਾ ਦੇ ਬਾਜ਼ਾਰਾਂ ਵਿੱਚ ਰਹੀ ਰੌਣਕ



**ਲੁਧਿਆਣਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਦੀਵਾਲੀ ਵਾਲੇ ਦਿਨ ਸਨਅਤੀ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੌਣਕਾਂ ਦੇਖਣ ਨੂੰ ਮਿਲੀਆਂ ਜਿੱਥੇ ਦੀਵਾਲੀ ਤੋਂ ਪਹਿਲਾਂ ਦੁਕਾਨਦਾਰਾਂ ਨੂੰ ਚੰਗੀ ਖਰੀਦਦਾਰੀ ਦੀ ਆਸ ਹੈ, ਉੱਥੇ ਹੀ ਸ਼ਹਿਰ ਵਿੱਚ ਹਰ ਸੜਕ 'ਤੇ ਟਰੈਫਿਕ ਜਾਮ ਨੇ ਲੋਕਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਸ਼ਹਿਰ ਵਿੱਚ ਜ਼ਿਆਦਾਤਰ ਲੋਕ ਦੋ ਦਿਨ ਦੀ ਦੀਵਾਲੀ ਮਨਾਉਣ ਦਾ ਯੋਜਨਾ ਬਣ ਰਹੇ ਹਨ ਜਿਸ ਕਰਕੇ ਪੁਲੀਸ 'ਤੇ ਵੀ ਸੁਰੱਖਿਆ ਦੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਵਧ ਗਈ ਹੈ।ਦੀਵਾਲੀ 'ਤੇ ਜਿੱਥੇ ਸ਼ਹਿਰ ਦੇ ਲੋਕ ਘਰਾਂ 'ਚ ਤਿਉਹਾਰ ਮਨਾਉਣਗੇ, ਉੱਥੇ ਹੀ ਸ਼ਹਿਰ ਦੀ ਪੁਲੀਸ ਵੱਲੋਂ ਵਿਆਪਕ ਸੁਰੱਖਿਆ ਦੀ ਯੋਜਨਾ ਬਣਾਈ ਗਈ ਹੈ। ਲੋਕਾਂ ਦੀ ਸੁਰੱਖਿਆ ਲਈ ਸ਼ਹਿਰ ਦੀਆਂ ਸੜਕਾਂ 'ਤੇ ਮੁਲਾਜ਼ਮ ਤਾਇਨਾਤ ਰਹਿਣਗੇ। ਪੁਲੀਸ ਨੇ ਸ਼ਹਿਰ ਦੇ ਅੰਦਰੂਨੀ ਇਲਾਕਿਆਂ ਤੋਂ ਲੈ ਕੇ ਸ਼ਹਿਰ ਦੀਆਂ ਮੁੱਖ ਸੜਕਾਂ ਤੱਕ ਸੁਰੱਖਿਆ ਲਈ ਖਾਕਾ ਤਿਆਰ ਕਰ ਲਿਆ ਹੈ। ਇਸ ਦੌਰਾਨ 2500 ਤੋਂ ਵੱਧ ਪੁਲੀਸ ਮੁਲਾਜ਼ਮ ਅਤੇ ਅਧਿਕਾਰੀ ਸ਼ਹਿਰ ਦੀ ਸੁਰੱਖਿਆ ਲਈ ਕੰਮ ਕਰਨਗੇ ਤਾਂ ਜੋ ਸ਼ਹਿਰ ਦੇ ਲੋਕ ਆਪਣੇ ਘਰਾਂ ਵਿੱਚ ਤਿਉਹਾਰ ਨੂੰ ਆਰਾਮ ਨਾਲ ਮਨਾ ਸਕਣ। ਤਿਉਹਾਰ ਦੌਰਾਨ ਸ਼ਹਿਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪੁਲੀਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਦੇ ਨਾਲ-ਨਾਲ ਜੇਸੀਪੀ ਸਿਟੀ ਸ਼ੁਭਮ ਅਗਰਵਾਲ ਅਤੇ ਜੇਸੀਪੀ ਦਿਹਾਤੀ ਜਸਕਿਰਨਜੀਤ ਸਿੰਘ ਤੇਜਾ ਦੇ ਹੱਥਾਂ ਵਿੱਚ ਹੋਵੇਗੀ। ਪੁਲੀਸ ਮੁਲਾਜ਼ਮ ਸੁਰੱਖਿਆ ਸਬੰਧੀ ਹਰ ਰਿਪੋਰਟ ਇਨ੍ਹਾਂ ਤਿੰਨਾਂ ਅਧਿਕਾਰੀਆਂ ਨੂੰ ਦੇਣਗੇ। ਇਸ ਦੇ ਨਾਲ ਹੀ ਪੁਲੀਸ ਨੇ ਲੋਕਾਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਦੀਵਾਲੀ ਮਨਾਉਣ ਅਤੇ ਸਮੇਂ ਸਿਰ ਤੇ ਸਾਵਧਾਨੀ ਨਾਲ ਪਟਾਕੇ ਚਲਾਉਣ ਦੀ ਅਪੀਲ ਕੀਤੀ ਹੈ।

ਪੁਲੀਸ ਵੱਲੋਂ ਦੀਵਾਲੀ ਦੀ ਰਾਤ ਲਈ ਪੂਰੀ ਵਿਉਂਤਬੰਦੀ ਕੀਤੀ ਗਈ ਹੈ ਅਤੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ। ਪੁਲੀਸ ਅਧਿਕਾਰੀਆਂ ਨੇ ਥਾਣਾ ਇੰਚਾਰਜਾਂ ਨੂੰ ਇਲਾਕੇ ਵਿੱਚ ਗਸ਼ਤ ਕਰਨ ਦੇ ਨਾਲ-ਨਾਲ ਨਾਕਾਬੰਦੀਆਂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਸ਼ਹਿਰ ਦੇ ਮੁੱਖ ਚੌਕਾਂ 'ਚ ਪੁਲੀਸ ਤਾਇਨਾਤ ਰਹੇਗੀ, ਉੱਥੇ ਅੰਦਰੂਨੀ ਇਲਾਕਿਆਂ ਵਿੱਚ ਪੀਸੀਆਰ ਮੁਲਾਜ਼ਮਾਂ ਨੂੰ ਗਸ਼ਤ ਕਰਨ ਦੇ ਹੁਕਮ ਦਿੱਤੇ ਗਏ ਹਨ। ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਰੋਡ ਸੇਫਟੀ ਫੋਰਸ ਦੀ ਮਦਦ ਨਾਲ ਗਸ਼ਤ ਕੀਤੀ ਜਾਵੇਗੀ, ਨਾਲ ਹੀ ਪੁਲੀਸ ਸਟੇਸ਼ਨ ਦੀ ਫੋਰਸ ਅਤੇ ਪੀਸੀਆਰ ਟੀਮਾਂ ਵੀ ਤਾਇਨਾਤ ਰਹਿਣਗੀਆਂ। ਇਸ ਦੇ ਨਾਲ ਹੀ ਟਰੈਫਿਕ ਪੁਲੀਸ ਨੂੰ ਦਿਨ ਵੇਲੇ ਵੀ ਪੂਰੀ ਤਰ੍ਹਾਂ ਚੌਕਸ ਰਹਿਣ ਲਈ ਕਿਹਾ ਗਿਆ ਹੈ। ਮੁੱਖ ਬਜ਼ਾਰਾਂ ਵਿੱਚ ਪੁਲੀਸ ਮੁਲਾਜ਼ਮਾਂ ਦੀ ਡਿਊਟੀ ਲਗਾਈ ਗਈ ਹੈ ਤਾਂ ਜੋ ਤਿਉਹਾਰਾਂ ਦੇ ਦਿਨਾਂ ਵਿੱਚ ਟਰੈਫਿਕ ਜਾਮ ਨਾ ਹੋਵੇ।

ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਜਿੱਥੇ ਸ਼ਹਿਰ ਵਿੱਚ ਟਰੈਫਿਕ ਜਾਮ ਰਹਿੰਦਾ ਸੀ, ਉੱਥੇ ਹੀ ਸ਼ਹਿਰ ਦੇ ਅੰਦਰੂਨੀ ਇਲਾਕਿਆਂ ਦੀ ਗੱਲ ਕਰੀਏ ਤਾਂ ਟਰੈਫਿਕ ਜਾਮ ਕਾਰਨ ਲੋਕਾਂ ਦਾ ਬੁਰਾ ਹਾਲ ਹੈ। ਲੋਕ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਇੱਧਰੋਂ-ਉੱਧਰੋਂ ਹੋ ਕੇ ਜਾਣ ਲੱਗੇ ਹਨ। ਜੇਕਰ ਗੱਲ ਕਰੀਏ ਜਵਾਹਰ ਨਗਰ ਕੈਂਪ, ਬੱਸ ਸਟੈਂਡ, ਮਾਲ ਰੋਡ, ਘੁਮਾਰਮੰਡੀ, ਕਾਲਜ ਰੋਡ, ਘੰਟਾਘਰ ਰੇਲਵੇ ਸਟੇਸ਼ਨ ਰੋਡ, ਚੌੜਾ ਬਾਜ਼ਾਰ, ਕਿਤਾਬ ਬਾਜ਼ਾਰ, ਬਿਜਲੀ ਬਾਜ਼ਾਰ, ਕੇਸਰਗੰਜ ਮੰਡੀ, ਸੁਭਾਨੀ ਬਿਲਡਿੰਗ ਚੌਕ, ਸ਼ਾਹਪੁਰ ਰੋਡ, ਫੀਲਡਗੰਜ, ਸਮਰਾਲਾ ਰੋਡ, ਚੰਡੀਗੜ੍ਹ ਰੋਡ, ਤਾਜਪੁਰ ਰੋਡ, ਹੈਬੋਵਾਲ ਜੱਸੀਆਂ ਰੋਡ ਸਮੇਤ ਕਈ ਇਲਾਕਿਆਂ 'ਚ ਜਾਮ ਰਿਹਾ। ਭਾਵੇਂ ਕੁਝ ਥਾਵਾਂ 'ਤੇ ਟਰੈਫਿਕ ਪੁਲੀਸ ਨਜ਼ਰ ਆਈ ਪਰ ਜ਼ਿਆਦਾਤਰ ਇਲਾਕਾ ਅਜਿਹਾ ਹੀ ਸੀ ਜਿੱਥੇ ਟਰੈਫਿਕ ਪੁਲੀਸ ਵੀ ਨਜ਼ਰ ਨਹੀਂ ਆ ਰਹੀ ਸੀ ਅਤੇ ਜਾਮ ਦੀ ਸਥਿਤੀ ਅਜਿਹੀ ਸੀ ਕਿ ਪੈਦਲ ਵੀ ਨਿਕਲਣ ਦਾ ਕੋਈ ਰਸਤਾ ਨਹੀਂ ਸੀ।

## ਨਾਮਧਾਰੀ ਮੁੱਖੀ ਠਾਕੁਰ ਦਲੀਪ ਸਿੰਘ ਨੇ ਬੱਚਿਆਂ ਅੰਦਰ ਵਿਦਿਆ ਰਾਹੀਂ ਪ੍ਰਕਾਸ਼ ਕਰਨ ਦਾ ਦਿਤਾ ਸੁਨੇਹਾ



**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸਾਰੇ ਹੀ ਭਾਰਤਵਾਸੀ ਵੀਰਾਂ ਨੂੰ ਬੇਨਤੀ ਹੈ ਕਿ ਦਿਵਾਲੀ ਪ੍ਰਕਾਸ਼ ਦਾ ਉਤਸਵ ਹੈ ਅਤੇ ਹਰ ਬੱਚੇ ਅੰਦਰ ਵਿਦਿਆ ਦੇ ਰਾਹੀਂ ਪ੍ਰਕਾਸ਼ ਕਰਨ ਦੀ ਲੋੜ ਹੈ। ਹਰ ਇੱਕ ਧਰਮ ਅਸਥਾਨ ਵਿੱਚ ਮੁਫਤ ਵਿੱਦਿਆ ਕੇਂਦਰ ਹੋਣਾ ਚਾਹੀਦਾ ਹੈ।

ਜਿਸ ਵਿੱਚ ਗਰੀਬ ਬੱਚਿਆਂ ਨੂੰ ਮੁਫਤ ਵਿਦਿਆ ਮਿਲੇ। ਇਸ ਤਰ੍ਹਾਂ ਸਮਾਜ ਵਿਚੋਂ ਅਨਪੜ੍ਹਤਾ ਅਤੇ ਗਰੀਬੀ ਸਮਾਪਤ ਹੋਵੇਗੀ ।

# ਟਰੈਫਿਕ ਪ੍ਰਬੰਧਾਂ ਦਾ ਮਾੜਾ ਹਾਲ



**ਪਾਇਲ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਸ਼ਹਿਰ ਅੰਦਰੋਂ ਲੰਘਦੀ ਮੁੱਖ ਸੜਕ 'ਤੇ ਟਰੈਫਿਕ ਦੀ ਭਾਰੀ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਪੁਲੀਸ ਬੇਖ਼ਬਰ ਹੈ। ਇੱਕ ਪਾਸੇ ਤਾਂ ਦੀਵਾਲੀ ਦਾ ਤਿਉਹਾਰ ਹੈ ਤੇ ਦੂਜੇ ਪਾਸੇ ਝੋਨੇ ਦਾ ਸੀਜ਼ਨ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਸੜਕ ਦੇ ਆਲੇ-ਦੁਆਲੇ ਦੀਵਾਲੀ ਕਾਰਨ ਦੁਕਾਨਾਂ ਮੂਹਰੇ ਪਟਾਕੇ, ਹੱਟੜੀਆਂ, ਸਜਾਵਟੀ ਸਾਮਾਨ ਤੇ ਮਠਿਆਈਆਂ ਦੀਆਂ ਦੁਕਾਨਾਂ ਤੋਂ ਇਲਾਵਾ ਸਬਜ਼ੀਆਂ ਦੀਆਂ ਰੇਹੜੀਆਂ ਲੱਗੀਆਂ ਹੋਈਆਂ ਹਨ। ਝੋਨੇ ਦਾ ਸੀਜ਼ਨ ਹੋਣ ਕਾਰਨ ਜੀਰੀ ਦੀਆਂ ਟਰਾਲੀਆਂ ਮੰਡੀ ਵੱਲ ਆ ਰਹੀਆਂ ਹਨ ਤੇ ਪਰਾਲੀ ਢੋਣ ਵਾਲੀਆਂ ਵੱਡੀਆਂ ਟਰਾਲੀਆਂ ਦਾ ਵੀ ਪੂਰਾ ਜ਼ੋਰ ਹੈ ਜਿਸ ਕਰਕੇ ਅਕਸਰ ਹੀ ਜਾਮ ਲੱਗਿਆ ਰਹਿੰਦਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਕੱਦੋਂ ਚੌਕ ਜਿੱਥੇ 24 ਘੰਟੇ ਪੁਲੀਸ ਦਾ ਨਾਕਾ ਹੋਣਾ ਚਾਹੀਦਾ ਹੈ, ਉੱਥੇ ਟਰੈਫਿਕ ਸੁਚਾਰੂ ਢੰਗ ਨਾਲ ਚਲਾਉਣ ਲਈ ਝੋਨੇ ਦੇ ਸੀਜ਼ਨ ਦੌਰਾਨ ਕਦੇ ਵੀ ਕੋਈ ਪੁਲੀਸ ਮੁਲਾਜ਼ਮ ਤਾਇਨਾਤ ਨਹੀਂ ਦੇਖਿਆ ਗਿਆ। ਮੇਨ ਕੱਦੋਂ ਚੌਕ ਵਿੱਚ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਕਿ ਪੁਲੀਸ ਮੁਲਾਜ਼ਮ ਹਾਜ਼ਰ ਨਹੀਂ ਦਿਖਾਈ ਦਿੰਦੇ। ਅੱਜ ਕੱਦੋਂ ਚੌਕ ਵਿੱਚ ਜਾਮ ਲੱਗਣ ਕਾਰਨ ਲੋਕ ਸ਼ਹਿਰ ਦੀਆਂ ਤੰਗ ਗਲੀਆਂ ਤੇ ਬਾਜ਼ਾਰਾਂ ਵਿੱਚੋਂ ਲੰਘਣ ਲਈ ਮਜਬੂਰ ਹੋਏ। ਲੋਕਾਂ ਦੀ ਪ੍ਰਸ਼ਾਸਨ ਕੋਲੋਂ ਪੁਰਜ਼ੋਰ ਮੰਗ ਹੈ ਕਿ ਝੋਨੇ ਦੇ ਸੀਜ਼ਨ ਨੂੰ ਮੱਦੇਨਜ਼ਰ ਰੱਖਦਿਆਂ 24 ਘੰਟੇ ਪੁਲੀਸ ਤਾਇਨਾਤ ਕੀਤੀ ਜਾਵੇ। ਐੱਸਐੱਚਓ ਪਾਇਲ ਸੰਦੀਪ ਕੁਮਾਰ ਨੇ ਕਿਹਾ ਕਿ ਮਹਿਲਾ ਕਾਂਸਟੇਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ।

# ਕੇਂਦਰ ਅਤੇ ਸ਼ੈਲਰ ਮਾਲਕਾਂ ਦੇ ਰੇੜਕੇ ਕਾਰਨ ਰੁਲ ਰਹੇ ਨੇ ਕਿਸਾਨ: ਢਿੱਲੋਂ



**ਮਾਛੀਵਾੜਾ ਸਾਹਿਬ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਹਲਕਾ ਸਮਰਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਵੱਲੋਂ ਮਾਛੀਵਾੜਾ ਦਾਣਾ ਮੰਡੀ ਵਿੱਚ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਸ੍ਰੀ ਢਿੱਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਸ਼ੈਲਰ ਮਾਲਕਾਂ ਦੀਆਂ ਮੰਗਾਂ ਮੰਨਣ ਨੂੰ ਤਿਆਰ ਨਹੀਂ ਅਤੇ ਇਨ੍ਹਾਂ ਦੇ ਆਪਸੀ ਰੇੜਕੇ ਕਾਰਨ ਕਿਸਾਨ ਮੰਡੀਆਂ ਵਿੱਚ ਰੁਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਛੀਵਾੜਾ ਮੰਡੀ ਵਿੱਚ 20 ਲੱਖ ਝੋਨੇ ਦੀ ਬੋਰੀ ਖਰੀਦ ਹੋ ਚੁੱਕੀ ਹੈ ਜਦਕਿ ਲਿਫਟਿੰਗ ਸਿਰਫ਼ 6 ਲੱਖ ਬੋਰੀ ਹੋਈ ਹੈ ਅਤੇ 14 ਲੱਖ ਬੋਰੀ ਖੁੱਲ੍ਹੇ ਅਸਮਾਨ ਹੇਠ ਪਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਸਮੇਂ ਕਿਸਾਨਾਂ ਨੂੰ ਕਦੇ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਮੌਕੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ, ਸੀਨੀਅਰ ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਅਮਰੀਕ ਸਿੰਘ ਔਜਲਾ, ਜਥੇਦਾਰ ਅਮਰੀਕ ਸਿੰਘ ਹੇੜੀਆਂ, ਸੰਤੋਖ ਸਿੰਘ ਬਾਜਵਾ, ਮੁਕੰਦ ਸਿੰਘ ਤੇ ਹੈਪੀ ਬਾਂਸਲ ਵੀ ਮੌਜੂਦ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇਆਪਣੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਕਿਸਾਨਾਂ ਦੀ ਸਾਰ ਲੈਣ ਲਈ ਸਮਰਾਲਾ ਦੀਆਂ ਮੰਡੀਆਂ ਦਾ ਦੌਰਾ ਕੀਤਾ। ਮੰਡੀ ਦਾ ਦੌਰੇ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋ ਰਿਹਾ ਹੈ ਕਿ ਪੰਜਾਬ ਦਾ ਕਿਸਾਨ ਆਪਣੇ ਪੁੱਤਰਾਂ ਵਾਂਗ ਪਾਲੀ ਝੋਨੇ ਦੀ ਫ਼ਸਲ ਨਾਲ ਤਿਉਹਾਰਾਂ ਦੇ ਦਿਨਾਂ ਵਿੱਚ ਮੰਡੀਆਂ ਵਿੱਚ ਰੁਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ, ਕੇਂਦਰ ਨਾਲ ਮਿਲ ਕੇ ਪੰਜਾਬ ਦੇ ਕਿਸਾਨਾਂ ਨੂੰ ਖੱਜਲ ਖੁਆਰ ਕਰ ਕੇ ਆਪਣੀਆਂ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਣ ਲਈ ਮਜਬੂਰ ਕਰ ਰਹੀ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਝੋਨੇ ਦੀ ਸਰਕਾਰੀ ਖ਼ਰੀਦ ਨਿਰਵਿਘਨ ਕਰਨ ਤੇ ਲਿਫਟਿੰਗ ਤੁਰੰਤ ਕਰਵਾਉਣ ਲਈ ਅੱਜ ਵੀ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਦਫ਼ਤਰ ਅੱਗੇ ਧਰਨਾ ਜਾਰੀ ਰੱਖਿਆ ਗਿਆ। ਆਗੂਆਂ ਨੇ ਕਿਹਾ ਕਿ ਝੋਨੇ ਦੀ ਖ਼ਰੀਦ ਤੇ ਲਿਫਟਿੰਗ ਬਾਰੇ ਸਰਕਾਰਾਂ ਜਾਣਬੁੱਝ ਕੇ ਕਿਸਾਨਾਂ ਨੂੰ ਖੱਜਲ-ਖੁਆਰ ਕਰ ਰਹੀਆਂ ਹਨ ਜਿਸ ਕਾਰਨ ਕਿਸਾਨਾਂ ਦੀ ਪ੍ਰੇਸ਼ਾਨੀ ਵਧ ਗਈ ਹੈ। ਕਿਸਾਨ ਮੰਡੀਆਂ 'ਚ ਲੁੱਟੇ ਜਾ ਰਹੇ ਹਨ ਤੇ ਦੂਸਰੇ ਪਾਸੇ ਸਰਕਾਰਾਂ ਖ਼ਰੀਦ ਤੋਂ ਭੱਜ ਰਹੀਆਂ ਹਨ। ਅੱਜ ਦੇ ਧਰਨੇ ਨੂੰ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਰਾਜਪਾਲ ਸਿੰਘ ਦੁਧਾਲ ਨੇ ਵੀ ਸੰਬੋਧਨ ਕੀਤਾ।

# ਮੰਦਰ ਦੇ ਤਾਲੇ ਤੋੜ ਕੇ ਤਿੰਨ ਗੋਲਕਾਂ ਅਤੇ 45 ਹਜ਼ਾਰ ਦੀ ਨਕਦੀ ਚੋਰੀ




**ਲੁਧਿਆਣਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼ਿਮਲਾਪੁਰੀ ਇਲਾਕੇ 'ਚ ਸਥਿਤ ਮਾਤਾ ਨੈਣਾ ਦੇਵੀ ਜੀ ਦੇ ਮੰਦਿਰ 'ਚ ਬੇਖੌਫ਼ ਚੋਰ ਗਰੋਹ ਦੇ ਮੈਂਬਰਾਂ ਨੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਚੋਰ ਦੇਰ ਰਾਤ ਮੰਦਿਰ ਦੇ ਮੁੱਖ ਗੇਟ ਦਾ ਤਾਲਾ ਤੋੜ ਕੇ ਅੰਦਰ ਦਾਖ਼ਲ ਹੋਏ ਅਤੇ ਮੰਦਿਰ ਵਿੱਚ ਪਈਆਂ ਤਿੰਨ ਗੋਲਕਾਂ ਸਣੇ 45 ਹਜ਼ਾਰ ਰੁਪਏ ਦੀ ਚੋਰੀ ਕਰ ਕੇ ਫ਼ਰਾਰ ਹੋ ਗਏ। ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਮੰਦਿਰ ਦਾ ਪੁਜਾਰੀ ਸਵੇਰੇ ਆਇਆ। ਉਸ ਨੇ ਦੇਖਿਆ ਕਿ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ ਜਿਸ ਤੋਂ ਬਾਅਦ ਉਨ੍ਹਾਂ ਨੇ ਪੁਲੀਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਣ ਤੋਂ ਬਾਅਦ ਥਾਣਾ ਸ਼ਿਮਲਾਪੁਰੀ ਦੀ ਪੁਲੀਸ ਮੌਕੇ 'ਤੇ ਪਹੁੰਚ ਗਈ।

ਪੁਲੀਸ ਨੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਤਿੰਨ ਮੁਲਜ਼ਮ ਮੰਦਿਰ ਦਾ ਤਾਲਾ ਤੋੜ ਕੇ ਅੰਦਰ ਦਾਖ਼ਲ ਹੋਏ ਸਨ। ਪੁਲੀਸ ਨੇ ਇਸ ਮਾਮਲੇ 'ਚ ਅਣਪਛਾਤੇ ਚੋਰਾਂ ਖਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਇਸ ਸਬੰਧੀ ਡਾ. ਅਵਿਨਾਸ਼ ਨੇ ਦੱਸਿਆ ਕਿ ਮੰਦਿਰ ਦੇ ਮੁੱਖ ਗੇਟ ਨੂੰ ਤਾਲਾ ਲਗਾ ਕੇ ਪੰਡਿਤ ਜੀ ਚਲੇ ਜਾਂਦੇ ਹਨ। ਦੇਰ ਰਾਤ ਨੂੰ ਅਣਪਛਾਤੇ ਚੋਰਾਂ ਨੇ ਤਾਲੇ ਤੋੜ ਕੇ ਅੰਦਰੋਂ ਤਿੰਨ ਗੋਲਕਾਂ ਸਣੇ ਮੰਦਿਰ ਦਾ ਸਾਰਾ ਸਾਮਾਨ ਖਿਲਾਰ ਦਿੱਤਾ ਅਤੇ 45 ਹਜ਼ਾਰ ਰੁਪਏ ਦੀ ਚੋਰੀ ਕੀਤੀ।

ਸਵੇਰੇ ਜਦੋਂ ਮੰਦਿਰ ਦਾ ਪੁਜਾਰੀ ਆਇਆ ਅਤੇ ਉਸ ਤੋਂ ਬਾਅਦ ਭਗਤ ਲਵ ਕੁਮਾਰ ਉੱਥੇ ਪਹੁੰਚੇ ਤਾਂ ਉਨ੍ਹਾਂ ਮੰਦਿਰ ਕਮੇਟੀ ਦੇ ਮੈਂਬਰਾਂ ਨੂੰ ਸੂਚਨਾ ਦਿੱਤੀ।

ਜਦੋਂ ਉਹ ਉੱਥੇ ਪਹੁੰਚੇ ਤਾਂ ਅੰਦਰ ਸਾਮਾਨ ਖਿਲਰਿਆ ਪਿਆ ਸੀ ਅਤੇ ਗੋਲਕਾਂ ਗਾਇਬ ਸਨ। ਮੰਦਿਰ ਪ੍ਰਸ਼ਾਸਨ ਨੇ ਤੁਰੰਤ ਇਸ ਦੀ ਸੂਚਨਾ ਪੁਲੀਸ ਨੂੰ ਦਿੱਤੀ ਜਿਸ ਤੋਂ ਬਾਅਦ ਪੁਲੀਸ ਨੇ ਉੱਥੇ ਪਹੁੰਚ ਕੇ ਜਾਂਚ ਕੀਤੀ। ਜਦੋਂ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਤਿੰਨੋਂ ਮੁਲਜ਼ਮ ਤਾਲੇ ਤੋੜ ਕੇ ਅੰਦਰ ਦਾਖ਼ਲ ਹੋ ਰਹੇ ਸਨ ਤੇ ਕੁਝ ਸਮੇਂ ਬਾਅਦ ਉਹ ਗੋਲਕ ਲੈ ਕੇ ਬਾਹਰ ਨਿਕਲ ਰਹੇ ਸਨ।

ਸ਼ਿਮਲਾਪੁਰੀ ਥਾਣੇ ਦੇ ਇੰਚਾਰਜ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਕੈਮਰੇ ਦੀ ਫੁਟੇਜ ਰਾਹੀਂ ਮੁਲਜ਼ਮਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਝੋਨੇ ਦੀ ਖ਼ਰੀਦ ਦਾ ਕੰਮ ਸ਼ੁਰੂ ਕਰੇ ਪੰਜਾਬ ਸਰਕਾਰ: ਸਰੀਨ



**ਲੁਧਿਆਣਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਰਤੀ ਜਨਤਾ ਪਾਰਟੀ ਨੇ ਭਗਵੰਤ ਮਾਨ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ ਤੇ ਲਿਫਟਿੰਗ ਸਬੰਧੀ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਏ ਜਾਣ ਬਾਰੇ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਨੋਟਿਸ ਲੈਂਦਿਆਂ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਬਿਆਨਬਾਜ਼ੀ ਤੁਰੰਤ ਬੰਦ ਕਰ ਕੇ ਝੋਨੇ ਦੀ ਖ਼ਰੀਦ ਦਾ ਕੰਮ ਸ਼ੁਰੂ ਕਰੇ। ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਆਪਣੀ ਨਾਲਾਇਕੀ ਕਾਰਨ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅੱਜ ਪੰਜਾਬ ਦਾ ਕਿਸਾਨ ਮੰਡੀਆਂ ਵਿੱਚ ਰੁਲ਼ ਰਿਹਾ ਹੈ ਜਦਕਿ ਸਰਕਾਰ ਆਪਣੀ ਅਸਫ਼ਲਤਾ ਨੂੰ ਛੁਪਾਉਣ ਲਈ ਕੇਂਦਰ ਸਰਕਾਰ ਨੂੰ ਝੋਨੇ ਦੀ ਖਰੀਦ ਅਤੇ ਲਿਫਟਿੰਗ ਸਬੰਧੀ ਦੋਸ਼ੀ ਠਹਿਰਾ ਕੇ ਕਿਸਾਨਾਂ ਨੂੰ ਗੁਮਰਾਹ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਫ਼ਸਲ ਦੀ ਖਰੀਦ, ਉਸ ਦੀ ਲਿਫਟਿੰਗ ਅਤੇ ਸਟੋਰੇਜ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਸਬੰਧੀ ਪੰਜਾਬ ਸਰਕਾਰ ਨੂੰ 41 ਹਜ਼ਾਰ 339 ਕਰੋੜ ਰੁਪਏ ਕਈ ਮਹੀਨੇ ਪਹਿਲਾਂ ਹੀ ਭੇਜ ਦਿੱਤੇ ਗਏ ਸਨ। ਇਸ ਤੋਂ ਇਲਾਵਾ ਸਾਲ 2023 ਵਿੱਚ ਕੇਂਦਰ ਨੇ ਪੰਜਾਬ ਸਰਕਾਰ ਨੂੰ ਝੋਨੇ ਦਾ ਭੰਡਾਰ ਕਰਨ ਲਈ 31 ਲੱਖ ਟਨ ਦੀ ਸਟੋਰੇਜ ਦਾ ਪ੍ਰਬੰਧ ਕਰਨ ਦੀ ਇਜਾਜ਼ਤ ਦਿੱਤੀ ਸੀਪਰ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਹੁਣ ਤੱਕ ਇਸ ਸਟੋਰੇਜ ਦਾ ਪ੍ਰਬੰਧ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੋਈ ਟੈਂਡਰ ਨਹੀਂ ਲਾਇਆ ਗਿਆ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਡਾ. ਸਤੀਸ਼ ਕੁਮਾਰ ਅਤੇ ਨਵਲ ਜੈਨ ਹਾਜ਼ਰ ਸਨ।

# ਸਕਾਲਰਜ਼ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨੇ



**ਰਾਜਪੁਰਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਪਟੇਲ ਪਬਲਿਕ ਸਕੂਲ ਰਾਜਪੁਰਾ ਵਿੱਚ ਭਾਰਤ ਵਿਕਾਸ ਪਰਿਸ਼ਦ ਵੱਲੋਂ ਕਰਵਾਏ 'ਭਾਰਤ ਨੂੰ ਜਾਣੋ' ਮੁਕਾਬਲੇ ਵਿੱਚ ਸਕਾਲਰਜ਼ ਪਬਲਿਕ ਸਕੂਲ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਰਾਜਪੁਰਾ ਸ਼ਹਿਰ ਦੇ ਕਰੀਬ 8 ਸਕੂਲਾਂ ਨੇ ਭਾਗ ਲਿਆ। ਮੁਕਾਬਲਿਆਂ ਦੇ ਨਤੀਜਿਆਂ ਅਨੁਸਾਰ ਜੂਨੀਅਰ ਗਰੁੱਪ ਵਿੱਚ ਸਕਾਲਰਜ਼ ਪਬਲਿਕ ਸਕੂਲ ਦੀ ਅੱਠਵੀਂ ਜਮਾਤ ਦੀ ਖੁਸ਼ਮੀਤ ਕੌਰ ਅਤੇ ਸਾਗਰਪ੍ਰੀਤ ਕੌਰ ਪਹਿਲੇ ਸਥਾਨ 'ਤੇ ਰਹੀਆਂ। ਸੀਨੀਅਰ ਗਰੁੱਪ ਵਿੱਚ ਵੀ ਸਕਾਲਰਜ਼ ਪਬਲਿਕ ਸਕੂਲ ਦੀ ਨੌਵੀਂ ਜਮਾਤ ਦੀ ਧਰੁਵੀ ਜਸੂਜਾ ਅਤੇ ਯਸ਼ਿਵੰਦਰ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।

ਸਕੂਲ ਦੇ ਚੇਅਰਮੈਨ ਤਰਸੇਮ ਜੋਸ਼ੀ, ਡਾਇਰੈਕਟਰ ਸੁਦੇਸ਼ ਜੋਸ਼ੀ ਅਤੇ ਪ੍ਰਿੰਸੀਪਲ ਭਾਰਤੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਖਾਦ ਡੀਲਰਾਂ ਦੀ ਨਿਗਰਾਨੀ ਲਈ 14 ਟੀਮਾਂ ਬਣਾਈਆਂ



**ਲੁਧਿਆਣਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਖਾਦਾਂ ਅਤੇ ਖਾਸ ਕਰਕੇ ਡਾਇਮੋਨੀਅਮ ਫਾਸਫੇਟ (ਡੀਏਪੀ) ਦੀ ਨਿਰੰਤਰ ਅਤੇ ਲੋੜੀਂਦੀ ਸਪਲਾਈ ਯਕੀਨੀ ਬਣਾਉਣ, ਕਿਸਾਨਾਂ ਦਾ ਸ਼ੋਸ਼ਣ ਅਤੇ ਡੀਲਰਾਂ ਰਾਹੀਂ ਮੁਨਾਫ਼ਾਖੋਰੀ ਰੋਕਣ ਲਈ ਡੀਸੀ ਜਤਿੰਦਰ ਜੋਰਵਾਲ ਨੇ 56 ਅਧਿਕਾਰੀਆਂ ਦੀਆਂ 14 ਟੀਮਾਂ ਬਣਾਈਆਂ ਹਨ। ਇਹ ਟੀਮਾਂ ਰੋਜ਼ਾਨਾ ਖਾਦ ਡੀਲਰਾਂ ਦੀ ਚੈਕਿੰਗ ਕਰਨਗੀਆਂ ਅਤੇ ਜੇਕਰ ਕੋਈ ਗਲਤ ਕੰਮ ਹੁੰਦਾ ਦਿਖਾਈ ਦਿੰਦਾ ਹੈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਟੀਮਾਂ ਵਿੱਚ ਖੇਤੀਬਾੜੀ, ਸਹਿਕਾਰੀ ਸਭਾਵਾਂ, ਮਾਲ ਅਤੇ ਪੰਚਾਇਤਾਂ ਦੇ ਅਧਿਕਾਰੀ ਸ਼ਾਮਲ ਹਨ। ਉਹ ਰੋਜ਼ਾਨਾ ਦੀ ਰਿਪੋਰਟ ਸ਼ਾਮ ਨੂੰ ਨੋਡਲ ਅਫ਼ਸਰ ਨੂੰ ਸੌਂਪਣਗੇ। ਮੁੱਖ ਖੇਤੀਬਾੜੀ ਅਫ਼ਸਰ ਡਾ. ਪ੍ਰਕਾਸ਼ ਸਿੰਘ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਲੁਧਿਆਣਾ ਪੂਰਬੀ, ਲੁਧਿਆਣਾ ਪੱਛਮੀ, ਸਮਰਾਲਾ, ਪਾਇਲ, ਖੰਨਾ, ਰਾਏਕੋਟ, ਸਾਹਨੇਵਾਲ, ਡੇਹਲੋਂ, ਕੂੰਮ ਕਲਾਂ, ਮੁੱਲਾਂਪੁਰ, ਮਲੌਦ, ਮਾਛੀਵਾੜਾ, ਸਿੱਧਵਾਂ ਬੇਟ ਆਦਿ ਖੇਤਰਾਂ ਵਿੱਚ ਡੀਏਪੀ ਦੀ ਖਾਦ ਸਬੰਧੀ ਜਾਂਚ ਕੀਤੀ ਜਾਵੇਗੀ। ਡੀਏਪੀ 1,350 ਰੁਪਏ ਪ੍ਰਤੀ 50 ਕਿਲੋਗ੍ਰਾਮ ਬੈਗ ਦੀ ਨਿਯਮਿਤ ਕੀਮਤ 'ਤੇ ਉਪਲਬਧ ਹੈ।

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇਹ ਟੀਮਾਂ ਸਥਾਨਕ ਡੀਲਰਾਂ ਦੀ ਅਚਨਚੇਤ ਜਾਂਚ ਕਰਨਗੀਆਂ ਤਾਂ ਜੋ ਡੀਏਪੀ ਖਾਦ ਦੀਆਂ ਕੀਮਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਨਿਰਪੱਖ ਵਪਾਰਕ ਅਮਲਾਂ ਦੀ ਪਾਲਣਾ ਕੀਤੀ ਜਾ ਸਕੇ। ਇਹ ਟੀਮਾਂ ਡੀਏਪੀ ਬੈਗਾਂ ਨਾਲ ਬੇਲੋੜੇ ਉਤਪਾਦਾਂ ਦੀ ਵਿਕਰੀ ਰੋਕਣ ਵਿੱਚ ਮਦਦ ਕਰਨਗੀਆਂ। ਉਨ੍ਹਾਂ ਕਿਹਾ ਕਿ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਬੰਧਤ ਕਾਨੂੰਨਾਂ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡੀਸੀ ਜੋਰਵਾਲ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

# ਵਿਧਾਇਕ ਵੱਲੋਂ ਸ਼ੇਖੂਪਰ ਦੀ ਪੰਚਾਇਤ ਦਾ ਸਨਮਾਨ



**ਦੇਵੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਬਲਾਕ ਭੁਨਰਹੇੜੀ ਦੀ ਸਬ-ਡਿਵੀਜ਼ਨ ਦੂੱਧਨਸਾਧਾਂ ਦੇ ਪਿੰਡ ਸ਼ੇਖੂਪੁਰ ਵਿੱਚ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਬਿਨਾਂ ਮੁਕਾਬਲੇ ਚੁਣੇ ਸਰਪੰਚ ਅਮਰੀਕ ਭਾਰਤੀ ਤੇ ਪੰਚ ਕ੍ਰਿਸ਼ਨ ਗਿਰ, ਸੁਖਵਿੰਦਰ ਭਾਰਤੀ, ਕਿਰਨਾ ਦੇਵੀ, ਕਮਲੇਸ਼ ਗਿਰ ਅਤੇ ਗੁਰਮੀਤ ਕੌਰ ਦਾ ਸਨਮਾਨ ਕੀਤਾ। ਇਸ ਮੌਕੇ ਵਿਧਾਇਕ ਪਠਾਣਮਾਜਰਾ ਨੇ ਐਲਾਨ ਕੀਤਾ ਕਿ ਪੰਚਾਇਤ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 5-5 ਲੱਖ ਰੁਪਏ ਦੀ ਵਾਧੂ ਗ੍ਰਾਂਟ ਦਿੱਤੀ ਜਾਵੇਗੀ ਜਿਸ ਨਾਲ ਪਿੰਡ ਦਾ ਵੱਧ ਵਿਕਾਸ ਹੋ ਸਕੇਗਾ।

ਇਸ ਮੌਕੇ ਗੁਰਪ੍ਰੀਤ ਗੁਰੀ ਪੀਏ, ਸਿਮਰਜੀਤ ਸਿੰਘ ਸੋਹਲ, ਗੁਲਜ਼ਾਰ ਸਿੰਘ ਸਰਪੰਚ ਬਰਕਤਪੁਰ, ਪੰਜਾਬ ਸਿੰਘ ਵਿਰਕ ਚੁਹਟ, ਜੋਗਿੰਦਰ ਸਿੰਘ ਵਿਰਕ ਅਤੇ ਗਿਆਨ ਭਾਰਤੀ ਵੀ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਗੜ੍ਹੀ ਦਾ ਸਨਮਾਨ



**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 14ਵੀਂ ਵਾਰ ਐਗਜ਼ੈਕਟਿਵ ਮੈਂਬਰ ਬਣੇ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦਾ ਅੰਮ੍ਰਿਤਸਰ ਤੋਂ ਇੱਥੇ ਪਰਤਣ 'ਤੇ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਵੱਖ-ਵੱਖ ਸੰਸਥਾਵਾਂ ਅਤੇ ਆਗੂਆਂ ਨੇ ਸਨਮਾਨ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਸ਼੍ਰੋਮਣੀ ਕਮੇਟੀ ਦੀ ਇਸ ਚੋਣ 'ਚ ਸਿੱਧੀ ਦਖਲਅੰਦਾਜ਼ੀ ਕਰਨ ਦੇ ਦੋਸ਼ ਲਾਏ। ਤਰਕ ਸੀ ਕਿ ਇਸ ਦੌਰਾਨ ਬਾਦਲ ਦਲ ਦੇ ਮੈਂਬਰਾਂ ਨੂੰ ਅਕਾਲੀ ਸੁਧਾਰ ਲਹਿਰ ਦੇ ਹੱਕ 'ਚ ਭੁਗਤਣ ਜਾਂ ਫੇਰ ਬਾਦਲ ਦਲ ਦੀ ਚੋਣ ਮੁਹਿੰਮ 'ਚ ਬਹੁਤੀਆਂ ਸਰਗਰਮੀਆਂ ਨਾ ਕਰਨ ਲਈ 'ਆਪ' ਦੇ ਵਿਧਾਇਕ ਵੀ ਡਰਾਉਂਦੇ ਧਮਕਾਉਂਦੇ ਰਹੇ। ਇਸ ਗੱਲ ਨੂੰ ਹੋਰ ਵੀ ਪੱਕੇ ਪੈਰੀਂ ਕਰਦਿਆਂ ਸੁਰਜੀਤ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਨੂੰ ਖੁਦ ਨੂੰ ਵੀ ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਗੜ੍ਹੀ ਨੇ ਆਖਿਆ ਕਿ ਮੌਕੇ ਦੀਆਂ ਦੋਵੇਂ ਹਕੂਮਤਾਂ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲਅੰਦਾਜ਼ੀ ਜੱਗ ਜ਼ਾਹਿਰ ਹੋ ਗਈ। ਉਨ੍ਹਾਂ ਹੋਰ ਕਿਹਾ ਕਿ ਨਾ ਸਿਰਫ਼ ਧਾਰਮਿਕ ਮਾਮਲਿਆਂ, ਬਲਕਿ ਕੇਂਦਰ ਸਰਕਾਰ ਤਾਂ ਪੰਜਾਬੀਆਂ ਨੂੰ ਹੀ ਵੇਖਣਾ ਨਹੀਂ ਚਾਹੁੰਦੀ ਤੇ ਐਤਕੀਂ ਝੋਨੇ ਦੀ ਖਰੀਦ ਅਤੇ ਲਿਫਟਿੰਗ ਨਾ ਹੋਣ ਦੀ ਕਾਰਵਾਈ ਇਸੇ ਹੀ ਕੜੀ ਦਾ ਹਿੱਸਾ ਹੈ। ਉਪਰੋਂ ਪੰਜਾਬ ਸਰਕਾਰ ਵੀ ਭਗਵੇਂ 'ਚ ਰੰਗਦੀ ਜਾ ਰਹੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮੈਨੇਜਰ ਰਾਜਿੰਦਰ ਸਿੰਘ ਟੌਹੜਾ, ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ, ਸਹਾਇਕ ਹੈੱਡ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ, ਮੀਤ ਮੈਨੇਜਰ ਭਾਗ ਸਿੰਘ ਚੌਹਾਨ ਤੇ ਸਵਿੰਦਰ ਸਿੰਘ ਸੱਭਰਵਾਲ ਨੇ ਵੀ ਸਵਾਗਤ ਕੀਤਾ।

# ਖ਼ਾਲਸਾ ਕਾਲਜ ਦੀ ਦੌੜਾਕ ਹਰਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਮੱਲਾਂ ਮਾਰੀਆਂ



**ਗੜ੍ਹਸ਼ੰਕਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਬੀ.ਏ. ਭਾਗ ਤੀਜਾ ਦੀ ਦੌੜਾਕ ਵਿਦਿਆਰਥਣ ਹਰਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰੀ ਅਥਲੈਟਿਕਸ ਮੁਕਾਬਲਿਆਂ 'ਚ ਮੱਲਾਂ ਮਾਰੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਬੀ.ਏ.ਭਾਗ ਤੀਜਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰ 'ਤੇ ਖੇਡਾਂ ਵਤਨ ਪੰਜਾਬ ਦੀਆਂ ਦੇ ਅਥਲੈਟਿਕਸ ਮੁਕਾਬਲਿਆਂ 'ਚ 5 ਹਜ਼ਾਰ ਮੀਟਰ ਅਤੇ 10 ਹਜ਼ਾਰ ਮੀਟਰ ਦੌੜ ਵਿਚ ਪਹਿਲਾ ਸਥਾਨ ਹਾਸਿਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆ ਭਵਿੱਖ ਵਿਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

# ਅਕਾਲੀ ਸੁਧਾਰ ਲਹਿਰ ਨੂੰ ਅਕਾਲੀ ਦਲ ਵਿੱਚ ਸ਼ਾਮਲ ਹੋ ਜਾਣਾ ਚਾਹੀਦੈ: ਬਡੂੰਗਰ



**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਬਹੁਤਾਤ ਸ਼੍ਰੋਮਣੀ ਅਕਾਲੀ ਦਲ ਨਾਲ ਚਟਾਨ ਵਾਂਗ ਖੜ੍ਹੀ ਹੈ। ਇਸ ਕਰਕੇ ਅਕਾਲੀ ਸੁਧਾਰ ਲਹਿਰ ਦੀ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਪੰਥਕ ਨਿਰਣੇ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰ ਲਵੇ।

ਇੱਥੇ ਉਨ੍ਹਾਂ ਕਿਹਾ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਬਾਹਰੀ ਦਖਲਅੰਦਾਜ਼ੀ ਨੂੰ ਸਿੱਖ ਕੌਮ ਨੇ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤਾ। 28 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਨੇ ਵੀ ਆਪਣੇ ਪਹਿਲੇ ਸ਼ਾਨਾਮਤੀ ਇਤਿਹਾਸ 'ਤੇ ਮੋਹਰ ਲਗਾਈ ਹੈ। ਇਸ ਕਰਕੇ ਪੰਥਕ ਨਿਰਣੇ ਨੂੰ ਸਿਰ ਮੱਥੇ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੂੰ ਮਾਂ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਨਤੀਜਿਆਂ ਮਗਰੋਂ ਬੀਬੀ ਜਗੀਰ ਕੌਰ ਦੇ ਬਿਆਨ ਨੂੰ ਬੁਖਲਾਹਟ ਦੀ ਨਿਸ਼ਾਨੀ ਦੱਸਦਿਆਂ, ਸਾਬਕਾ ਪ੍ਰਧਾਨ ਬਡੂੰਗਰ ਨੇ ਕਿਹਾ ਕਿ ਇਹ ਨਹੀਂ ਭੁੱਲਣਾ ਚਾਹੀਦਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਉਨ੍ਹਾਂ (ਬੀਬੀ) ਨੂੰ ਪ੍ਰਧਾਨ ਵੀ ਬਣਾਉਂਦੇ ਰਹੇ ਹਨ, ਜਿਵੇਂ ਉਦੋਂ ਮੈਂਬਰਾਂ ਵੱਲੋਂ ਉਨ੍ਹਾਂ ਦੇ ਹੱਕ 'ਚ ਭੁਗਤਣ ਦੀ ਕਾਰਵਾਈ ਪੰਥਕ ਨਿਰਣਾ ਸੀ, ਉਵੇਂ ਹੀ ਹੁਣ ਉਨ੍ਹਾਂ ਦੇ ਖ਼ਿਲਾਫ਼ ਆਏ ਪੰਥਕ ਨਿਰਣੇ ਨੂੰ ਸਵੀਕਾਰਦਿਆਂ ਬੀਬੀ ਨੂੰ ਅਜਿਹੇ ਮੰਦਭਾਗੇ ਬਿਆਨਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ।

# ਸਕੂਲਾਂ ਵਿੱਚ ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਤਿਉਹਾਰ ਮਨਾਇਆ



**ਦੇਵੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**
ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵਿੱਚ ਰੌਸ਼ਨੀ ਅਤੇ ਖੁਸ਼ੀਆਂ ਦਾ ਤਿਉਹਾਰ ਦਿਵਾਲੀ ਉਤਸ਼ਾਹ ਨਾਲ ਮਨਾਇਆ ਗਿਆ। ਧਾਰਮਿਕ ਸ਼ਬਦ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਸਕੂਲ ਦੇ ਪ੍ਰੀ-ਨਰਸਰੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦੇ ਹੋਏ ਰਾਮ ਚੰਦਰ ਦੇ ਜੀਵਨ ਨਾਲ ਸਬੰਧਤ ਝਾਕੀਆਂ, ਗੀਤ, ਕਵਿਤਾਵਾਂ ਅਤੇ ਭਾਸ਼ਣ ਪੇਸ਼ ਕੀਤੇ।

ਚਾਰ ਹਾਊਸ ਵਿੱਚ ਰੰਗੋਲੀ ਮੁਕਾਬਲੇ ਵੀ ਕਰਵਾਏ ਗਏ। ਸਕੂਲ ਪ੍ਰਬੰਧਕਾਂ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਤਰਨਦੀਪ ਅਰੋੜਾ ਅਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੀ ਵਧਾਈ ਦਿੱਤੀ। ਇਸੇ ਤਰ੍ਹਾਂ ਬੀਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ ਘੜਾਮ ਵਿੱਚ ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਅਤੇ ਵਾਈਸ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੀ ਵਧਾਈ ਦਿੱਤੀ।



ਡਾ. ਨਵਜੋਤ
81468-28040

ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ ਅਤੇ ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ...

# ਇਸ਼ਕ ਵਤਨ ਦਾ ਜਿਨ੍ਹਾਂ ਦੇ ਹੱਡੀਂ ਰਚਿਆ

ਕੁਝ ਸੁਪਨੇ, ਕੁਝ ਖ਼ਾਹਿਸ਼ਾਂ, ਮਨ 'ਚ ਸੰਦਲੀ ਖ਼ਾਬ ਸਜਾ ਕੇ ਨਵੇਂ ਦਿਸਹੱਦੇ ਦੀ ਤਲਾਸ਼ 'ਚੋਂ ਪਰਵਾਸੀ ਹੋਏ ਪੰਜਾਬੀਆਂ ਨੇ ਸਖ਼ਤ ਮਿਹਨਤ ਮੁਸ਼ੱਕਤ ਕਰ ਕੇ ਬੇਸ਼ੱਕ ਪਰਾਈ ਧਰਤੀ 'ਤੇ ਵੀ ਛੋਟਾ ਜਿਹਾ ਪੰਜਾਬ ਵਸਾ ਲਿਆ ਹੈ, ਪੰਜਾਬੀ ਪਰਿਵਾਰ, ਪੰਜਾਬੀ ਮਹਿਫ਼ਲਾਂ, ਗੁਰਦੁਆਰਿਆਂ 'ਚ ਪੰਜਾਬ ਦੀ ਮੌਜੂਦਗੀ, ਉਹੀ ਮਾਣ ਮਰਿਆਦਾ, ਉਹੀ ਲੰਗਰ ਪ੍ਰਥਾ, ਉਹੀ ਪ੍ਰਵਚਨ ਪਰ ਫਿਰ ਵੀ ਆਪਣੇ ਪੰਜਾਬ ਦੀ ਖਿੱਚ ਇਨ੍ਹਾਂ ਪਰਵਾਸੀਆਂ ਦੇ ਅੰਦਰੋਂ ਮਰਦੀ ਨਹੀਂ। ਰੋਟੀ ਦੀ ਭੁੱਖ ਬੇਸ਼ੱਕ ਬਹੁਤ ਵੱਡੀ ਹੁੰਦੀ ਹੈ ਪਰ ਰੂਹ ਦੀ ਭੁੱਖ, ਦੇਸ਼ ਨਾਲ ਫਿਰ ਜੁੜਨ ਦੀ ਭੁੱਖ ਦੀ ਵੀ ਕੋਈ ਸੀਮਾ ਨਹੀਂ ਹੁੰਦੀ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੇ ਬਾਵਜੂਦ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਇੱਛਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਆਪਣੇ ਅਤੀਤ, ਮਾਤ ਭੂਮੀ, ਮਾਂ ਬੋਲੀ ਅਤੇ ਆਪਣੇ ਲੋਕਾਂ ਤੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਅਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ। ਜਿਸ ਧਰਤੀ, ਸੱਭਿਆਚਾਰ ਤੇ ਬੋਲੀ ਵਿਚ ਮਨੁੱਖ ਜੰਮਿਆ, ਪਲਿਆ ਤੇ ਪਰਵਾਨ ਚੜ੍ਹਿਆ ਹੋਵੇ, ਉਸ ਮਿੱਟੀ ਦਾ ਮੋਹ ਉਸ ਨੂੰ ਲਗਾਤਾਰ ਸਤਾਉਂਦਾ ਹੈ ਤੇ ਉਸ ਸਰਜ਼ਮੀਂ ਨੂੰ ਭੁੱਲਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੁੰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਦੇਸ਼ ਛੱਡਣ ਨਾਲ ਦੇਸ਼ ਛੁੱਟ ਨਹੀਂ ਹੁੰਦਾ ਪਰ ਪਰਿਵਰਤਿਤ ਪ੍ਰਸਥਿਤੀਆਂ ਵਿਚ ਵਾਪਸ ਦੇਸ਼ ਪਰਤਣਾ ਸੰਭਵ ਨਹੀਂ। ਕਿਸੇ ਨਾ ਕਿਸੇ ਹੀਲੇ ਵਸੀਲੇ ਇਹ ਪਰਵਾਸੀ ਆਪਣੇ ਲੋਕਾਂ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

## ਸਮਾਜਿਕ ਤੇ ਸੱਭਿਆਚਾਰਕ ਸਮਾਰੋਹ

ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ, ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ। ਓਪਰੀ ਧਰਤੀ 'ਤੇ ਜਾ ਕੇ ਵੀ ਮਾਣ-ਮੱਤੇ ਪੰਜਾਬੀ ਸੱਭਿਆਚਾਰ ਨੂੰ ਇਹ ਲੋਕ ਵਿਸਾਰ ਨਹੀਂ ਸਕੇ। ਪਿਛਲੇ ਸਾਲ ਸਾਹਿਤਕ, ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆਂ ਦੇ ਕੇਂਦਰ ਪੰਜਾਬ ਭਵਨ ਸਰੀ ਦੇ ਸੰਸਥਾਪਕ, ਮਾਂ ਬੋਲੀ ਪੰਜਾਬੀ ਦੇ ਲੱਜ ਪਾਲਕ ਸੁੱਖੀ ਬਾਠ ਹੋਰਾਂ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨੂੰ ਸਟੇਜ 'ਤੇ ਬੋਲਦਿਆਂ ਸੁਣ ਕੇ ਮੈਨੂੰ ਹੈਰਾਨੀ ਹੋਈ ਕਿ ਐਨੇ ਲੰਬੇ ਸਮੇਂ ਤੋਂ ਕੈਨੇਡਾ ਦੇ ਵਸਨੀਕ ਜਿੱਥੇ ਹਰ ਕੰਮ ਅੰਗਰੇਜ਼ੀ 'ਚ ਹੁੰਦਾ ਹੋਵੇ, ਕੰਨਾਂ 'ਚ ਵੀ ਪੰਜਾਬੀ ਨਾਲੋਂ ਵੱਧ ਅੰਗਰੇਜ਼ੀ ਦੇ ਲਫ਼ਜ਼ ਬਾਰ-ਬਾਰ ਟਕਰਾਉਂਦੇ ਹੋਣਗੇ ਪਰ ਫਿਰ ਵੀ ਉਨ੍ਹਾਂ ਦੇ ਮੂੰਹੋਂ ਮਾਖਿਓਂ ਮਿੱਠੀ ਸ਼ੁੱਧ ਪੰਜਾਬੀ ਸੁਣ ਕੇ ਅਹਿਸਾਸ ਹੋਇਆ ਕਿ ਵਾਕਿਆ ਹੀ ਸੁੱਖੀ ਦੀ ਆਤਮਾ ਧੁਰ ਅੰਦਰੋਂ ਪੰਜਾਬੀ ਹੈ। ਪੰਜਾਬ ਭਵਨ 'ਚ ਸਿਰਫ਼ ਪੰਜਾਬੀ ਹੀ ਨਹੀਂ ਫਿਲੀਪੀਨਜ਼ ਤੇ ਚੀਨੀ ਮੂਲ ਦੇ ਪਰਵਾਸੀ ਬਿਨਾਂ ਕਿਸੇ ਇਵਜ਼ਾਨੇ ਦੇ ਆਪਣੇ ਸਮਾਜਿਕ ਤੇ ਸੱਭਿਆਚਾਰਕ ਸਮਾਰੋਹ ਕਰਵਾਉਂਦੇ ਰਹਿੰਦੇ ਨੇ।

## ਜੜ੍ਹਾਂ ਨਾਲ ਜੁੜਿਆ ਇਨਸਾਨ ਸੁੱਖੀ ਬਾਠ

ਸੁੱਖੀ ਬਾਠ ਹੋਰਾਂ ਮਿਹਨਤ, ਲਗਨ ਤੇ ਲਿਆਕਤ ਨਾਲ ਸਮਾਜ ਵਿਚ ਇਕ ਖ਼ਾਸ ਜਗ੍ਹਾ ਬਣਾਈ ਹੈ। ਆਪਣੀਆਂ ਜੜ੍ਹਾਂ ਨਾਲ ਜੁੜੇ ਇਸ ਇਨਸਾਨ ਬਾਰੇ ਆਮ ਲੋਕਾਂ ਦੀ ਇਹ ਰਾਏ ਹੈ ਕਿ ਇਹ ਬਹੁਤ ਵੱਡਾ ਕਾਰੋਬਾਰੀ ਹੈ। ਲੋਹੜੇ ਦੇ ਜਜ਼ਬਾਤੀ ਇਸ ਸ਼ਖ਼ਸ ਬਾਰੇ ਮੇਰੀ ਨਿੱਜੀ ਰਾਏ ਹੈ ਕਿ ਸੁੱਖੀ ਬਾਠ ਬਹੁਤ ਵੱਡਾ ਕੋਮਲਭਾਵੀ ਤੇ ਮੁਹੱਬਤੀ ਇਨਸਾਨ ਹੈ। ਉਹ ਹਰ ਪਲ ਮੁਹੱਬਤਾਂ ਵੰਡਦਾ ਹੈ ਤੇ ਮੁਹੱਬਤ ਦਾ ਹੀ ਕਾਰੋਬਾਰ ਕਰਦਾ ਹੈ। ਗੰਭੀਰ ਸੋਚਵਾਨ, ਸੂਝਵਾਨ ਨਿਰਛਲ ਦਿਲ ਵਾਲਾ ਇਹ ਇਨਸਾਨ ਮੁਹੱਬਤ ਦਾ ਪੈਗ਼ਾਮ ਦੇਣ ਪੰਜਾਬ ਤੁਰਿਆ ਹੀ ਰਹਿੰਦਾ ਹੈ। ਪੰਜਾਬ ਨਾਲ ਇਸ ਕਦਰ ਮੁਹੱਬਤ ਕਿ ਸਾਲ 'ਚ ਪੰਜਾਬ ਦੇ ਅੱਠ ਦਸ ਗੇੜੇ ਐਂ ਕੱਢਦੇ ਜਿਵੇਂ ਕੋਈ ਪਿੰਡ ਦੀ ਫਿਰਨੀ ਤੋਂ ਮੁੜਕੇ ਰੋਟੀ ਖਾਣ ਘਰ ਪਰਤੇ। ਪੰਜਾਬ ਆ ਕੇ ਸੁੱਖੀ ਦੀ ਮਸ਼ਰੂਫ਼ੀਅਤ ਦੇ ਦਾਇਰੇ ਅਸੀਮ ਹੋ ਜਾਂਦੇ ਹਨ। ਸੁੱਖੀ ਦੀ ਸਵੇਰ ਪਟਿਆਲੇ, ਦੁਪਹਿਰ ਲੁਧਿਆਣੇ ਤੇ ਰਾਤ ਦਿੱਲੀ ਬੀਤਦੀ ਹੈ।

ਸੁੱਖੀ ਦੀ ਦਿਲੀ ਚਾਹਤ ਹੈ ਕਿ ਉਹ ਸੁੱਖ ਸਹੂਲਤਾਂ ਤੋਂ ਵਾਂਝੇ ਲੋਕਾਂ ਦੇ ਚਿਹਰੇ 'ਤੇ ਮੁਸਕਰਾਹਟ ਲਿਆ ਸਕੇ।

ਧੀਆਂ ਦੇ ਸ਼ਖ਼ਸੀ ਵਿਕਾਸ ਲਈ ਇਹ ਇਨਸਾਨ ਹਮੇਸ਼ਾ ਵਚਨਵੱਧ ਹੈ। ਕਿਤੇ ਧੀਆਂ ਨੂੰ ਗੋਦ ਲੈ ਰਿਹਾ, ਕਿਤੇ ਉਨ੍ਹਾਂ ਦੇ ਹੱਥ ਕਲਮ ਫੜਾ ਆਪਣਾ ਮੁਕੱਦਰ ਆਪ ਲਿਖਣ ਦੇ ਕਾਬਿਲ ਬਣਾ ਰਿਹਾ, ਕਿਤੇ ਧੀਆਂ ਦਾ ਧਰਮੀ ਬਾਬਲ ਬਣ ਧੀਆਂ ਦੇ ਕਾਜ ਰਚਾ ਰਿਹਾ। ਪੰਜਾਬ ਦੀ ਨੌਜਵਾਨੀ ਦੇ ਰੁਜ਼ਗਾਰ ਲਈ ਇਹ ਇਨਸਾਨ ਫ਼ਿਕਰਮੰਦ ਹੈ। ਅੰਨ੍ਹੇਵਾਹ ਵਿਦੇਸ਼ਾਂ ਨੂੰ ਲੱਗੀ ਦੌੜ ਤੋਂ ਚਿੰਤਤ ਹੈ। ਨਸ਼ਿਆਂ 'ਚ ਗਰਕ ਰਹੀ ਨਵੀਂ ਪੀੜ੍ਹੀ ਲਈ ਹਰ ਘੜੀ ਸੋਚਵਾਨ ਹੈ। ਪਲ-ਪਲ ਮਰ ਰਹੀ ਇਨਸਾਨੀਅਤ ਉਸ ਦੀ ਪਰੇਸ਼ਾਨੀ ਦਾ ਕਾਰਨ ਹੈ। ਨੱਬੇ ਹਜ਼ਾਰ ਮਰੀਜ਼ਾਂ ਦੀਆਂ ਅੱਖਾਂ ਦੇ ਮੁਫ਼ਤ ਓਪਰੇਸ਼ਨ ਕਰਵਾਉਣਾ ਉਸ ਦੀ ਸਿਹਤ ਸਹੂਲਤਾਂ ਪ੍ਰਤੀ ਫ਼ਿਕਰਮੰਦੀ ਦਾ ਹੀ ਸਬੂਤ ਹੈ। ਸੋਹਣੇ ਸੁਨੱਖੇ ਪੰਜਾਬ ਦਾ ਸੁਪਨਾ ਉਸ ਦੀਆਂ ਨਜ਼ਰਾਂ 'ਚ ਹਰ ਪਲ ਤੈਰਦਾ ਹੈ। ਸੁੱਖੀ ਦੇ ਸਾਹਮਣੇ ਉੱਚਾ ਸੁੱਚਾ ਆਦਰਸ਼ ਹੈ। ਉਸ ਨੂੰ ਜ਼ਿੰਦਗੀ ਨਾਲ ਮੁਹੱਬਤ ਹੈ। ਜ਼ਿੰਦਗੀ ਨੂੰ ਜ਼ਨੂੰਨ ਦੀ ਹੱਦ ਤਕ ਮੁਹੱਬਤ ਕਰਨ ਵਾਲੇ ਇਨਸਾਨ ਹੀ ਸਮੁੱਚੀ ਕਾਇਨਾਤ ਨੂੰ ਇਸ਼ਕ ਕਰ ਸਕਦੇ ਹਨ। ਉਨ੍ਹਾਂ ਪੰਜਾਬ ਦੇ ਬਾਰਾਂ ਹਜ਼ਾਰ ਸਕੂਲਾਂ 'ਚ ਆਰਓ, ਕੂਲਰ, ਆਡੀਓ ਵਿਜ਼ੁਅਲ ਤੇ ਫਰਨੀਚਰ ਮੁਹੱਈਆ ਕਰਵਾਉਣ ਦਾ ਤਹੱਈਆ ਕੀਤਾ ਹੈ। ਉਹ ਨਾ ਸਿਰਫ ਕੌਮੀ ਸਗੋਂ ਕੌਮਾਂਤਰੀ ਪੱਧਰ 'ਤੇ ਸਮਾਜ ਸੇਵਾ ਕਰ ਰਹੇ ਹਨ।









**ਮਾਤ ਭੂਮੀ ਨਾਲੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ।**



## ਖ਼ੂਬਸੂਰਤ ਰੂਹ ਰਣਜੀਤ

ਪਿਛਲੇ 28 ਸਾਲ ਤੋਂ ਅਮੀਰਕਾ 'ਚ ਵਸਦੀ ਰਣਜੀਤ ਉਹ ਖ਼ੂਬਸੂਰਤ ਰੂਹ ਹੈ ਜਿਸ ਦੀ ਸੂਰਤ ਹੀ ਸੋਹਣੀ ਨਹੀਂ ਸੀਰਤ ਵੀ ਕਾਬਿਲ ਏ ਤਾਰੀਫ਼ ਹੈ। ਆਪਣੀ ਮਿੱਟੀ ਨੂੰ ਮੋਹ ਕਰਨ ਵਾਲੀ ਇਹ ਕੁੜੀ ਜਦ ਵੀ ਪੰਜਾਬ ਆਉਂਦੀ ਹੈ, ਇਸ ਦਾ ਸਭ ਤੋਂ ਪਹਿਲਾ ਕਰਮ ਹੁੰਦਾ ਹੈ ਕਿਸੇ ਅਨਾਥ ਆਸ਼ਰਮ ਦੀ ਪਰਿਕਰਮਾਂ ਕਰਨੀ। ਇਸ ਕੁੜੀ ਨੂੰ ਤਸਕੀਨ ਮਿਲਦੀ ਹੈ ਜ਼ਿੰਦਗੀ ਦੇ ਉਸਰੱਈਏ ਸਾਡੀ ਖ਼ਾਤਰ ਆਪਣੀਆਂ ਖ਼ੁਸ਼ੀਆਂ ਦਾਅ ਤੇ ਲਾਉਣ ਵਾਲੇ, ਜ਼ਿੰਦਗੀ ਦੇ ਲੌਢੇ ਵੇਲੇ ਬਿਰਧ ਘਰਾਂ 'ਚ ਰੁਲ ਰਹੇ ਬਜ਼ੁਰਗਾਂ ਦੀ ਸੇਵਾ ਕਰ ਕੇ, ਰਣਜੀਤ ਬੇਸਹਾਰਾ ਲੋਕਾਂ ਦੀ ਜ਼ਿੰਦਗੀ 'ਚ ਆਸ ਦੀ ਕਿਰਨ ਜਗਾ ਰਹੀ ਹੈ। ਪੈਸਾ ਕਦੇ ਵੀ ਉਸ ਦੀ ਪ੍ਰਾਥਮਿਕਤਾ ਨਹੀਂ ਰਿਹਾ। ਇਹ ਦੌਲਤ, ਇਹ ਸ਼ੁਹਰਤ, ਉਸ ਲਈ ਕਦੇ ਵੀ ਸਮੁੱਚੀ ਜ਼ਿੰਦਗੀ ਨਹੀਂ, ਸਗੋਂ ਜ਼ਿੰਦਗੀ ਦਾ ਸਿਰਫ਼ ਇਕ ਹਿੱਸਾ ਹੈ। ਸਮਾਜ ਸੇਵਾ ਹੀ ਉਸ ਦੀ ਅਸਲ ਜ਼ਿੰਦਗੀ ਹੈ। ਲੰਬੇ ਸਮੇਂ ਤੋਂ ਰਣਜੀਤ ਸਾਡੀ ਸੰਸਥਾ ਨਾਲ ਜੁੜੀ ਹੋਈ ਹੈ। ਇਸ ਵਾਰ ਜਦੋਂ ਅਮਰੀਕਾ ਤੋਂ ਚੱਲਣ ਲੱਗੀ ਤਾਂ ਉਨ੍ਹਾਂ ਦੇ ਸਾਊਥ ਇੰਡੀਅਨ ਕੁਲੀਗ ਡਾ. ਕਿਰਨ ਰਾਜਾ ਸਨਿਨ ਨੇ ਸਾਡੀ ਸੰਸਥਾ ਦੀਆਂ ਹੋਣਹਾਰ ਤੇ ਲੋੜਵੰਦ ਧੀਆਂ ਦੀ ਮਦਦ ਲਈ ਹੱਥ ਵਧਾਇਆ। ਮੈਂ ਹੈਰਾਨ ਸੀ ਕਿ ਕਿਸ ਸ਼ਿੱਦਤ ਨਾਲ ਇਸ ਕੁੜੀ ਨੇ ਸਾਡੀ ਮਾਣਮੱਤੀ ਸੰਸਥਾ ਦੀ ਖ਼ੁਸ਼ਬੂ ਪਰਾਈ ਧਰਤੀ 'ਤੇ ਫੈਲਾਈ ਹੋਵੇਗੀ ਕਿ ਕਿਸੇ ਅਣਜਾਣ ਨੂੰ ਸਾਡਾ ਬਹੁਤ ਆਪਣਾ ਬਣਾ ਦਿੱਤਾ।

## ਨੈਤਿਕ ਤੇ ਆਰਥਿਕ ਪੱਖੋਂ ਸੰਪੰਨ ਪ੍ਰਿੰ. ਕੁਲਵੰਤ ਕੌਰ ਸਿੱਧੂ

ਪੰਜਾਬੀ ਬੰਦੇ ਦਾ ਅਸਲ ਉਸ ਦੇ ਅਤੀਤ 'ਚ ਹੁੰਦਾ ਹੈ। ਬਠਿੰਡਾ ਤੋਂ ਕੈਨੇਡਾ ਵਸੇ ਪ੍ਰਿੰਸੀਪਲ ਕੁਲਵੰਤ ਕੌਰ ਸਿੱਧੂ ਨੇ ਇਮਾਨਦਾਰੀ ਨਾਲ ਮਾਣਯੋਗ ਅਹੁਦਿਆਂ ਤਕ ਪਹੁੰਚੀ। ਉਨ੍ਹਾਂ ਪੰਜਾਬ ਵਿਚ ਹਜ਼ਾਰਾਂ ਧੀਆਂ ਨੂੰ ਪੜ੍ਹਾ ਲਿਖਾ ਕੇ ਨਾ ਸਿਰਫ਼ ਨੈਤਿਕ ਪੱਖੋਂ ਸਗੋਂ ਆਰਥਿਕ ਪੱਖੋਂ ਵੀ ਸੰਪੰਨ ਕੀਤਾ। ਬੇਗ਼ਾਨੀ ਧਰਤੀ 'ਤੇ ਜਾ ਕੇ ਇਨ੍ਹਾਂ ਦਾ ਦਿਲ ਆਪਣੇ ਵਤਨ ਲਈ ਧੜਕਦਾ ਰਹਿੰਦਾ ਹੈ। ਇਨ੍ਹਾਂ ਦਾ ਵੀ ਇਹੀ ਮੱਤ ਹੈ ਕਿ ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦੀ ਹੈ। ਇਹ ਬਹੁਤ ਹੀ ਭਾਵੁਕ ਇਸਤਰੀ, ਹਰ ਘੜੀ ਲਾਇਕ ਲੋੜਵੰਦ ਧੀਆਂ ਦੇ ਸਰਵਪੱਖੀ ਵਿਕਾਸ ਲਈ ਸੋਚਦੀ ਹੀ ਨਹੀਂ ਸਗੋਂ ਵਿੱਤੋਂ ਵੱਧ ਮਦਦ ਕਰ ਕੇ ਮਨ ਦਾ ਸਕੂਨ ਭਾਲਦੀ ਰਹਿੰਦੀ ਹੈ।

## ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਸਲਿੰਦਰ ਸਿੰਘ ਸਲਿੰਦਰਾ

ਸਲਿੰਦਰ ਸਿੰਘ ਸਲਿੰਦਰਾ ਆਸਟ੍ਰੇਲੀਆ ਦੇ ਉੱਘੇ ਕਾਰੋਬਾਰੀ ਨੇ। ਆਪਣੀ ਧਰਤੀ, ਆਪਣੇ ਸੱਭਿਆਚਾਰ ਤੇ ਆਪਣੀ ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਇਹ ਇਨਸਾਨ ਲੋੜਵੰਦਾਂ ਦੀ ਮਦਦ ਲਈ ਹਰ ਘੜੀ ਤਿਆਰ ਰਹਿੰਦਾ ਹੈ। ਮਾਂ ਬੋਲੀ ਪੰਜਾਬੀ ਤੇ ਸੱਭਿਆਚਾਰ ਨੂੰ ਸਾਂਭਣ ਦੇ ਯਤਨ 'ਚ ਰਾਜਮਹਿਲ ਪ੍ਰੋਡਕਸ਼ਨ ਦੇ ਤਹਿਤ ਜੋ ਕੰਮ ਇਨ੍ਹਾਂ ਨੇ ਕੀਤਾ ਹੈ, ਉਹ ਕਿਸੇ ਸੰਸਥਾ ਦੇ ਕਰਨਯੋਗ ਕੰਮ ਹੈ ਜੋ ਇਹ ਇਕੱਲੇ ਹੀ ਕਰੀ ਜਾ ਰਹੇ ਹਨ।

## ਮਾਨਵਤਾ ਦੀ ਸੇਵਾ ਲਈ ਤੱਤਪਰ ਦੋ ਭੈਣਾਂ

ਕੁਝ ਸਮਾਂ ਪਹਿਲਾਂ ਹੀ ਸ਼ਹਿਰ ਦੇ ਉੱਘੇ ਕਾਰੋਬਾਰੀ, ਸਮਾਜ ਸੇਵੀ, ਪਟਿਆਲਾ ਰੋਡ ਕੈਰੀਅਰ ਦੇ ਮਾਲਿਕ ਰਵਿੰਦਰ ਸਿੰਘ ਧਾਲੀਵਾਲ ਦੇ ਰਾਹੀਂ ਸਾਡੀ ਸੰਸਥਾ ਦੀਆਂ ਪੁਰਾਣੀਆਂ ਵਿਦਿਆਰਥਣਾਂ, ਦੋ ਭੈਣਾਂ ਬੀਬਾ ਜਸਵੰਤ ਕੌਰ ਤੇ ਬਲਵੀਰ ਕੌਰ ਨੂੰ ਮਿਲਣ ਦਾ ਸਬੱਬ ਬਣਿਆ। ਸੇਵਾ ਤੇ ਸਿਮਰਨ ਜਿਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਹੈ। ਸਿਮਰਨ ਦੇ ਅਰਥ ਇਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਡੂੰਘੇ ਨੇ। ਗੁਰਮਤਿ ਦੇ ਦਰਸਾਏ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਲਈ ਤੱਤਪਰ ਇਹ ਦੋਨੋਂ ਭੈਣਾਂ ਬਹੁਤ ਹੀ ਕੋਮਲਭਾਵੀ ਤੇ ਆਪਣੀ ਸੰਸਥਾ ਦੇ ਜ਼ਰੇ-ਜ਼ਰੇ ਨੂੰ ਪਿਆਰਨ ਵਾਲੀਆਂ ਨੇ। ਅਮਰੀਕਾ ਦੀ ਧਰਤੀ ਤੇ ਵਸਦੇ ਸ਼ਰਨਜੀਤ ਸਿੰਘ ਹੋਰੀਂ ਵਿਦੇਸ਼ੀ ਲੋਕਾਂ ਦੀ ਜੀਵਨ ਜਾਚ ਤੇ ਰਹਿਣੀ-ਬਹਿਣੀ ਤੋਂ ਇਸ ਕਦਰ ਪ੍ਰਭਾਵਿਤ ਹਨ ਕਿ ਪੰਜਾਬ ਨੂੰ ਉਸੇ ਤਰਜ਼ ਦਾ ਬਣਾਉਣਾ ਲੋਚਦੇ ਹਨ। ਪੁਰਾਣੀਆਂ ਸੋਚਾਂ ਤੇ ਬੰਧਨਾਂ ਤੋਂ ਮੁਕਤ ਧੀਆਂ ਦੇ ਸੰਪੂਰਨ ਵਿਕਾਸ ਲਈ ਹਮੇਸ਼ਾਂ ਵਚਨਬੱਧ ਹਨ। ਜ਼ਿੰਦਗੀ ਦੇ ਸ਼ਾਹ ਸਵਾਰ ਬਲਿੰਦਰ ਸਿੰਘ ਤੇ ਜਗਮੇਲ ਭੰਡਾਲ ਹੋਰੀਂ ਜਿੱਥੇ ਵਿਦੇਸ਼ੀ ਧਰਤੀ 'ਤੇ ਆਪਣੇ ਆਪਣੇ ਕਸਬ 'ਚ ਮੁਹਾਰਤ ਰੱਖਦੇ ਨੇ ਉੱਥੇ ਆਪਣੇ ਵਤਨ ਲਈ ਵੀ ਇਨ੍ਹਾਂ ਦੇ ਮਨ 'ਚ ਅਨੰਤ ਮੋਹ ਹੈ। ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਦੇ ਖ਼ਿਲਾਫ਼, ਅਗਾਂਹਵਧੂ ਸੋਚ ਦੇ ਧਾਰਨੀ ਇਹ ਦੋਨੋਂ ਇਨਸਾਨ ਸਮਾਜਿਕ ਬਰਾਬਰੀ ਦਾ ਸੁਪਨਾ ਆਪਣੀਆਂ ਅੱਖਾਂ ਵਿਚ ਸਮੋਈ ਪੰਜਾਬ ਦੇ ਭਵਿੱਖ ਲਈ ਚਿੰਤਨਸ਼ੀਲ ਹਨ।

## ਮਸ਼ੀਨੀ ਮਾਨਸਿਕਤਾ

ਭਾਵੇਂ ਦੇਸ਼ ਕੁਝ ਸਮੇਂ ਬਾਅਦ ਇਨ੍ਹਾਂ ਪਰਵਾਸੀਆਂ ਨੂੰ ਪਰਦੇਸੀ ਸਮਝਣ ਲੱਗ ਜਾਂਦਾ ਹੈ ਪਰ ਮਾਨਸਿਕ ਤੌਰ ਤੇ ਇਹ ਸਾਰੇ ਪਰਵਾਸੀ ਬਹੁਤ ਸਾਰੇ ਆਵਾਸੀਆਂ ਨਾਲੋਂ ਵੱਧ ਹਰ ਘੜੀ, ਹਰ ਪਲ ਆਪਣੇ ਦੇਸ਼ ਨਾਲ ਜੁੜੇ ਰਹਿੰਦੇ ਹਨ। ਸਵੈ-ਪਛਾਣ ਬਣਾਉਣ ਤੇ ਬਚਾਉਣ ਦੇ ਉੱਦਮ 'ਚ ਵੀ ਹਨ। ਅਜੋਕੇ ਪਦਾਰਥਵਾਦੀ ਤੇ ਮਸ਼ੀਨੀ ਮਾਨਸਿਕਤਾ ਵਾਲੇ ਯੁੱਗ ਵਿਚ ਜਦੋਂ ਸਰਮਾਇਆ ਹੀ ਆਮ ਬੰਦੇ ਦਾ ਧਰਮ ਹੋਵੇ, ਆਪਣੀ ਆਤਮਾ ਦੀ ਆਵਾਜ਼ 'ਤੇ ਸਾਬਤ ਕਦਮੀਂ ਪਹਿਰਾ ਦੇਣ ਵਾਲੇ ਲੋਕ ਬਹੁਤ ਘੱਟ ਮਿਲਦੇ ਹਨ। ਲੋਕ ਹਿੱਤਕਾਰੀ ਭੂਮਿਕਾ ਨਿਭਾਉਣ ਵਾਲੇ ਵਤਨ ਦੀ ਮੁਹੱਬਤ 'ਚ ਰੰਗੇ ਹੋਏ ਇਨ੍ਹਾਂ ਸਾਰੇ ਹੀ ਪਰਵਾਸੀਆਂ ਨੂੰ ਮੈਂ ਉਸ ਸੱਚੇ ਆਦਰਸ਼ ਨੂੰ ਸਲਾਮ ਕਰਦੀ ਹਾਂ ਜਿਸ ਨੂੰ ਲੈ ਕੇ ਇਹ ਲੋਕ ਚੱਲੇ ਹਨ।

## ਜਾਣੀ ਪਛਾਣੀ ਹਸਤੀ ਜੋਗਾ ਸਿੰਘ ਜੌਹਲ

ਜੋਗਾ ਸਿੰਘ ਜੌਹਲ, ਇੰਗਲੈਂਡ ਦੀ ਬਹੁਤ ਹੀ ਜਾਣੀ ਪਛਾਣੀ ਹਸਤੀ ਜੋ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਇਹ ਸੂਝਵਾਨ ਤੇ ਚੇਤੰਨ ਇਨਸਾਨ ਬਹੁਤ ਸਾਲ ਪਿੰਡ ਦੇ ਸਰਪੰਚ ਰਹੇ। ਕੁਝ ਕਾਰਨਾਂ ਕਰਕੇ ਇਨ੍ਹਾਂ ਨੇ ਪਰਵਾਸ ਧਾਰਨ ਕੀਤਾ। ਪਿਛਲੇ ਦਿਨੀਂ ਇਨ੍ਹਾਂ ਦੇ ਪਿੰਡ (ਬਜੂਹਾ ਕਲਾਂ) ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਸੱਚ-ਮੁੱਚ ਮੈਨੂੰ ਇੰਜ ਭਾਸਿਆ ਕਿ ਮੈਂ ਪੰਜਾਬ 'ਚ ਨਹੀਂ ਸਗੋਂ ਕੈਲੀਫੋਰਨੀਆਂ ਦੇ ਕਿਸੇ ਪਿੰਡ 'ਚ ਘੁੰਮ ਰਹੀ ਹਾਂ। ਜੌਹਲ ਸਾਹਿਬ ਸਰਕਾਰੀ ਖ਼ਜ਼ਾਨਿਆਂ ਵੱਲ ਝਾਕ ਨਹੀਂ ਰੱਖਦੇ। ਪੱਲਿਓਂ ਪੈਸੇ ਖ਼ਰਚ ਕੇ ਉਨ੍ਹਾਂ ਆਪਣੇ ਪਿੰਡ ਦੀ ਨੁਹਾਰ ਬਦਲ ਦਿੱਤੀ। ਉਨ੍ਹਾਂ ਦੇ ਪਿੰਡ ਦੀਆਂ ਸੜਕਾਂ ਪੰਜਾਬ ਦੇ ਪਿੰਡਾਂ ਦਾ ਇਕ ਵੱਖਰਾ ਨਮੂਨਾ ਪੇਸ਼ ਕਰਦੀਆਂ ਹਨ। ਸੱਚ-ਮੁੱਚ ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ ਵੱਡੀਆਂ ਪੁਲਾਂਘਾਂ ਪੁੱਟੀਆਂ ਤੇ ਇਕ ਨਵੀਂ ਸੱਭਿਅਤਾ ਦਾ ਆਗਾਜ਼ ਕੀਤਾ। ਜੌਹਲ ਸਾਹਿਬ ਕੋਲ ਵਿਸ਼ਵ ਸੋਝੀ ਹੈ, ਦੋਹਰੀ ਜੀਵਨ ਦ੍ਰਿਸ਼ਟੀ ਹੈ। ਉਨ੍ਹਾਂ ਦਾ ਸੁਪਨਾ ਵਿਕਸਿਤ ਦੇਸ਼ਾਂ ਵਰਗਾ ਪੰਜਾਬ ਸਿਰਜਣਾ ਹੈ। ਨਾ ਸਿਰਫ਼ ਆਪਣੇ ਪਿੰਡ ਦੇ ਵਿਕਾਸ ਵਿਚ ਮਹੱਤਵਪੂਰਨ ਦੇਣ ਹੈ ਸਗੋਂ ਆਪਣੇ ਇਲਾਕੇ ਦੇ ਗ਼ਰੀਬ ਲੋਕਾਂ ਲਈ ਵੀ ਉਹ ਮਸੀਹਾ ਹਨ। ਬਹੁਤ ਸੰਵੇਦਨਸ਼ੀਲ ਇਨਸਾਨ, ਕਿਸੇ ਦੀ ਦਰਦ ਕਹਾਣੀ ਸੁਣ ਕੇ ਪਰਲ-ਪਰਲ ਹੰਝੂ ਵਗਾਉਂਦੇ ਮੈਂ ਉਨ੍ਹਾਂ ਨੂੰ ਅੱਖੀਂ ਦੇਖਿਆ ਹੈ। ਸਿਰਫ਼ ਮਾਨਵਤਾ ਦੇ ਦਰਦ ਨੂੰ ਮਹਿਸੂਸ ਹੀ ਨਹੀਂ ਕਰਦੇ ਸਗੋਂ ਉਸ ਦਰਦ ਨੂੰ ਨਿਵਾਰਨ ਲਈ ਵੀ ਤੱਤਪਰ ਰਹਿੰਦੇ ਹਨ। ਆਪਣੀ ਧੁਨ ਵਿਚ ਮਗਨ, ਅਡੋਲ ਆਪਣੀ ਰਾਹ ਤੇ ਤੁਰੇ ਹੋਏ ਹਨ। ਧੀਆਂ ਨਾਲ ਇਨ੍ਹਾਂ ਨੂੰ ਖ਼ਾਸ ਹਮਦਰਦੀ ਹੈ। ਧੀਆਂ ਲਈ ਕੀਤੇ ਕਰਮ ਨੂੰ ਇਹ ਪੁੰਨ ਦਾ ਕਾਰਜ ਮੰਨਦੇ ਹਨ ਤੇ ਉਸ ਵਿੱਚੋਂ ਉਨ੍ਹਾਂ ਨੂੰ ਧਰਮ ਦੀ ਪਾਕੀਜ਼ਗੀ ਵਰਗਾ ਅਨੰਦ ਮਿਲਦਾ ਹੈ। ਇਸ ਤਰ੍ਹਾਂ ਦੀ ਕਮਿਟਮੈਂਟ ਵਿਰਲੇ ਟਾਵੇਂ ਬੰਦੇ ਦੇ ਹਿੱਸੇ ਆਉਂਦੀ ਹੈ। ਪਾਰਖੂ ਅੱਖ ਵਾਲੇ ਇਸ ਅਲਬੇਲੇ, ਫ਼ੱਕਰ ਇਨਸਾਨ ਨੂੰ ਮੈਂ ਸਲਾਮ ਕਰਦੀ ਹਾਂ।

---

# ਜੀਵਨ 'ਚ ਖ਼ੁਸ਼ੀਆਂ ਲਿਆਉਂਦੈ ਹਾਂ-ਪੱਖੀ ਨਜ਼ਰੀਆ

ਸਮਾਜ ਵਿਚ ਹਰ ਕੋਈ ਆਪਣੇ ਹੀ ਬੁਣੇ ਤਾਣੇ ਵਿਚ ਇਸ ਕਦਰ ਉਲਝਿਆ ਹੋਇਆ ਹੈ ਕਿ ਉਹ ਚਾਹ ਕੇ ਵੀ ਇਸ ਜੰਜਾਲ 'ਚੋਂ ਨਿਕਲਣ ਵਿਚ ਅਸਮਰੱਥ ਹੈ। ਕੁਦਰਤੀ ਢੰਗ ਨਾਲ ਜੀਵਨ ਜਿਊਣ ਤੋਂ ਅੱਜ ਦਾ ਮਨੁੱਖ ਬਹੁਤ ਦੂਰ ਹੈ। ਪਰਿਵਰਤਨ ਜੀਵਨ ਦੀ ਇਕ ਸਚਾਈ ਹੈ। ਜਿਸ ਤਰ੍ਹਾਂ ਜੇ ਪਾਣੀ ਦਾ ਰੁਖ਼ ਢਲਾਣ ਵੱਲ ਕਰ ਦਈਏ ਤਾਂ ਉਹ ਆਪਣੀ ਚਾਲ ਵਿਚ ਵਹਿਣ ਲੱਗ ਪੈਂਦਾ ਹੈ, ਉਸੇ ਹੀ ਤਰ੍ਹਾਂ ਸਮਾਂ ਵੀ ਹਮੇਸ਼ਾ ਆਪਣੀ ਚਾਲ ਚਲਦਾ ਰਹਿੰਦਾ ਹੈ। ਕੁਦਰਤ ਵੀ ਆਪਣੇ ਨਿੱਤ ਦੇ ਜੀਵਨ ਵਿਚ ਪਰਿਵਰਤਨ ਨੂੰ ਤਰਜੀਹ ਦਿੰਦੀ ਹੈ। ਜਿਸ ਸਵੇਰ ਤੋਂ ਬਾਅਦ ਦੁਪਹਿਰ ਅਤੇ ਸ਼ਾਮ ਤੋਂ ਬਾਅਦ ਰਾਤ ਹੁੰਦੀ ਹੈ ਉਸੇ ਤਰ੍ਹਾਂ ਦਿਨ ਚੜ੍ਹਦਾ ਤੇ ਢਲਦਾ ਰਹਿੰਦਾ ਹੈ। ਇਹ ਸਭ ਮਨੁੱਖ ਦੀ ਸੋਚ ਉੱਤੇ ਅਧਾਰਿਤ ਹੈ। ਵਿਅਕਤੀ ਜਿਸ ਤਰ੍ਹਾਂ ਦੀ ਸੋਚ ਸੋਚਦਾ ਹੈ ਕੁਦਰਤੀ ਸ਼ਕਤੀਆਂ ਉਸੇ ਰੂਪ ਵਿਚ ਕੰਮ ਕਰਨ ਲੱਗ ਪੈਂਦੀਆਂ ਹਨ। ਮਨੁੱਖੀ ਸੋਚ ਅਨੁਸਾਰ ਇਹ ਨਿਸ਼ਚਿਤ ਹੈ ਕਿ ਦਿਨ ਤੋਂ ਬਾਅਦ ਰਾਤ ਹੋਵੇਗੀ ਤੇ ਹੁੰਦਾ ਵੀ ਇਦਾਂ ਹੀ ਹੈ ਪਰ ਕੀ ਕਦੇ ਇੰਜ ਹੋਇਆ ਕਿ ਦਿਨ ਤੋਂ ਬਾਅਦ ਰਾਤ ਹੋਣੀ ਭੁੱਲ ਗਈ ਹੋਵੇ ਜਾਂ ਫੇਰ ਰਾਤ ਤੋਂ ਬਾਅਦ ਆਪਣੇ ਨਿਸ਼ਚਿਤ ਸਮੇਂ ਦੌਰਾਨ ਦਿਨ ਨਾ ਨਿਕਲਿਆ ਹੋਵੇ? ਨਹੀਂ ਬਿਲਕੁਲ ਨਹੀਂ ਕਿਉਂਕਿ ਕੁਦਰਤ ਆਪਣੇ ਨਿਯਮਾਂ ਤੋਂ ਕਦੇ ਨਹੀਂ ਥਿੜਕਦੀ ਤੇ ਉਹ ਬਿਨਾਂ ਰੁਕੇ ਨਿਯਮਾਂ ਅਨੁਸਾਰ ਚਲਦੀ ਰਹਿੰਦੀ ਹੈ। ਮਨੁੱਖ ਨੂੰ ਇਹ ਧਾਰਨਾ ਜੀਵਨ ਵਿਚ ਅਪਨਾਉਣ ਦੀ ਲੋੜ ਹੈ ਕਿਉਂਕਿ ਜੇ ਰੱਬ ਦੀ ਕੁਦਰਤ ਨਿਯਮਾਂ ਅਨੁਸਾਰ ਚਲਦੀ ਹੈ ਫੇਰ ਮਨੁੱਖ ਨਿਯਮਾਂ ਨੂੰ ਧਾਰ ਕੇ ਜੀਵਨ ਕਿਉਂ ਨਹੀ ਜੀਅ ਸਕਦਾ? ਕੁਦਰਤੀ ਸ਼ਕਤੀਆਂ ਉਸ ਵੇਲੇ ਹੀ ਮਨੁੱਖੀ ਹੱਕ ਵਿਚ ਹੋ ਨਿਬੜਦੀਆਂ ਹਨ ਜਦੋਂ ਮਨੁੱਖ ਦੇ ਇਰਾਦੇ ਨੇਕ ਹੋਣ ਤੇ ਉਹ ਵਫ਼ਾਦਾਰੀ ਨਾਲ ਆਪਣੇ ਨਿਸ਼ਚੇ ਨੂੰ ਹਾਸਲ ਕਰਨ ਵਿਚ ਜੁਟਿਆ ਹੋਵੇ। ਮਨੁੱਖੀ ਸਰੀਰ ਪੰਜ ਤੱਤਾਂ ਦਾ ਸੁਮੇਲ ਹੈ ਤੇ ਜੇ ਮਨੁੱਖ ਆਪਣੀ ਸ਼ਕਤੀ ਦੀ ਪਛਾਣ ਕਰ ਉਨ੍ਹਾਂ ਨੂੰ ਇਕੱਤਰ ਕਰ ਲਵੇ ਤਾਂ ਇਹ ਕੁਦਰਤੀ ਸ਼ਕਤੀਆਂ ਉਸ ਦੀ ਮਦਦ ਕਰਨ ਵਿਚ ਜੁਟ ਜਾਂਦੀਆਂ ਹਨ ਤੇ ਫੇਰ ਉਹ ਹਰ ਮੁਕਾਮ ਹਾਸਲ ਕਰ ਸਕਦਾ ਹੈ। ਇਹ ਰੱਬੀ ਕੁਦਰਤ ਬੜੀ ਹੀ ਧੰਨ ਹੈ ਜਦੋਂ ਕੋਈ ਬੱਚਾ ਮਾਂ ਦੀ ਕੁੱਖ ਵਿਚ ਆ ਜਾਂਦਾ ਹੈ ਤਾਂ ਕੁਦਰਤ ਇਕ-ਇਕ ਕਰ ਕੇ ਉਸ ਦੇ ਸਰੀਰਕ ਅੰਗਾਂ ਨੂੰ ਘੜਨ ਵਿਚ ਲੱਗ ਜਾਂਦੀ ਹੈ ਅਤੇ ਫੇਰ ਜਦੋਂ ਉਹ ਸੰਸਾਰ ਵਿਚ ਆ ਜਾਂਦਾ ਹੈ ਤਾਂ ਉਹ ਵੇਖਦੇ ਹੀ ਵੇਖਦੇ ਕਈ ਰੂਪ ਧਾਰਦਾ ਹੈ ਤੇ ਕੁਦਰਤ ਉਸ ਵਿਚ ਨਿੱਤ ਤਬਦੀਲੀ ਲਿਆਉਂਦੀ ਹੈ। ਇਸੇ ਤਰ੍ਹਾਂ ਹੀ ਜਦੋਂ ਕੋਈ ਬੀਜ ਧਰਤੀ ਵਿਚ ਬੋਇਆ ਜਾਂਦਾ ਹੈ ਤਾਂ ਉਹ ਹੌਲੀ-ਹੌਲੀ ਧਰਤੀ ਵਿਚ ਹੀ ਪੁੰਘਰ ਕੇ ਕਿਸੇ ਬੂਟੇ ਦੇ ਰੂਪ ਵਿਚ ਧਰਤੀ ਦੀ ਹਿੱਕ ਵਿੱਚੋਂ ਬਾਹਰ ਨਿਕਲ ਆਉਂਦਾ ਹੈ ਤੇ ਫੇਰ ਕਦੋਂ ਕੁਦਰਤ ਦੀ ਕਾਰਵਾਈ ਹੇਠ ਰੁੱਖ ਬਣ ਜਾਂਦਾ ਹੈ ਪਤਾ ਹੀ ਨਹੀਂ ਲੱਗਦਾ। ਫਿਰ ਇਹ ਰੁੱਖ ਮੌਸਮਾਂ ਅਨੁਸਾਰ ਪੱਤਝੜ ਵਿਚ ਆਪਣੇ ਪੱਤੇ ਛਾਡਦਾ ਹੈ ਤੇ ਬਹਾਰ ਰੁੱਤੇ ਇਸ ਦੇ ਨਵੇਂ ਪੱਤੇ ਫੁੱਟ ਪੈਂਦੇ ਹਨ। ਇਹ ਰੁੱਤਾਂ ਵੀ ਉਸ ਰੱਬ ਦੀ ਕੁਦਰਤ ਦਾ ਹੀ ਇਕ ਕਰਿਸ਼ਮਾ ਹੈ। ਕਦੇ ਲੋਹੜੇ ਦੀ ਠੰਡ, ਕਦੇ ਦਿਲ ਖਿਚਵੀ ਬਹਾਰ ਤੇ ਕਦੇ ਪਤਝੜ। ਮਨੁੱਖ ਦੀ ਤਰ੍ਹਾਂ ਹਰ ਜੀਵ, ਪਸ਼ੂ, ਪੰਛੀ ਜਾਨਵਰ ਜੀਅ ਪੈਦਾ ਕਰਦਾ ਤੇ ਫੇਰ ਕੁਦਰਤ ਉਸ ਨੂੰ ਰੂਪ ਦੇ ਕੇ ਉਸ ਦੇ ਸਰੀਰਕ ਵਿਕਾਸ ਵਿਚ ਜੁੱਟ ਜਾਂਦੀ ਹੈ। ਮਨੁੱਖ ਦੀ ਸੋਚ ਹੀ ਕੁਦਰਤ ਦੇ ਫ਼ੈਸਲੇ ਤੈਅ ਕਰਦੀ ਹੈ। ਸਕਾਰਾਤਮਕ ਸੋਚ ਸਾਕਾਰਾਤਮਕ ਨਤੀਜਿਆਂ ਨੂੰ ਸਿਰਜਦੀ ਹੈ ਤੇ ਨਕਾਰਾਤਮਕ ਸੋਚ ਦਾ ਨਤੀਜਾ ਨਕਾਰਾਤਮਕ ਸਾਹਮਣੇ ਆਉਂਦਾ ਹੈ ਪਰ ਮਨੁੱਖੀ ਕਿਰਦਾਰ ਅਜਿਹਾ ਹੋ ਗਿਆ ਹੈ ਕਿ ਕੁਦਰਤ ਦੀਆਂ ਸ਼ਕਤੀਆਂ ਅਨੁਸਾਰ ਚਲਣਾ ਹੀ ਨਹੀਂ ਚਾਹੁੰਦਾ ਇਹੀ ਕਾਰਨ ਹੈ ਕਿ ਉਹ ਸੰਸਾਰ ਵਿਚ ਦੁੱਖਾਂ ਨੂੰ ਭੋਗਦਾ ਹੈ। ਅੱਜ ਦਾ ਮਨੁੱਖ ਕੁਦਰਤ ਦੀ ਸ਼ਰਨ ਤੋਂ ਬਹੁਤ ਦੂਰ ਬੰਦ ਕਮਰਿਆਂ ਵਿਚ ਆਪਣਾ ਜੀਵਨ ਜੀਅ ਰਿਹਾ ਹੈ। ਪੰਛੀਆਂ ਦੀ ਚਹਿਲ ਪਹਿਲ, ਵਗਦੇ ਦਰਿਆਂ, ਪਾਣੀ ਦੀਆਂ ਛੱਲਾਂ, ਚੜ੍ਹਦਾ ਲਾਲ ਸੁਰਖ਼ ਸੂਰਜ, ਮੁਸਕਰਾਉਂਦੇ ਫੁੱਲ, ਹਵਾ ਦੇ ਹਲੂਰੇ ਇਹ ਸਭ ਉਸ ਨੂੰ ਵਿਅਰਥ ਜਾਪਦਾ ਹੈ। ਮਨੁੱਖ ਕੋਲ ਕੁਦਰਤ ਦੀ ਗੋਦੀ ਵਿਚ ਬਹਿ ਕੇ ਉਸ ਨੂੰ ਮਾਨਣ ਦਾ ਵਕਤ ਨਹੀਂ ਰਿਹਾ ਹੈ। ਉਹ ਤਾਂ ਬਸ ਪੈਸਾ ਕਮਾਉਣ ਦੀਆਂ ਜਦੋਂ-ਜਹਿਦ ਵਿਚ ਆਪਣਾ ਕੀਮਤੀ ਜੀਵਨ ਵਿਅਰਥ ਗਵਾਅ ਰਿਹਾ ਹੈ। ਅੰਤਾਂ ਦਾ ਪੈਸਾ ਇਕੱਠਾ ਕਰਨ ਤੋਂ ਬਾਅਦ ਵੀ ਉਸ ਕੋਲ ਸਕੂਨ ਨਹੀਂ ਹੈ। ਇਸ ਦਾ ਮੁੱਖ ਕਾਰਨ ਕੁਦਰਤ ਅਨੁਸਾਰ ਜੀਵਨ ਜਿਊਣ ਤੋਂ ਗੁਰੇਜ ਕਰਨਾ ਹੈ। ਕੁਦਰਤ ਹੀ ਮਨੁੱਖ ਵਿਚਾਰਾਂ ਅਨੁਸਾਰ ਉਸ ਦੇ ਚਿਹਰੇ ਦੇ ਹਾਵ-ਭਾਵ ਨੂੰ ਬਿਆਨ ਕਰਦੀ ਹੈ ਜੇਕਰ ਮਨੁੱਖ ਦਿਲੋਂ ਦਿਮਾਗ਼ ਵਿਚ ਖ਼ੁਸ਼ੀ ਵਾਲੇ ਵਿਚਾਰ ਲਿਆਉਂਦਾ ਹੈ ਤਾਂ ਕੁਦਰਤ ਵੱਲੋਂ ਇਕ ਵੱਖਰਾ ਹੀ ਨੂਰ ਉਸ ਦੇ ਚਿਹਰੇ 'ਤੇ ਝਲਕਣ ਲੱਗ ਪੈਂਦਾ ਹੈ। ਇਸ ਦੇ ਉਲਟ ਜੇ ਮਨੁੱਖੀ ਦਿਮਾਗ਼ ਦੂਜਿਆਂ ਪ੍ਰਤੀ ਈਰਖਾ ਭਰੇ ਵਿਚਾਰ ਰੱਖਦਾ ਹੈ ਤਾਂ ਈਰਖਾ ਦੇ ਭਾਵ ਆਪ ਮੁਹਾਰੇ ਉਸ ਦੇ ਚਿਹਰੇ ਤੋਂ ਝਲਕਣ ਲੱਗ ਪੈਂਦੇ ਹਨ।



• ਨੂਰਦੀਪ ਕੋਮਲ
9814634446

---

ਪਰਮਜੀਤ ਭੁੱਲਰ

ਲੋਕ ਸੱਥਾਂ ਵਿਚ ਇਕੱਠੇ ਹੋ ਸਾਰਾ ਦਿਨ ਜਿੱਥੇ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉੱਥੇ ਇਹ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਸਨ। ਇਹ ਸੱਭਿਆਚਾਰ ਨੂੰ ਬਰਕਰਾਰ ਰੱਖਣ 'ਚ ਵੀ ਸਹਾਈ ਹੁੰਦੀਆਂ ਸਨ...



# ਗਿਆਨ ਦਾ ਸਰੋਤ ਹੁੰਦੀਆਂ ਸਨ ਕਦੇ ਸੱਥਾਂ

ਨਵੇਂ ਜ਼ਮਾਨੇ ਦੇ ਦੌਰ ਦੇ ਯੁੱਗ ਵਿਚ ਲੋਪ ਹੋ ਗਈਆਂ ਸੱਥਾਂ ਦੀ ਥਾਂ ਕਲੱਬਾਂ ਨੇ ਲੈ ਲਈ ਹੈ। ਕਦੇ ਲੋਪ ਹੋ ਗਈਆਂ ਸੱਥਾਂ ਦੇ ਬਜ਼ੁਰਗ ਰੌਣਕ ਹੋਇਆ ਕਰਦੇ ਸਨ ਜਿਨਾਂ ਤੋਂ ਸਾਨੂੰ ਸਿਆਣਪ ਦੀਆਂ ਗੱਲ ਸਿੱਖਣ ਨੂੰ ਮਿਲਦੀਆਂ, ਹੁਣ ਉਹ ਵੀ ਜ਼ਮਾਨੇ ਨਾਲ ਬਦਲਣ ਲਈ ਮਜ਼ਬੂਰ ਹੋ ਗਏ ਹਨ ਤੇ ਇਨ੍ਹਾਂ ਬਜ਼ੁਰਗਾਂ ਨੂੰ ਵੀ ਘਰਾਂ ਦੀਆਂ ਕੰਧਾਂ ਨੇ ਕੈਦ ਕਰ ਲਿਆ ਹੈ। ਬਸ ਹੁਣ ਤਾਂ ਬਜ਼ੁਰਗ ਘਰਾਂ ਤੇ ਬੱਚਿਆ ਦੇ ਪਹਿਰੇਦਾਰ ਬਣ ਕੇ ਰਹਿ ਗਏ ਹਨ।

ਪਿੰਡਾਂ ਦੀਆਂ ਸੱਥਾਂ ਵਿਚ ਜਿੱਥੇ ਲੋਕ ਇਕੱਠੇ ਹੋ ਕੇ ਮਹਿਫ਼ਲਾਂ ਲਾ ਸਾਰਾ ਦਿਨ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉਥੇ ਹੀ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਹੋਇਆ ਕਰਦੀਆਂ ਸਨ। ਸੱਥਾਂ ਪੁਰਾਣੇ ਸੱਭਿਆਚਾਰ ਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੁੰਦੀਆਂ ਸਨ ਅਤੇ ਨਵੀਂ ਪੀੜ੍ਹੀ ਨੂੰ ਇੱਕੋ ਥਾਂ 'ਤੇ ਇਕੱਠੇ ਰੱਖਣ ਦਾ ਜ਼ਰੀਆ ਵੀ ਬਣਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਤਰ੍ਹਾਂ ਸੱਥਾਂ ਛੱਪੜ ਕਿਨਾਰੇ ਲੱਗੇ ਪਿੱਪਲ, ਬੋਹੜ ਥੱਲੇ ਹੋਇਆ ਕਰਦੀਆਂ ਜਾਂ ਪਿੰਡਾਂ ਦੇ ਵਿਚਕਾਰ ਹੁੰਦੀਆਂ ਸਨ ਜਿੱਥੇ ਲੋਕਾਂ ਨੂੰ ਆਪਣੀ ਸਾਂਝ ਵਧਾਉਣ ਦੇ ਮੌਕੇ ਮਿਲਦੇ ਸਨ। ਪਿੰਡਾਂ ਦੇ ਸਰਬ ਸਾਂਝੇ ਫ਼ੈਸਲੇ ਵੀ ਇਨ੍ਹਾਂ ਸੱਥਾਂ ਵਿਚ ਹੋਇਆ ਕਰਦੇ ਸਨ। ਬਜ਼ੁਰਗ ਇਕੱਠੇ ਹੋ ਕੇ ਤਾਸ ਖੇਡ ਕੇ ਆਪਣਾ ਮੰਨੋਰੰਜਨ ਕਰਦੇ ਸਨ।

ਉਸ ਸਮੇਂ ਇਲਾਕੇ ਵਿਚ ਵਾਪਰੀ ਹਰ ਘਟਨਾ ਜਾਂ ਹੋਰ ਕਿਸੇ ਕਿਸਮ ਦੀ ਹਰ ਇਕ ਜਾਣਕਾਰੀ ਦਾ ਸਰੋਤ ਸਨ ਤੇ ਦੁਨੀਆ ਭਰ ਦੀਆਂ ਗੱਲਾਂ ਚਲਦੀਆਂ ਇਨ੍ਹਾਂ ਸੱਥਾਂ 'ਤੇ। ਉਨ੍ਹਾਂ ਸਮਿਆਂ ਵਿਚ ਟੈਲੀਵਿਜ਼ਨ ਜਾਂ ਟੈਲੀਫੋਨ ਨਾ ਹੋਣ ਕਾਰਨ ਜ਼ਿਆਦਾ ਜਾਣਕਾਰੀ ਸੱਥ ਵਿੱਚੋਂ ਹੀ ਉਪਲਬਧ ਹੁੰਦੀ। ਇਹ ਅਜਿਹੀ ਥਾਂ ਹੁੰਦੀ ਸੀ ਜਿੱਥੇ ਹਰ ਕੋਈ ਆਪਣੇ ਮਨ ਦੀਆਂ ਖੁੱਲ੍ਹ ਕੇ ਗੱਲ ਕਰਦਾ ਤੇ ਖੁੱਲ੍ਹ ਕੇ ਹਾਸਾ ਠੱਠਾ। ਉਸ ਵੇਲੇ ਸੱਥਾਂ ਵਿਚ ਬੈਠੇ ਬਜ਼ੁਰਗ ਸੀਸੀਟੀਵੀ ਕੈਮਰੇ ਦਾ ਕੰਮ ਕਰਦੇ ਸਨ ਤੇ ਹਰ ਆਉਣ ਜਾਣ ਵਾਲੇ 'ਤੇ ਨਜ਼ਰ ਰੱਖਦੇ ਸਨ ।

ਬਜ਼ੁਰਗਾਂ ਵੱਲੋਂ ਨੌਜਵਾਨਾਂ ਨੂੰ ਆਪਣੀ ਹੰਢਾਈ ਹੋਈ ਉਮਰ ਦੇ ਤਜਰਬੇ ਸਾਂਝੇ ਕਰਨ ਕਰਕੇ ਸੱਥਾਂ ਗਿਆਨ ਦਾ ਸਰੋਤ ਵੀ ਬਣਦੀਆਂ। ਪਿੰਡਾਂ ਦੀਆ ਪੰਚਾਇਤਾਂ ਵੱਲੋਂ ਝਗੜਿਆ ਦੇ ਕੀਤੇ ਜਾਂਦੇ ਫ਼ੈਸਲੇ ਸੱਥਾਂ ਵਿਚ ਹੀ ਨਿਬੇੜੇ ਜਾਂਦੇ ਸਨ। ਇਸ ਕਰਕੇ ਕਈ ਪਿੰਡਾਂ ਦੀਆਂ ਸੱਥਾਂ ਨੂੰ ਅਦਾਲਤ ਜਾਂ ਸਪਰੀਮ ਕੋਰਟ ਕਿਹਾ ਜਾਂਦਾ ਸੀ। ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੀ ਸੱਥ ਤੇ ਅੱਜ ਵੀ ਹਾਈ ਕੋਰਟ ਵਾਲਾ ਨਾਂ ਉੱਕਰਿਆ ਹੋਇਆ ਹੈ। ਇਹ ਅਮੀਰੀ ਗ਼ਰੀਬੀ ਤੇ ਜਾਤ-ਪਾਤ ਤੋਂ ਉੱਪਰ ਉਠ ਕੇ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦਾ ਸਨੇਹਾ ਦਿੰਦੀਆਂ ਸਨ । ਸੱਥਾਂ ਕੋਲ ਬੋਹੜ, ਪਿੱਪਲ ਆਦਿ ਹੋਰ ਦਰਖ਼ਤ ਹੋਣ ਕਾਰਨ ਵਾਤਾਵਰਣ ਵੀ ਸ਼ੁੱਧ ਰਹਿੰਦਾ ਸੀ ਪਰ ਹੁਣ ਨਾ ਹੀ ਉਹ ਸੱਥਾਂ ਹਨ ਤੇ ਨਾ ਹੀ ਉਹ ਪਿੱਪਲ, ਬੋਹੜ ਤੇ ਨਾ ਹੀ ਉਹ ਬਜ਼ੁਰਗ। ਸ਼ਹਿਰੀ ਜੀਵਨ ਦੇ ਮੁਕਾਬਲੇ ਪਿੰਡਾਂ ਵਿਚ ਬਣੀਆਂ ਸੱਥਾਂ ਅਹਿਮ ਰੋਲ ਅਦਾ ਕਰਦੀਆਂ ਸਨ ।

ਬਦਲੇ ਸਮੇਂ 'ਚ ਮਾਪਿਆ ਨੂੰ ਵੀ ਆਪਣੇ ਬੱਚਿਆਂ ਨੂੰ ਬਾਹਰ ਜਾਣ ਤੋਂ ਰੋਕਣਾ ਪੈ ਰਿਹਾ ਹੈ ਤੇ ਬਜ਼ੁਰਗ ਵੀ ਆਪਣੇ ਪੁੱਤ, ਪੋਤਿਆਂ ਨਾਲ ਗੱਲਾਂ ਕਰਨ ਨੂੰ ਤਰਸਦੇ ਹਨ। ਪੋਤਿਆਂ ਕੋਲ ਬਜ਼ੁਰਗਾਂ ਨਾਲ ਬੈਠਣ ਦਾ ਸਮਾਂ ਨਹੀਂ ਕਿਉਂਕਿ ਉਨ੍ਹਾਂ ਨੂੰ ਤਾਂ ਫੇਸਬੁੱਕ ਤੇ ਵੱਟਸਐਪ ਨੇ ਘੇਰ ਰੱਖਿਆ ਹੈ । ਜੋ ਮਨੋਰੰਜਨ ਸੱਥਾਂ ਵਿਚ ਹੁੰਦਾ ਸੀ ਉਸ ਦੀ ਥਾਂ ਕਲੱਬਾਂ ਨੇ ਲੈ ਲਈ। ਮੇਰੇ ਰੰਗਲੇ ਪੰਜਾਬ ਨੂੰ ਅਜਿਹੀ ਨਜ਼ਰ ਲੱਗੀ ਕਿ ਪਿੰਡ ਸਿਆਸਤਾਂ ਦੀ ਭੇਂਟ ਚੜ੍ਹ ਕੇ ਧੜੇਬੰਦੀਆਂ ਦੇ ਸ਼ਿਕਾਰ ਹੋਣ ਕਰਕੇ ਚਾਰ ਬੰਦੇ ਵੀ ਜੁੜ ਕੇ ਨੀਂ ਬੈਠ ਸਕਦੇ। ਪੰਜਾਬ ਦੇ ਕੁਝ ਉੱਦਮੀ ਲੋਕਾਂ ਨੇ ਪਿੰਡਾਂ ਦੀਆਂ ਵਿਰਾਸਤਾਂ ਨੂੰ ਸੰਭਾਲਣ ਦੇ ਉਪਰਾਲੇ ਕੀਤੇ ਹਨ ਤਾਂ ਕਿ ਨਵੀਂ ਪੀੜ੍ਹੀ ਨੂੰ ਪੁਰਾਤਨ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਨੌਜਵਾਨਾਂ ਨੇ ਪਿੰਡਾਂ ਵਿਚ ਜਿੱਥੇ ਕਿਤੇ ਥੋੜ੍ਹੀ ਬਹੁਤੀ ਸਾਂਝੀ ਜਗ੍ਹਾ ਬਚੀ ਹੈ ਉੱਥੇ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਆਪਣੇ ਪੱਧਰ 'ਤੇ ਅਤੇ ਕੁਝ ਥਾਵਾਂ 'ਤੇ ਸਰਕਾਰੀ ਪੱਧਰ ਤੇ ਆਧੁਨਿਕ ਕਿਸਮ ਦੀਆਂ ਸੱਥਾਂ ਬਣਾ ਲਾਈਆਂ ਹਨ ਤਾਂ ਕਿ ਪਹਿਲਾਂ ਵਾਲੀ ਭਾਈਚਾਰਕ ਸਾਂਝ ਨੂੰ ਸੁਰਜੀਤ ਕੀਤਾ ਜਾ ਸਕੇ ਅਤੇ ਲੋਪ ਹੋ ਰਹੀਆਂ ਸੱਥਾਂ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣ ਸਕਣ।

94174-73260



# ਕੁਦਰਤੀ ਸਰੋਤਾਂ ਦੀ ਬਿਹਤਰ ਵਰਤੋਂ ਤੇ ਨਵੀਆਂ ਖੇਤੀ ਤਕਨੀਕਾਂ



ਪੰਜਾਬ ਦੀ ਅਜੋਕੀ ਖੇਤੀ ਕਈ ਚੁਣੌਤੀਆਂ ਨਾਲ ਜੂਝ ਰਹੀ ਹੈ। 1960 ਦੇ ਦਹਾਕੇ ਵਿੱਚ ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਦੇ ਅਪਣਾਏ ਜਾਣ ਅਤੇ ਇਨ੍ਹਾਂ ਦੀ ਹੱਲਾਸ਼ੇਰੀ ਲਈ ਸਰਕਾਰੀ ਨੀਤੀਆਂ ਲਾਗੂ ਹੋਣ ਨਾਲ ਕਣਕ-ਝੋਨਾ ਸੂਬੇ ਦਾ ਪ੍ਰਮੁੱਖ ਫ਼ਸਲੀ ਚੱਕਰ ਬਣ ਗਿਆ ਹੈ। ਪੰਜਾਬ ਦੇ ਕਿਸਾਨਾਂ ਨੇ ਇਸ ਸਾਲ ਰਾਸ਼ਟਰੀ ਅਨਾਜ ਸੁਰੱਖਿਆ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਪਰ ਇਸ ਫ਼ਸਲੀ ਚੱਕਰ ਦੇ ਵੱਡੇ ਪੱਧਰ 'ਤੇ ਅਪਣਾਏ ਜਾਣ ਨਾਲ ਸੂਬੇ ਦੇ ਕੁਦਰਤੀ ਸਰੋਤਾਂ, ਖ਼ਾਸ ਕਰਕੇ ਪਾਣੀ ਅਤੇ ਭੂਮੀ ਸਿਹਤ 'ਤੇ ਬਹੁਤ ਬੋਝ ਪੈ ਰਿਹਾ ਹੈ। ਝੋਨੇ ਦੀ ਫ਼ਸਲ ਵੱਧ ਪਾਣੀ ਲੈਂਦੀ ਹੈ। ਹਾਲਾਂਕਿ ਇਹ ਪੰਜਾਬ ਦੀ ਪਰੰਪਰਾਗਤ ਫ਼ਸਲ ਨਹੀਂ ਸੀ ਪਰ ਇਸ ਹੇਠਾਂ ਰਕਬਾ ਜੋ 1960-61 ਵਿੱਚ 2.3 ਲੱਖ ਹੈਕਟੇਅਰ ਸੀ ਵਧ ਕੇ 2013-14 ਵਿੱਚ 28.5 ਲੱਖ ਹੈਕਟੇਅਰ ਹੋ ਗਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਟਿਊਬਵੈਲ ਲਗਾਤਾਰ ਲੱਗਦੇ ਰਹੇ। ਹੁਣ ਸੂਬੇ ਵਿੱਚ ਕੁੱਲ 13.8 ਲੱਖ ਟਿਊਬਵੈਲ ਹਨ ਜੋ ਕਿ ਸਿੰਚਾਈ ਦੀ 73 ਫ਼ੀਸਦੀ ਲੋੜ ਪੂਰੀ ਕਰਦੇ ਹਨ। ਟਿਊਬਵੈਲਾਂ ਰਾਹੀਂ ਸਿੰਚਾਈ ਲਈ ਪਾਣੀ ਕੱਢੇ ਜਾਣ ਕਾਰਨ ਸੂਬੇ ਦੇ 70 ਫ਼ੀਸਦੀ ਰਕਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਰਿਹਾ ਹੈ। ਇਹ ਸਮੱਸਿਆ ਕੇਂਦਰੀ ਪੰਜਾਬ ਵਿੱਚ ਗੰਭੀਰ ਰੂਪ ਧਾਰਨ ਕਰ ਗਈ ਹੈ। ਸੂਬੇ ਵਿੱਚ 11 ਟਨ ਪ੍ਰਤੀ ਹੈਕਟੇਅਰ (6 ਟਨ ਜੀਰੀ +5 ਟਨ ਕਣਕ) ਪੈਦਾਵਾਰ ਲੈਣ ਲਈ ਖ਼ੁਰਾਕੀ ਤੱਤਾਂ ਦੀ ਵਧੇਰੇ ਵਰਤੋਂ ਕਰਨੀ ਪੈਂਦੀ ਹੈ। ਸਿੱਟੇ ਵਜੋਂ ਭੂਮੀ ਵਿੱਚ ਕਈ ਤਰ੍ਹਾਂ ਦੀਆਂ ਖ਼ੁਰਾਕੀ ਕਮੀਆਂ ਆ ਰਹੀਆਂ ਹਨ ਜਿਸ ਕਾਰਨ ਵੱਧ ਖਾਦਾਂ ਵਰਤਣ ਦੀ ਲੋੜ ਪੈ ਰਹੀ ਹੈ। ਖਾਦਾਂ ਦੀ ਬੇਹਿਸਾਬੀ ਵਰਤੋਂ ਖ਼ਾਸਕਰ ਨਾਈਟ੍ਰੋਜਨ ਖਾਦ 'ਤੇ ਵਧੇਰੇ ਨਿਰਭਰਤਾ ਨਾਲ ਭੂਮੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.) ਨੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ ਦੇ ਮੰਤਵ ਨਾਲ ਪਾਣੀ ਬਚਾਓ ਅਤੇ ਖ਼ੁਰਾਕੀ ਤੱਤਾਂ ਦੀ ਯੋਗ ਵਰਤੋਂ ਲਈ ਕਈ ਸੁਧਰੀਆਂ ਤਕਨੀਕਾਂ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਹੈ। ਪੀ.ਏ.ਯੂ. ਵੱਲੋਂ ਕਈ ਤਰ੍ਹਾਂ ਦੀਆਂ ਤਕਨੀਕਾਂ ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਝੋਨੇ ਦੀ ਸਿੱਧੀ ਬਿਜਾਈ, ਲੋੜ ਮੁਤਾਬਿਕ ਸਿੰਜਾਈ ਕਰਨ ਲਈ ਟੈਂਸ਼ੀਓਮੀਟਰ ਅਤੇ ਨਾਈਟ੍ਰੋਜਨ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ ਆਦਿ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ। ਸੂਬੇ ਦਾ ਲਗਪਗ 14 ਲੱਖ ਹੈਕਟੇਅਰ ਰਕਬਾ ਲੇਜ਼ਰ ਲੈਂਡ ਲੈਵਲਰ ਨਾਲ ਪੱਧਰਾ ਕੀਤਾ ਗਿਆ ਹੈ। ਖੇਤੀ ਪਸਾਰ ਉਦਮਾਂ ਸਦਕਾ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੇ ਖਿੱਤੇ (ਅਜਫੀਕਤ) ਬਣ ਸਕੇ ਹਨ। ਖਰੀਫ਼ 2014 ਵਿੱਚ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਲਗਪਗ 10 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਸੂਬੇ ਦੀ ਸੇਮ ਵਾਲੀ ਜ਼ਮੀਨ ਵਾਲੇ ਮੁਕਤਸਰ ਜ਼ਿਲ੍ਹੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਲਗਪਗ 1.5 ਲੱਖ ਏਕੜ ਦਾ ਸਭ ਤੋਂ ਵੱਡਾ ਖਿੱਤਾ ਬਣ ਗਿਆ ਹੈ। ਪੀ.ਏ.ਯੂ. ਵੱਲੋਂ ਮੱਕੀ ਦੀ ਵੱਟਾਂ ਦੀ ਬਿਜਾਈ ਅਤੇ ਤੁਪਕਾ ਸਿੰਚਾਈ, ਆਲੂ ਦੀ ਫ਼ਸਲ ਵਿੱਚ ਪਰਾਲੀ ਦੀ ਮਲਚਿੰਗ ਆਦਿ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਾਣੀ ਦੀ ਬੱਚਤ ਕਰਨ ਵਾਲੀਆਂ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਨ ਅਤੇ ਪੰਜਾਬ ਪ੍ਰਜ਼ਰਵੇਸ਼ਨ ਆਫ਼ ਸਬ ਸੋਆਇਲ ਵਾਟਰ ਐਕਟ ਦੇ ਲਾਗੂ ਹੋਣ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਬਿਜਲੀ ਦੀ ਖ਼ਪਤ ਵਿੱਚ ਕਮੀ ਆਈ ਹੈ। ਪੱਤਾ ਰੰਗ ਚਾਰਟ ਦੀ ਵਰਤੋਂ ਜਿਸ ਦੀ ਕਿ ਪਹਿਲਾਂ ਝੋਨੇ ਵਿੱਚ ਵਰਤੋਂ ਦੀ ਸਿਫ਼ਾਰਸ਼ ਸੀ ਪਰ ਹੁਣ ਮੱਕੀ ਅਤੇ ਕਣਕ ਵਿੱਚ ਵੀ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਲੋੜ ਮੁਤਾਬਿਕ ਖਾਦ ਪਾਉਣ ਲਈ ਸਹਾਇਕ ਇਸ ਤਕਨੀਕ ਨਾਲ ਲਗਪਗ 15 ਫ਼ੀਸਦੀ ਨਾਈਟ੍ਰੋਜਨ ਖਾਦ ਦੀ ਬੱਚਤ ਹੁੰਦੀ ਹੈ। ਕਣਕ ਵਿੱਚ ਗੰਨੇ ਦੀ ਖੋਗੀ ਦੀ ਰਾਖ਼ ਵਰਤਣ ਨਾਲ 50 ਫ਼ੀਸਦੀ ਫਾਸਫੋਰਸ ਦੀ ਬੱਚਤ ਹੁੰਦੀ ਹੈ ਅਤੇ ਇਸ ਤੋਂ ਬਾਅਦ ਬੀਜੇ ਝੋਨੇ (ਕੱਦੂ ਕੀਤੇ ਜਾਂ ਸਿੱਧੀ ਬਿਜਾਈ ਵਾਲੇ) ਵਿੱਚ ਫਾਸਫੋਰਸ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਸੂਝ-ਬੂਝ ਦੀ ਖੇਤੀ (ਬਗਕਫਜਤਜਰਅ ਿ ਲਈ ਖਾਦ-ਤੁਪਕਾ ਸਿੰਚਾਈ (ਕਿਗਵਜਪ ਵਰਤਣ ਦੀ ਤਕਨਾਲੋਜੀ ਮੋਹਰੀ ਰੂਪ ਵਿੱਚ ਵਰਤੋਂ ਵਿੱਚ ਆ ਰਹੀ ਹੈ। ਇਸ ਨਾਲ ਪਾਣੀ ਅਤੇ ਖ਼ੁਰਾਕੀ ਤੱਤ ਬੂਟੇ ਦੀ ਲੋੜ ਮੁਤਾਬਿਕ ਹੀ ਵਰਤੇ ਜਾਂਦੇ ਹਨ। ਪੀ.ਏ.ਯੂ. ਵੱਲੋਂ ਇਸ ਸਬੰਧੀ ਖੋਜ ਤਜਰਬੇ ਤੇਜ਼ ਕੀਤੇ ਗਏ ਹਨ। ਨਤੀਜੇ ਵਜੋਂ ਖ਼ੁਰਾਕੀ ਤੱਤਾਂ ਦੀ ਸੁਚੱਜੀ ਵਰਤੋਂ ਲਈ ਆਲੂ ਦੀ ਫ਼ਸਲ ਵਿੱਚ ਖਾਦ-ਤੁਪਕਾ ਸਿੰਚਾਈ ਦੀ ਸਿਫ਼ਾਰਸ਼ ਕੀਤੀ ਗਈ ਹੈ। ਅਜਿਹੀਆਂ ਸਿਫ਼ਾਰਸ਼ਾਂ ਅਮਰੂਦ, ਬਹਾਰ ਰੁੱਤੀ ਮੱਕੀ, ਕਣਕ, ਮਿਰਚਾਂ ਅਤੇ ਪਿਆਜ਼ ਵਿੱਚ ਵੀ ਕੀਤੀਆਂ ਗਈਆਂ ਹਨ। ਖਾਦ-ਤੁਪਕਾ ਸਿੰਚਾਈ ਨਾਲ 20-45 ਫ਼ੀਸਦੀ ਪਾਣੀ ਅਤੇ 20 ਫ਼ੀਸਦੀ ਨਾਈਟ੍ਰੋਜਨ ਖਾਦ ਬਚਦੀ ਹੈ। ਪੀ.ਏ.ਯੂ. ਵੱਲੋਂ ਵੱਖ ਵੱਖ ਜੈਵਿਕ ਖਾਦਾਂ ਜਿਵੇਂ ਕਿ ਰਾਈਜ਼ੋਬੀਅਮ (ਮਸਰ, ਅਰਹਰ, ਸੋਇਆਬੀਨ, ਮੂੰਗੀ, ਛੋਲੇ, ਮਟਰ), ਐਜ਼ੋਟੋਬੈਕਟਰ (ਗੰਨਾ) ਅਤੇ ਫਾਸਫੋਰਸ ਸੋਲੂਬਲਾਈਜ਼ਿੰਗ ਬੈਕਟੀਰੀਆ ਤੇ ਖੋਜ ਕਾਰਜ ਮਜ਼ਬੂਤ ਕੀਤੇ ਗਏ ਹਨ। ਇਨ੍ਹਾਂ ਦੇ ਉਤਪਾਦਨ ਅਤੇ ਵਰਤੋਂ ਨਾਲ ਰਸਾਇਣਿਕ ਖਾਦਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲੇਗੀ ਜਿਸ ਨਾਲ ਭੂਮੀ ਸਿਹਤ ਵਿੱਚ ਸੁਧਾਰ ਆਏਗਾ। ਕਈ ਫ਼ਸਲਾਂ ਵਿੱਚ ਫਾਸਫੋਰਸ ਸੋਲੂਬਲਾਈਜ਼ਿੰਗ ਬੈਕਟੀਰੀਆ ਅਤੇ ਪਲਾਂਟ ਗਰੋਥ ਪ੍ਰੋਮੋਟਿੰਗ ਰਾਈਜ਼ੋਬੈਕਟੀਰੀਆ ਦੇ ਮਿਸ਼ਰਣ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਗੰਨੇ ਵਿੱਚ ਇਸ ਤਰ੍ਹਾਂ ਦੇ ਮਿਸ਼ਰਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਦੀ ਵਰਤੋਂ ਨਾਲ ਜਿੱਥੇ ਭੂਮੀ ਵਿੱਚ ਸੁਧਾਰ ਹੁੰਦਾ ਹੈ ਉੱਥੇ ਬੂਟਿਆਂ ਦੀ ਸਿਹਤ ਵੀ ਚੰਗੀ ਹੁੰਦੀ ਹੈ। ਪੀ.ਏ.ਯੂ. ਵੱਲੋਂ ਇਨ੍ਹਾਂ ਜੈਵਿਕ ਖਾਦਾਂ ਦਾ ਉਤਪਾਦਨ, ਜੋ 2010 ਵਿੱਚ 1 ਟਨ ਸੀ ਵਧਾ ਕੇ 2015 ਵਿੱਚ 2.5 ਟਨ ਕਰ ਦਿੱਤਾ ਹੈ।

ਪੰਜਾਬ ਵਿੱਚ ਪੈਦਾ ਹੁੰਦੀ 22 ਮਿਲੀਅਨ ਟਨ ਪਰਾਲੀ ਦਾ 80 ਫ਼ੀਸਦੀ ਹਿੱਸਾ ਅਤੇ ਕਣਕ ਦੇ ਨਾੜ ਦਾ ਕੁਝ ਹਿੱਸਾ ਖੇਤ ਵਿੱਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਤੋਂ ਇਲਾਵਾ ਜ਼ਮੀਨ ਵਿੱਚ ਤੱਤਾਂ ਦੀ ਕਮੀ ਵੀ ਆਉਂਦੀ ਹੈ। ਪਰਾਲੀ ਸਾੜਨ ਨਾਲ ਸਾਰੇ ਦਾ ਸਾਰਾ ਜੈਵਿਕ ਕਾਰਬਨ, 80-90 ਫ਼ੀਸਦੀ ਨਾਈਟ੍ਰੋਜਨ ਅਤੇ ਗੰਧਕ, 40-50 ਫ਼ੀਸਦੀ ਲਘੂ ਤੱਤ (ਜਿਸਤ, ਲੋਹਾ ਅਤੇ ਮੈਂਗਨੀਜ਼) ਅਤੇ 10-20 ਫ਼ੀਸਦੀ ਪੋਟਾਸ਼ ਅਤੇ ਫਾਸਫੋਰਸ ਨਸ਼ਟ ਹੋ ਜਾਂਦੇ ਹਨ। ਤਪਸ਼ ਨਾਲ ਭੂਮੀ ਦੇ ਸੂਖ਼ਮ ਜੀਵਾਂ ਉੱਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਪੀ.ਏ.ਯੂ. ਵੱਲੋਂ ਪਹਿਲਾਂ ਵਿਕਸਿਤ ਕੀਤੀ ਗਈ ਹੈਪੀ ਸੀਡਰ ਤਕਨਾਲੋਜੀ ਰਾਹੀਂ ਕਟਾਈ ਉਪਰੰਤ ਝੋਨੇ ਦੇ ਵੱਢ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ। ਹੈਪੀ ਸੀਡਰ ਤਕਨਾਲੋਜੀ ਕਈ ਖਿੱਤਿਆਂ 'ਚ ਤਾਂ ਅਪਣਾਈ ਜਾ ਰਹੀ ਹੈ ਪਰ ਅਜਿਹਾ ਉਮੀਦ ਤੋਂ ਘੱਟ ਹੋਇਆ ਹੈ। ਹੈਪੀ ਸੀਡਰ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਸਟਰਾਅ ਮੈਨੇਜਮੈਂਟ ਸਿਸਟਮ ਵਿਕਸਿਤ ਕੀਤਾ ਗਿਆ ਹੈ ਜਿਸ ਨਾਲ ਖੇਤ ਵਿੱਚ ਪਰਾਲੀ ਇਕਸਾਰ ਵਿੱਛ ਜਾਂਦੀ ਅਤੇ ਕਣਕ ਦੀ ਮਸ਼ੀਨ ਨਾਲ ਬਿਜਾਈ ਆਸਾਨ ਹੁੰਦੀ ਹੈ। ਉਮੀਦ ਹੈ ਕਿ ਇਨ੍ਹਾਂ ਦੋਹਾਂ ਮਸ਼ੀਨਾਂ ਦੀ ਵਰਤੋਂ ਰਾਹੀਂ ਹੈਪੀ ਸੀਡ ਟੈਕਨਾਲੋਜੀ ਸੂਬੇ ਵਿੱਚ ਪੱਕੇ ਪੈਰੀਂ ਪੱਸਰੇਗੀ ਅਤੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਉਣ ਵਿੱਚ ਸਹਾਈ ਹੋਵੇਗੀ। ਹੁਣ ਪੀ.ਏ.ਯੂ. ਵੱਲੋਂ ਪਰਾਲੀ ਨੂੰ ਕੁਤਰਾ ਕਰਨ ਲਈ ਇੱਕ ਚੌਪਰ ਮਸ਼ੀਨ ਵੀ ਵਿਕਸਤ ਕੀਤੀ ਗਈ ਹੈ। ਇਸ ਦੀ ਵਰਤੋਂ ਤੋਂ ਬਾਅਦ ਹੈਪੀ ਸੀਡਰ ਅਤੇ ਰੋਟਾਵੇਟਰ ਦੋਵਾਂ ਦੀ ਵਰਤੋਂ ਸੁਖਾਲੀ ਹੁੰਦੀ ਹੈ। ਖੇਤ ਵਿੱਚ ਹੀ ਪਰਾਲੀ ਨੂੰ ਸੂਖ਼ਮ ਜੀਵਾਂ (ਸੁਡੋਮੋਨਾਸ, ਅਸਪਰਜੀਲਸ, ਟਰਾਈਕੋਡਰਮਾ) ਦੇ ਮਿਸ਼ਰਣ ਵਰਤ ਕੇ ਗਾਲ੍ਹਣ ਦੀ ਤਕਨਾਲੋਜੀ ਨਾਲ ਤਜ਼ਰਬੇ ਕੀਤੇ ਜਾ ਰਹੇ ਹਨ ਅਤੇ ਇਸ ਤੋਂ ਚੰਗੇ ਨਤੀਜੇ ਪ੍ਰਾਪਤ ਹੋਏ ਹਨ। ਚਾਰ ਹਿੱਸੇ ਪਰਾਲੀ ਅਤੇ ਇੱਕ ਹਿੱਸਾ ਗੋਹੇ ਦਾ ਵਰਤ ਕੇ ਬਾਇਓ ਗੈਸ ਤਿਆਰ ਕਰਨ ਵਾਲਾ ਪਲਾਂਟ ਵਿਕਸਤ ਕੀਤਾ ਗਿਆ ਹੈ। ਪੀ.ਏ.ਯੂ. ਵੱਲੋਂ ਇਸ ਤਕਨਾਲੋਜੀ ਨੂੰ ਲੁਧਿਆਣਾ, ਪਟਿਆਲਾ (ਕ੍ਰਿਸ਼ੀ ਵਿਗਿਆਨ ਕੇਂਦਰ) ਅਤੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀ ਜਾਣਕਾਰੀ ਲਈ ਪ੍ਰਦਰਸ਼ਤ ਕੀਤਾ ਜਾ ਰਿਹਾ ਹੈ।

ਸੂਬੇ ਦੇ ਦੱਖਣ ਪੱਛਮੀ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਮਾੜੇ ਹਨ ਜਿਸ ਨਾਲ ਭੂਮੀ ਵਿੱਚ ਖਾਰਾਪਣ ਆ ਜਾਂਦਾ ਹੈ ਅਤੇ ਕਈ ਇਲਾਕਿਆਂ ਵਿੱਚ ਸੇਮ ਦੀ ਸਮੱਸਿਆ ਹੈ। ਮਾੜੇ ਅਤੇ ਚੰਗੇ ਪਾਣੀਆਂ ਦੀ ਮਿਲਾ ਕੇ ਵਰਤੋਂ ਕਰਨ ਦੀ ਤਕਨਾਲੋਜੀ ਪਹਿਲਾਂ ਤੋਂ ਵਿਕਸਤ ਕੀਤੀ ਗਈ ਹੈ ਅਤੇ ਇਸ ਵਿੱਚ ਹੋਰ ਸੁਧਾਰ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦਾ ਟਾਕਰਾ ਕਰਨ ਵਾਲੀਆਂ ਕਣਕ ਅਤੇ ਝੋਨੇ ਦੀਆਂ ਕਿਸਮਾਂ ਦੀ ਪਛਾਣ ਕੀਤੀ ਗਈ ਹੈ। ਸੇਮ ਵਾਲੇ ਇਲਾਕਿਆਂ ਵਿੱਚ ਤੇਜ਼ੀ ਨਾਲ ਵਧਣ ਵਾਲੇ ਰੁੱਖਾਂ ਰਾਹੀਂ ਬਾਇਓ ਨਿਕਾਸ ਲਈ ਤਜਰਬੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਮੁਕਤਸਰ ਵਿੱਚ ਸੇਮ ਦੇ ਬਾਇਓ ਨਿਕਾਸ ਲਈ ਸਫ਼ੈਦੇ ਦੀ ਵਰਤੋਂ ਬਾਰੇ ਖੋਜ ਤਜਰਬੇ ਸ਼ੁਰੂ ਕੀਤੇ ਗਏ ਹਨ। ਪ੍ਰਭਾਵਿਤ ਇਲਾਕਿਆਂ ਵਿੱਚ ਸੇਮ ਅਤੇ ਖਾਰੇ ਪਾਣੀਆਂ ਦਾ ਟਾਕਰਾ ਕਰਨ ਵਾਲੀ ਕਾਈ ਦੀ ਪਛਾਣ ਕੀਤੀ ਜਾ ਰਹੀ ਹੈ।

ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਖੀਰੇ ਦੀ ਕਾਸ਼ਤ ਵਾਸਤੇ ਪੌਲੀ ਨੈਟਹਾਊਸ ਤਕਨਾਲੋਜੀ ਵਿਕਸਿਤ ਅਤੇ ਸਿਫ਼ਾਰਸ਼ ਕੀਤੀ ਗਈ ਹੈ। ਇਸ ਨਾਲ ਸਬਜ਼ੀ ਦੀ ਲੰਮੇ ਸਮੇਂ ਤਕ ਤੁੜਾਈ ਹੋ ਸਕਦੀ ਹੈ ਅਤੇ ਕੀਟਨਾਸ਼ਕ ਰਸਾਇਣਾਂ ਤੋਂ ਮੁਕਤ ਵੱਧ ਝਾੜ ਅਤੇ ਵਧੀਆ ਗੁਣਵੱਤਾ ਵਾਲਾ ਝਾੜ ਮਿਲਦਾ ਹੈ। ਪੰਜਾਬ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਕਾਸ਼ਤ ਲਈ ਲਗਪਗ 1200 ਪੌਲੀਨੈਟ ਇਕਾਈਆਂ ਲੱਗ ਚੁੱਕੀਆਂ ਹਨ। ਪੀ.ਏ.ਯੂ. ਵੱਲੋਂ ਸਬਜ਼ੀਆਂ ਦੀ ਕਾਸ਼ਤ ਲਈ ਸੁਧਰਿਆ ਹੋਇਆ ਪੌਲੀਨੈਟ ਹਾਊਸ ਡਿਜ਼ਾਈਨ ਕੀਤਾ ਗਿਆ ਹੈ ਜਿਹੜਾ ਕਿ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਵੱਲੋਂ ਕਿਸਾਨਾਂ ਨੂੰ ਸਬਸਿਡੀ ਦੇਣ ਦੇ ਮੰਤਵ ਲਈ ਅਪਣਾਇਆ ਗਿਆ ਹੈ। ਖੀਰੇ, ਟਮਾਟਰ ਅਤੇ ਸ਼ਿਮਲਾ ਮਿਰਚ ਦੀ ਘੱਟ ਪਾਣੀ ਅਤੇ ਖ਼ੁਰਾਕੀ ਤੱਤ ਵਰਤ ਕੇ ਵੱਧ ਝਾੜ ਲੈਣ ਲਈ ਘੱਟ ਖ਼ਰਚੀਲੀ, ਮਾਧਿਅਮ-ਯੁਕਤ, ਹਾਈਡਰੋਪੌਨਿਕ ਤਕਨੀਕ ਵਿਕਸਤ ਕੀਤੀ ਗਈ ਹੈ। ਪੀ.ਏ.ਯੂ. ਵੱਲੋਂ ਵਿਕਸਿਤ ਤਕਨੀਕਾਂ ਨੂੰ ਅਪਣਾਅ ਕੇ ਬਹੁਮੁੱਲੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕੁਝ ਪੱਧਰ ਤਕ ਕੀਤੀ ਜਾ ਰਹੀ ਹੈ, ਇਨ੍ਹਾਂ ਤਕਨੀਕਾਂ ਨੂੰ ਹੋਰ ਕਿਸਾਨਾਂ ਤਕ ਪਹੁੰਚਾਉਣ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੀ ਖੇਤੀ ਦੀ ਨਿਰੰਤਰ ਚੜ੍ਹਦੀ ਕਲਾ ਲਈ ਕੁਦਰਤੀ ਸਰੋਤਾਂ ਦੀ ਸੁਚੱਜੀ ਅਤੇ ਸੰਜਮ ਨਾਲ ਵਰਤੋਂ ਅਤਿ ਜ਼ਰੂਰੀ ਹੈ।

**-ਡਾ. ਬਲਵਿੰਦਰ ਸਿੰਘ**

# ਬੱਚਿਆਂ ਵਿੱਚ ਮੋਟਾਪੇ ਦੀ ਸਮੱਸਿਆ

**ਡਾ. ਹਰਚੰਦ ਸਿੰਘ ਸਰਹਿੰਦੀ**

ਭਾਰਤ ਸਰਕਾਰ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ 25 ਫ਼ੀਸਦੀ ਭਾਰਤੀ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਖੋਜ ਦੇ ਅੰਕੜੇ ਦੱਸਦੇ ਹਨ ਕਿ ਅੱਸੀਵਿਆਂ ਅਤੇ ਨੱਬੇਵਿਆਂ ਦੇ ਬੱਚਿਆਂ ਦੇ ਮੁਕਾਬਲੇ ਅਜੋਕੇ ਸਮੇਂ 'ਚ ਬੱਚੇ ਜ਼ਿਆਦਾ ਭਾਰੇ ਹਨ। ਇਸ ਖੋਜ ਵਿੱਚ ਸ਼ਾਮਲ ਮਾਹਰ ਪਾਉਲੀਨ ਅਮਿਟ ਦਾ ਕਹਿਣਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਬੱਚਿਆਂ ਦਾ ਭਾਰ ਵਧੇਰੇ ਹੋਣ ਦਾ ਕਾਰਨ ਵਧੇਰੇ ਖਾਣਾ ਹੈ ਸਗੋਂ ਕਈ ਵਾਰ ਉਨ੍ਹਾਂ ਵੱਲੋਂ ਗਲਤ ਚੀਜ਼ਾਂ ਬਹੁਤੀਆਂ ਖਾ ਲੈਣਾ ਵੀ ਮੋਟਾਪੇ ਦਾ ਕਾਰਨ ਹੈ। ਦੂਜਾ, ਉਨ੍ਹਾਂ ਮੋਟਾਪੇ ਲਈ ਵਿਹਲੇ ਰਹਿਣ ਦੇ ਰੁਝਾਨ ਨੂੰ ਮਾੜੀ ਖ਼ੁਰਾਕ ਦੇ ਮੁਕਾਬਲੇ ਜ਼ਿਆਦਾ ਜ਼ਿੰਮੇਵਾਰ ਠਹਿਰਾਇਆ ਹੈ। ਬਚਪਨ ਅਤੇ ਕਿਸ਼ੋਰ ਅਵਸਥਾ ਵੇਲੇ ਦਾ ਮੋਟਾਪਾ ਜਿੱਥੇ ਬੱਚੇ ਦੀ ਸੁੰਦਰਤਾ ਨੂੰ ਗ੍ਰਹਿਣ ਲਗਾ ਦਿੰਦਾ ਹੈ, ਉੱਥੇ ਉਸ ਦੀ ਬਾਅਦ ਦੀ ਜ਼ਿੰਦਗੀ 'ਤੇ ਵੀ ਪਰਛਾਵਾਂ ਪਾਉਂਦਾ ਹੈ ਤੇ ਉਮਰ ਘਟਾਉਂਦਾ ਹੈ ਕਿਉਂਕਿ ਉਨ੍ਹਾਂ ਨੂੰ ਬਾਅਦ 'ਚ ਸ਼ੱਕਰ ਰੋਗ, ਦਿਲ ਦੀਆਂ ਬੀਮਾਰੀਆਂ, ਕੈਂਸਰ ਤੇ ਅਰਥਾਈਟਿਸ ਦਾ ਖ਼ਤਰਾ ਕਈ ਗੁਣਾਂ ਵਧ ਜਾਂਦਾ ਹੈ। ਅਮਰੀਕੀ ਖੋਜੀਆਂ ਅਨੁਸਾਰ ਜਿਹੜੇ ਵਿਅਕਤੀ ਬਚਪਨ ਅਤੇ ਕਿਸ਼ੋਰ ਅਵਸਥਾ ਦੌਰਾਨ ਜ਼ਿਆਦਾ ਭਾਰੇ ਹੁੰਦੇ ਹਨ, ਉਨ੍ਹਾਂ ਵਿੱਚ ਦਿਲ ਦੀਆਂ ਬੀਮਾਰੀਆਂ ਕਾਰਨ ਮੌਤ ਹੋ ਜਾਣ ਦੀਆਂ ਸੰਭਾਵਨਾਵਾਂ ਦੋ ਗੁਣਾਂ ਵਧ ਜਾਂਦੀਆਂ ਹਨ। ਦੂਜਾ, ਕਿਸ਼ੋਰ ਅਵਸਥਾ ਵੇਲੇ ਦੇ ਮੋਟਾਪੇ ਨਾਲ ਇੱਕ ਅਜੀਬ ਤੱਥ ਇਹ ਜੁੜਿਆ ਹੋਇਆ ਹੈ ਕਿ ਇਸ ਦਾ ਬਾਅਦ ਦੀ ਜ਼ਿੰਦਗੀ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਦੁਰਪ੍ਰਭਾਵ ਪੈਣਾ ਹੀ ਪੈਣਾ ਹੈ, ਚਾਹੇ ਬਾਲਗ ਹੋ ਜਾਣ 'ਤੇ ਸਬੰਧਤ ਵਿਅਕਤੀ ਓਨਾ ਭਾਰਾ ਨਾ ਵੀ ਰਹੇ।

ਪੀ.ਜੀ.ਆਈ. ਚੰਡੀਗੜ੍ਹ ਵਿਖੇ ਤਾਇਨਾਤ ਬੱਚਿਆਂ ਦੇ ਰੋਗਾਂ ਦੇ ਮਾਹਰ ਡਾ. ਬੀ.ਆਰ. ਥਾਪਾ ਵੱਲੋਂ ਸਾਲ 2009 ਅਤੇ 2010 ਦੌਰਾਨ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਬਚਪਨ ਤੇ ਕਿਸ਼ੋਰ ਉਮਰ ਦਾ ਮੋਟਾਪਾ, ਜਿਗਰ ਦੇ ਇੱਕ ਭਿਆਨਕ ਰੋਗ ਲਈ ਰਾਹ ਪੱਧਰਾ ਕਰਦਾ ਹੈ ਅਤੇ ਇਹ ਰੋਗ ਘਾਤਕ ਵੀ ਸਿੱਧ ਹੋ ਸਕਦਾ ਹੈ ਜਾਂ ਫਿਰ ਬਾਅਦ ਦੀ ਜ਼ਿੰਦਗੀ 'ਚ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਜਨਮ ਦੇ ਸਕਦਾ ਹੈ। ਇਸ ਖੋਜ ਦਾ ਕੰਮ ਪੀ.ਜੀ.ਆਈ. ਵਿਖੇ ਇਲਾਜ ਲਈ ਆਏ ਉੱਤਰੀ ਭਾਰਤ ਦੇ 64 ਮੋਟੇ ਬੱਚਿਆਂ, ਜਿਨ੍ਹਾਂ ਦੀ ਉਮਰ 5 ਅਤੇ 15 ਸਾਲਾਂ ਦੇ ਦਰਮਿਆਨ ਸੀ, 'ਤੇ ਆਧਾਰਿਤ ਹੈ। ਹਸਪਤਾਲ ਪਹੁੰਚਣ ਵੇਲੇ ਇਹ ਬੱਚੇ ਪੇਟ ਦਰਦ ਅਤੇ ਉਲਟੀਆਂ ਆਉਣ ਦੀ ਸ਼ਿਕਾਇਤ ਕਰ ਰਹੇ ਸਨ। ਜੇਕਰ ਇਸ ਰੋਗ ਨੂੰ ਸਮੇਂ ਸਿਰ ਕੰਟਰੋਲ ਨਾ ਕੀਤਾ ਜਾਵੇ ਤਾਂ ਬਾਲਗ ਉਮਰੇ ਮਰੀਜ਼ ਦੀ ਜਾਨ ਬਚਾਉਣ ਲਈ ਜਿਗਰ ਟਰਾਂਸਪਲਾਂਟ ਕਰਨ ਤੋਂ ਇਲਾਵਾ ਹੋਰ ਕੋਈ ਇਲਾਜ ਕਾਰਗਰ ਸਿੱਧ ਨਹੀਂ ਹੁੰਦਾ। ਯੂ.ਐੱਸ.ਏ. ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਬਚਪਨ ਤੇ ਕਿਸ਼ੋਰ ਉਮਰੇ ਮੋਟਾਪੇ ਦੀ ਮਾਰ ਹੇਠ ਆਉਣ ਵਾਲੇ ਮਰਦਾਂ ਵਿੱਚ ਕੋਲਨ (ਵੱਡੀ ਆਂਦਰ ਦਾ ਹੇਠਲਾ ਭਾਗ) ਦਾ ਕੈਂਸਰ ਹੋਣ ਦਾ ਖ਼ਤਰਾ ਪੰਜ ਗੁਣਾ ਅਤੇ ਗਾਊਟ ਹੋਣ ਦਾ ਖ਼ਤਰਾ ਦੁੱਗਣਾ ਹੋ ਜਾਂਦਾ ਹੈ, ਜਦੋਂ ਕਿ ਔਰਤਾਂ ਵਿੱਚ ਆਰਥੇਰਾਈਟਿਸ ਹੋਣ ਦਾ ਖ਼ਤਰਾ 60 ਫ਼ੀਸਦੀ ਵਧ ਜਾਂਦਾ ਹੈ। ਬਚਪਨ ਤੇ ਕਿਸ਼ੋਰ ਅਵਸਥਾ ਵੇਲੇ ਹੀ ਚਰਬੀ ਨੂੰ ਸਾਂਭ ਕੇ ਰੱਖਣ ਵਾਲੇ ਸੈੱਲਜ਼ (ਫੈਟ ਸੈੱਲਜ਼) ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ। ਜੀਵਨ ਦੇ ਇਸ ਕਾਲ ਦੌਰਾਨ ਮਾਪਿਆਂ ਵੱਲੋਂ ਵਾਧੂ ਖ਼ੁਰਾਕ ਦੀ ਭਰਤੀ ਰੱਖਣ ਨਾਲ ਬੱਚਿਆਂ ਦੇ ਫੈਟ ਸੈੱਲਜ਼ ਦੀ ਗਿਣਤੀ ਵਿੱਚ ਬੇਲੋੜਾ ਵਾਧਾ ਹੋ ਜਾਂਦਾ ਹੈ। ਫੈਟ ਸੈੱਲਜ਼ ਦੀ ਵਧੀ ਹੋਈ ਗਿਣਤੀ ਨੂੰ ਬਾਅਦ 'ਚ ਘਟਾਇਆ ਨਹੀਂ ਜਾ ਸਕਦਾ (ਖ਼ੁਰਾਕ 'ਤੇ ਰੋਕ ਲਾਉਣ ਤੇ ਕਸਰਤ ਕਰਨ ਨਾਲ ਕੇਵਲ ਸੈੱਲਜ਼ ਦਾ ਆਕਾਰ ਘਟਦਾ ਹੈ)। ਜ਼ਾਹਰ ਹੈ, ਮੋਟਾਪੇ ਦਾ ਹੋਣਾ ਬਚਪਨ ਵਿੱਚ ਹੀ ਤੈਅ ਹੋ ਜਾਂਦਾ ਹੈ। ਬੱਚੇ ਨੂੰ ਤੇਜ਼ੀ ਨਾਲ ਵਧਦਾ-ਫੁੱਲਦਾ ਵੇਖਣ ਲਈ ਮਾਪਿਆਂ ਵੱਲੋਂ ਉਸ ਨੂੰ ਲੋੜੋਂ ਵੱਧ ਖਵਾਉਣ ਨਾਲ ਬੱਚਾ ਮੋਟਾਪੇ ਦੇ ਰਾਹ ਪੈ ਜਾਂਦਾ ਹੈ ਅਤੇ ਫਿਰ ਵੱਡਾ ਹੋ ਕੇ ਇਸੇ ਰਾਹ 'ਤੇ ਤੁਰਿਆ ਜਾਂਦਾ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬਚਪਨ ਤੇ ਕਿਸ਼ੋਰ ਅਵਸਥਾ ਵੇਲੇ ਦਾ ਮੋਟਾਪਾ ਸਿਹਤ ਲਈ ਇੱਕ ਅਹਿਮ ਖ਼ਤਰਾ ਹੈ ਪਰ ਬਹੁਤ ਮਾਪੇ ਬਚਪਨ ਦੇ ਮੋਟਾਪੇ ਨੂੰ ਬੱਚੇ ਦੀ ਸਿਹਤ ਦੀ ਨਿਸ਼ਾਨੀ ਸਮਝਦੇ ਹਨ ਅਤੇ ਉਹ ਆਪਣੇ ਬੱਚਿਆਂ ਨੂੰ ਲੋੜੋਂ ਵੱਧ ਖਵਾਉਣ ਵਿੱਚ ਮਾਨਸਿਕ ਤੇ ਸਮਾਜਿਕ ਪੱਖੋਂ ਵਾਧੂ ਤਸੱਲੀ ਲੈਂਦੇ ਹਨ। ਉਹ ਇਹ ਨਹੀਂ ਜਾਣਦੇ ਕਿ ਬਚਪਨ ਦਾ ਮੋਟਾਪਾ ਬੱਚੇ ਨੂੰ ਜੀਵਨ ਭਰ ਲਈ ਕਈ ਪੱਖਾਂ ਤੋਂ ਇੱਕ ਤਰ੍ਹਾਂ ਨਾਲ ਅਪਾਹਜ ਬਣਾ ਦਿੰਦਾ ਹੈ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਬੱਚਿਆਂ ਦੇ ਮੋਟਾਪੇ ਲਈ ਜ਼ਿਆਦਾਤਰ ਮਾਪੇ ਹੀ ਕਸੂਰਵਾਰ ਹੁੰਦੇ ਹਨ, ਕਿਉਂਕਿ ਖਾਣ-ਪੀਣ ਦੇ ਮਾਮਲੇ ਵਿੱਚ ਜਿਹੋ ਜਿਹੇ ਮਾਪੇ ਹੁੰਦੇ ਹਨ, ਓਹੋ ਜਿਹੇ ਹੀ ਉਨ੍ਹਾਂ ਦੇ ਬੱਚੇ ਹੁੰਦੇ ਹਨ। ਇਹੀ ਕਾਰਨ ਹੈ ਕਿ ਜਿਹੜੇ ਮਾਪੇ ਸੰਜਮ ਨਾਲ ਖਾਂਦੇ ਹਨ, ਉਨ੍ਹਾਂ ਦੇ ਬੱਚੇ ਵੀ ਸੰਜਮੀ ਹੁੰਦੇ ਹਨ ਅਤੇ ਮੋਟਾਪੇ ਤੋਂ ਬਚੇ ਰਹਿੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਜ਼ਿਆਦਾ ਊਰਜਾ ਯੁਕਤ ਭੋਜਨ ਦੇਣ ਦੀ ਬਜਾਏ ਸਾਦਾ ਅਤੇ ਸੰਤੁਲਿਤ ਭੋਜਨ ਦਿੱਤਾ ਜਾਵੇ, ਜਿਸ ਵਿੱਚ ਦੁੱਧ, ਦਹੀਂ, ਮੱਖਣ, ਤਾਜ਼ਾ ਸਾਗ/ਸਬਜ਼ੀਆਂ ਤੇ ਮੌਸਮੀ ਫ਼ਲ ਸ਼ਾਮਲ ਹੋਣ।

# ਤੰਬਾਕੂ ਦੀ ਵਰਤੋਂ ਅਤੇ ਕੈਂਸਰ

**ਬੀ.ਐੱਸ. ਭੁੱਲਰ**



ਦੁਨੀਆਂ ਭਰ ਵਿੱਚ ਹਰ ਸਾਲ ਨਸ਼ਿਆਂ ਦੀ ਵਰਤੋਂ ਕਾਰਨ ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸਦੀਆਂ ਤੋਂ ਵਰਤੇ ਜਾ ਰਹੇ ਤੰਬਾਕੂ, ਸ਼ਰਾਬ ਅਤੇ ਅਫ਼ੀਮ ਆਦਿ ਨਸ਼ਿਆਂ ਤੋਂ ਇਲਾਵਾ ਸਮੇਂ ਦੇ ਬਦਲਾਅ ਨਾਲ ਸਮੈਕ, ਕੋਕੀਨ ਅਤੇ ਡਰੱਗਜ਼ ਜਿਹੇ ਨਸ਼ੇ ਵੀ ਹੋਂਦ ਵਿੱਚ ਆ ਗਏ ਹਨ ਜਿਨ੍ਹਾਂ ਨੇ ਨੌਜਵਾਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਕੇ ਰੱਖ ਦਿੱਤਾ ਹੈ। ਤੰਬਾਕੂ ਨੂੰ ਬਹੁਤੇ ਲੋਕ ਨਸ਼ਾ ਹੀ ਨਹੀਂ ਮੰਨਦੇ। ਪੰਜਾਬ ਵਿੱਚ ਸਭ ਤੋਂ ਪਹਿਲਾਂ ਸਿੱਖ ਗੁਰੂਆਂ ਨੇ ਤੰਬਾਕੂ ਦਾ ਡਟਵਾਂ ਵਿਰੋਧ ਕਰਦਿਆਂ ਲੋਕਾਂ ਨੂੰ ਇਸ ਦੀ ਵਰਤੋਂ ਤੋਂ ਵਰਜਿਆ ਸੀ।

ਤੰਬਾਕੂ ਨੂੰ ਆਮ ਲੋਕ ਬਹੁਤਾ ਨੁਕਸਾਨਦਾਇਕ ਨਹੀਂ ਮੰਨਦੇ ਪਰ ਇਸਦੀ ਵਰਤੋਂ ਦੇ ਨਤੀਜੇ ਬਹੁਤ ਮਾੜੇ ਹਨ। ਅੱਜ ਦੁਨੀਆਂ ਵਿੱਚ ਫੈਲੀ ਕੈਂਸਰ ਦੀ ਭਿਆਨਕ ਬੀਮਾਰੀ ਲਈ ਭਾਵੇਂ ਕਈ ਕਾਰਨ ਜ਼ਿੰਮੇਵਾਰ ਹਨ ਪਰ ਇਸ ਪਿੱਛੇ ਸਭ ਤੋਂ ਵੱਡਾ ਕਾਰਨ ਤੰਬਾਕੂ ਦੀ ਵਰਤੋਂ ਹੈ। ਸੰਸਾਰ ਵਿੱਚ ਇਸ ਬੀਮਾਰੀ ਤੋਂ ਪੀੜਤ ਵਿਅਕਤੀਆਂ ਵਿੱਚੋਂ 60 ਫ਼ੀਸਦੀ ਲੋਕ ਤੰਬਾਕੂ ਕਾਰਨ ਇਸ ਦੀ ਲਪੇਟ ਵਿੱਚ ਆਏ ਹਨ। ਦੁਨੀਆਂ ਭਰ ਵਿੱਚ ਰੋਜ਼ਾਨਾ ਕਰੀਬ 29 ਕਰੋੜ ਸਿਗਰਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਮਨੁੱਖੀ ਫੇਫੜਿਆਂ 'ਤੇ ਹੋਣ ਵਾਲਾ ਸਿੱਧਾ ਮਾਰੂ ਅਸਰ ਕੈਂਸਰ ਪੈਦਾ ਕਰਦਾ ਹੈ। ਇਸ ਬੀਮਾਰੀ ਕਾਰਨ ਦੁਨੀਆਂ ਵਿੱਚ ਰੋਜ਼ਾਨਾ ਕਰੀਬ 15 ਹਜ਼ਾਰ ਵਿਅਕਤੀ ਅਤੇ ਹਰ ਸਾਲ 50 ਲੱਖ ਤੋਂ ਵੱਧ ਇਨਸਾਨੀ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ।

ਸਿੱਖ ਗੁਰੂਆਂ ਨੇ ਤੰਬਾਕੂ ਦੀ ਵਰਤੋਂ ਤੋਂ ਨਿਕਲਣ ਵਾਲੇ ਭਿਆਨਕ ਨਤੀਜਿਆਂ ਨੂੰ ਦੇਖਦਿਆਂ ਸੈਂਕੜੇ ਵਰ੍ਹੇ ਪਹਿਲਾਂ ਇਸ ਦੀ ਵਰਤੋਂ ਨਾ ਕਰਨ ਦੀਆਂ ਸਖ਼ਤ ਹਦਾਇਤਾਂ ਕੀਤੀਆਂ ਸਨ ਪਰ ਮੌਜੂਦਾ ਯੁੱਗ ਨੇ ਕਰੀਬ 90 ਕੁ ਸਾਲ ਪਹਿਲਾਂ ਇਸ ਨਸ਼ੇ ਦੇ ਮਾੜੇ ਅਸਰ ਨੂੰ ਭਾਂਪਦਿਆਂ ਇਸ ਦੀ ਵਰਤੋਂ ਰੋਕਣ ਦੇ ਯਤਨ ਆਰੰਭੇ ਹਨ। ਅਮਰੀਕਾ ਤੋਂ ਛਪਦੇ ਇੱਕ ਮੈਗਜ਼ੀਨ ਨੇ ਸੰਨ 1924 ਵਿੱਚ ਤੰਬਾਕੂ ਨੂੰ ਇਨਸਾਨੀ ਜ਼ਿੰਦਗੀ ਲਈ ਅਤਿ ਹਾਨੀਕਾਰਕ ਅਤੇ ਤਬਾਹਕੁੰਨ ਕਰਾਰ ਦਿੰਦਿਆਂ ਤੰਬਾਕੂ ਵਿਰੋਧੀ ਮੁਹਿੰਮ ਦਾ ਆਗਾਜ਼ ਕੀਤਾ ਸੀ। ਇਸ ਉਪਰੰਤ ਉੱਥੋਂ ਦੀਆਂ ਸਿਗਰਟ ਦਾ ਉਤਪਾਦਨ ਕਰਨ ਵਾਲੀਆਂ ਕੰਪਨੀਆਂ ਨੇ ਸਿਗਰਟਾਂ ਦੇ ਪੈਕੇਟ ਉਪਰ ਇਸ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨ ਸਬੰਧੀ ਚਿਤਾਵਨੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਇਸ ਮੁਹਿੰਮ ਦਾ ਭਾਗੀਦਾਰ ਬਣਦਿਆਂ ਇੰਗਲੈਂਡ ਨੇ ਸੰਨ 1965 ਵਿੱਚ ਟੈਲੀਵਿਜ਼ਨ ਤੋਂ ਸਿਗਰਟਾਂ ਜਾਂ ਹੋਰ ਤੰਬਾਕੂ ਵਸਤਾਂ ਦੀ ਇਸ਼ਤਿਹਾਰਬਾਜ਼ੀ 'ਤੇ ਪਾਬੰਦੀ ਲਗਾ ਦਿੱਤੀ ਸੀ। ਅੱਜ ਅਮਰੀਕਾ, ਕੈਨੇਡਾ, ਬ੍ਰਾਜ਼ੀਲ, ਇੰਗਲੈਂਡ, ਜਰਮਨ, ਜਪਾਨ, ਥਾਈਲੈਂਡ ਦੇ ਲੋਕ ਤੰਬਾਕੂ ਤੋਂ ਹੋਣ ਵਾਲੇ ਨੁਕਸਾਨ ਸਬੰਧੀ ਕਾਫ਼ੀ ਜਾਗਰਿਤ ਹੋ ਚੁੱਕੇ ਹਨ।

ਭਾਰਤ ਨੇ ਤੰਬਾਕੂ ਵਿਰੁੱਧ ਸ਼ੁਰੂ ਹੋਈ ਮੁਹਿੰਮ ਤੋਂ ਕਰੀਬ 76 ਸਾਲ ਬਾਅਦ ਦੇਸ਼ ਭਰ ਵਿੱਚ ਤੰਬਾਕੂ ਵਾਲੀਆਂ ਚੀਜ਼ਾਂ ਦੀ ਇਸ਼ਤਿਹਾਰਬਾਜ਼ੀ 'ਤੇ ਰੋਕ ਲਗਾਈ ਅਤੇ ਫਿਰ ਇਸ ਸਬੰਧੀ ਕਾਨੂੰਨ ਬਣਾਇਆ।

# ਸਿਹਤ ਲਈ ਲਾਭਕਾਰੀ ਹੈ ਆਲੂ



ਆਲੂ ਨੂੰ ਅਕਸਰ ਸਸਤਾ ਤੇ ਸਿਹਤ ਲਈ ਨੁਕਸਾਨਦਾਇਕ ਖਾਧ ਪਦਾਰਥ ਮੰਨਿਆ ਜਾਂਦਾ ਹੈ ਪਰ ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਆਲੂ ਵਿਚ ਕਿੰਨੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ । ਇਹ ਵਿਟਾਮਿਨ ਸੀ, ਵਿਟਾਮਿਨ ਬੀ-6, ਕਾਪਰ, ਪੋਟਾਸ਼ੀਅਮ, ਮੈਂਗਨੀਜ਼ ਅਤੇ ਰੇਸ਼ੇ ਦਾ ਮਹੱਤਵਪੂਰਨ ਸਰੋਤ ਹੈ ।

ਇਸ ਵਿਚ ਮੌਜੂਦ ਪੋਸ਼ਕ ਤੱਤ ਕੁਦਰਤੀ ਐਂਟੀਆਕਸੀਡੈਂਟ ਹੁੰਦੇ ਹਨ । ਇਸ ਵਿਚ ਮਨੁੱਖੀ ਸਰੀਰ ਨੂੰ ਤੰਦਰੁਸਤ ਕਰਨ ਵਾਲੇ ਮਹੱਤਵਪੂਰਨ ਯੌਗਿਕ ਜਿਵੇਂ-ਕੈਰੋਟੋਨਾਪਡਸ, ਫਲੇਵੋਨਾਈਡਸ, ਕੈਫੇਕ ਐਸਿਡ ਅਤੇ ਪ੍ਰੋਟੀਨ ਨੂੰ ਇਕੱਠੇ ਕਰਨ ਵਾਲੇ ਯੋਗਿਕ ਜਿਵੇਂ ਪੋਇਆਟਿਨ ਭਰਪੂਰ ਮਾਤਰਾ ਵਿਚ ਹੁੰਦੇ ਹਨ । ਇਹ ਸਾਡੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਨੂੰ ਵਧਾਉਣ ਵਿਚ ਸਹਾਇਕ ਸਿੱਧ ਹੁੰਦੇ ਹਨ ।

ਇਨ੍ਹਾਂ ਵਿਚ ਖ਼ੂਨ ਦਬਾਅ ਘੱਟ ਕਰਨ ਵਾਲਾ ਤੱਤ ਜਿਵੇਂ ਕਿਊਕੋਮਾਈਨਸ ਵੀ ਮੌਜੂਦ ਹੁੰਦਾ ਹੈ । ਜੋ ਲੋਕ ਆਪਣਾ ਵਜ਼ਨ ਘੱਟ ਕਰਨਾ ਚਾਹੁੰਦੇ ਹਨ, ਪਹਿਲਾਂ ਉਨ੍ਹਾਂ ਨੂੰ ਆਲੂ ਦਾ ਸੇਵਨ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਸੀ ਪਰ ਹੁਣ ਇਹ ਸਹੀ ਨਹੀਂ ਹੈ । ਭੋਜਨ ਮਾਹਿਰਾਂ ਅਨੁਸਾਰ ਇਸ ਵਿਚ ਕੈਲੋਰੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ ਜਦੋਂ ਕਿ ਕਾਰਬੋਹਾਈਡ੍ਰੇਟਸ ਇਸ ਵਿਚ ਉੱਚ ਮਾਤਰਾ ਵਿਚ ਪਾਇਆ ਜਾਂਦਾ ਹੈ ਪਰ ਜਦੋਂ ਅਸੀਂ ਇਸ ਨੂੰ ਪਕਾਉਂਦੇ ਸਮੇਂ ਖਾਂਦੇ ਹਾਂ ਤਾਂ ਇਸ ਵਿਚੋਂ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ ।

ਜੇਕਰ ਇਸ ਨੂੰ ਪਕਾਉਣ ਦੇ ਢੰਗ ਵਿਚ ਬਦਲਾਅ ਲਿਆਂਦਾ ਜਾਵੇ ਤਾਂ ਅਸੀਂ ਇਸ ਵਿਚੋਂ ਲਾਭ ਲੈ ਸਕਦੇ ਹਾਂ ਜਿਵੇਂ ਤਲਣ ਦੀ ਬਜਾਏ ਜੇਕਰ ਇਸ ਨੂੰ ਉਬਾਲ ਕੇ ਵੱਖ-ਵੱਖ ਰੂਪਾਂ ਵਿਚ ਪ੍ਰਯੋਗ ਕੀਤਾ ਜਾਵੇ ਤਾਂ ਚੰਗਾ ਹੋਵੇਗਾ । ਉੱਬਲੇ ਹੋਏ ਆਲੂਆਂ ਤੋਂ ਤੁਸੀਂ ਆਲੂ ਦੀ ਚਾਟ ਤਿਆਰ ਕਰ ਸਕਦੇ ਹੋ ਜਾਂ ਫਿਰ ਇਨ੍ਹਾਂ ਨੂੰ ਉਬਲੇ ਹੋਏ ਛੋਲਿਆਂ ਵਿਚ ਮਿਲਾ ਕੇ ਖਾ ਸਕਦੇ ਹੋ । ਇਸ ਦੇ ਇਲਾਵਾ ਇਨ੍ਹਾਂ ਵਿਚ ਮੁਰਮੁਰੇ ਵੀ ਉੱਬਲੇ ਹੋਏ ਪਾ ਕੇ ਖਾਧਾ ਜਾਂਦਾ ਹੈ ।

ਜੇਕਰ ਤੁਸੀਂ ਆਲੂ ਦਾ ਪਰਾਠਾ ਖਾਣ ਦੇ ਸ਼ੌਕੀਨ ਹੋ ਤਾਂ ਇਸ ਵਿਚ ਹੋਰ ਸਬਜ਼ੀਆਂ ਮਿਲਾ ਕੇ ਪਰਾਠਾ ਬਣਾਓ । ਇਹ ਸਿਹਤਮੰਦ ਵੀ ਹੋਵੇਗਾ ਤੇ ਸਵਾਦੀ ਵੀ । ਨਾਲ ਹੀ ਆਲੂਆਂ ਦੇ ਪੋਸ਼ਕ ਤੱਤਾਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਤੁਸੀਂ ਇਨ੍ਹਾਂ ਨੂੰ ਭੋਜਨ ਵਿਚ ਬੇਕ ਕਰਕੇ ਵੀ ਖਾ ਸਕਦੇ ਹੋ । ਮਿੱਠੇ ਆਲੂਆਂ ਨੂੰ ਅਕਸਰ ਗ੍ਰਹਿਣੀਆਂ ਪਸੰਦ ਨਹੀਂ ਕਰਦੀਆਂ । ਸ਼ਾਇਦ ਅਜਿਹਾ ਉਹ ਇਸ ਦੇ ਸਵਾਦ ਕਰਕੇ ਕਰਦੀਆਂ ਹਨ । ਜੇਕਰ ਤੁਸੀਂ ਵੀ ਇਸ ਤਰ੍ਹਾਂ ਕਰਦੇ ਹੋ ਤਾਂ ਧਿਆਨ ਦਿਓ ਕਿ ਮਿੱਠੇ ਆਲੂ ਵੀ ਪੋਟਾਸ਼ੀਅਮ, ਰੇਸ਼ੇ ਤੇ ਕੈਰੋਟੇਨਾਈਡਸ ਦੇ ਚੰਗੇ ਸਰੋਤ ਹਨ । ਇਸ ਵਿਚ ਭਰਪੂਰ ਮਾਤਰਾ ਵਿਚ ਐਂਟੀਆਕਸੀਡੈਂਟ ਹੁੰਦੇ ਹਨ । ਇਨ੍ਹਾਂ ਵਿਚੋਂ ਵੀ ਸਾਧਾਰਨ ਆਲੂਆਂ ਦੀ ਤਰ੍ਹਾਂ ਆਇਰਨ, ਵਿਟਾਮਿਨ-ਏ, ਸੀ, ਮੈਂਗਨੀਜ਼, ਕਾਪਰ ਤੇ ਰੇਸ਼ਾ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ । ਨਾਲ ਹੀ ਇਹ ਊਰਜਾ ਨੂੰ ਵਧਾਉਣ ਵਿਚ ਵੀ ਸਹਾਇਕ ਹਨ ।

**-ਭਾਸ਼ਣਾ ਬਾਂਸਲ**

# ਤਣਾਅ ਨੂੰ ਕਹੋ ਅਲਵਿਦਾ

ਅੱਜ ਦੀ ਇਸ ਭੱਜ-ਦੌੜ ਭਰੀ ਜ਼ਿੰਦਗੀ ਵਿਚ ਬੱਚੇ-ਵੱਡੇ ਸਭ ਤਣਾਅ ਤੋਂ ਗ੍ਰਸਤ ਹਨ । ਆਲਮ ਤਾਂ ਇਹ ਹੈ ਕਿ ਜੇਕਰ ਕੋਈ ਤਣਾਅ ਵਿਚ ਨਹੀਂ ਹੁੰਦਾ ਤਾਂ ਸਾਡਾ ਸਵਾਲ ਹੁੰਦਾ ਕਿ ਏਨੀ ਵੱਡੀ ਗੱਲ ਹੋ ਗਈ ਅਤੇ ਤੁਹਾਨੂੰ ਕੋਈ ਟੈਨਸ਼ਨ ਨਹੀਂ ਹੈ।

ਤਣਾਅ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ । ਇਹੀ ਕਾਰਨ ਹੈ ਕਿ ਅੱਜਕਲ੍ਹ ਛੋਟੀ-ਛੋਟੀ ਉਮਰ ਵਿਚ ਲੋਕ ਵੱਡੀਆਂ-ਵੱਡੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ । ਅਜਿਹੀ ਹਾਲਤ ਵਿਚ ਇਸ ਤੋਂ ਦੂਰੀ ਹੀ ਚੰਗੀ ਹੈ । ਤਾਂ ਆਓ ਜਾਣਦੇ ਹਾਂ ਤਣਾਅ ਨੂੰ ਆਪਣੀ ਜ਼ਿੰਦਗੀ ਤੋਂ ਦੂਰ ਭਜਾਉਣ ਦੇ ਸੱਤ ਆਸਾਨ ਤਰੀਕੇ-

ਤਣਾਅ ਦੇ ਕਾਰਨ ਜਾਣੋ : ਹਰ ਇਨਸਾਨ ਆਪਣੇ-ਆਪ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਇਸ ਲਈ ਸਾਨੂੰ ਪਤਾ ਹੁੰਦਾ ਹੈ ਕਿ ਕਿਹੜੀ ਗੱਲ ਹੈ, ਜਿਸ ਕਾਰਨ ਅਸੀਂ ਤਣਾਅ ਵਿਚ ਆ ਜਾਂਦੇ ਹਾਂ । ਤਣਾਅ ਤੋਂ ਦੂਰ ਰਹਿਣ ਦਾ ਸਭ ਤੋਂ ਆਸਾਨ ਤਰੀਕਾ ਕਾਰਨਾਂ ਨੂੰ ਜਾਣਨਾ ਹੀ ਹੈ ਅਤੇ ਕਾਰਨ ਜਾਨਣ ਦੇ ਬਾਅਦ ਉਸ ਕੰਮ ਨੂੰ ਕਰਨ ਤੋਂ ਪਹਿਲਾਂ ਆਪਣੇ-ਆਪ ਨੂੰ ਮਾਨਸਿਕ ਰੂਪ ਨਾਲ ਤਿਆਰ ਕਰੋ ਅਤੇ ਲੰਬੇ ਸਾਹ ਲਓ, ਤਾਂ ਕਿ ਖ਼ੂਨ ਦੀ ਗਤੀ ਆਮ ਹੋ ਜਾਵੇ ਅਤੇ ਤੁਹਾਨੂੰ ਡਰਾਉਣ ਵਾਲੀ ਗੱਲ ਦਾ ਅਸਰ ਤੁਹਾਡੇ 'ਤੇ ਨਾ ਦੇ ਬਰਾਬਰ ਹੋਵੇ ।



ਅਵਸਥਾ ਬਦਲੋ : ਜੇਕਰ ਬੈਠੇ ਹੋ ਤਾਂ ਬਾਹਰ ਜਾਓ ਅਤੇ ਜੇਕਰ ਖੜ੍ਹੇ ਹੋ ਤਾਂ ਥੋੜ੍ਹਾ ਜਿਹਾ ਟਹਿਲ ਲਓ । ਹੌਲੀ-ਹੌਲੀ ਆਪਣੇ-ਆਪ ਹੀ ਤਣਾਅ ਰੁਕ ਜਾਵੇਗਾ ।

ਖੁੱਲ੍ਹੀ ਹਵਾ ਦਾ ਅਨੰਦ ਲਓ : ਜਦੋਂ ਵੀ ਆਪਣੇ-ਆਪ ਨੂੰ ਤਣਾਅ ਵਿਚ ਪਾਓ ਤਾਂ ਥੋੜ੍ਹੀ ਦੇਰ ਖੁੱਲ੍ਹੀ ਹਵਾ ਵਿਚ ਆ ਜਾਓ ਅਤੇ ਤਾਜ਼ੀ ਹਵਾ ਨੂੰ ਮਹਿਸੂਸ ਕਰੋ । ਤੁਸੀਂ ਇਕਦਮ ਰਿਲੈਕਸ ਹੋ ਜਾਓਗੇ ।

ਕਸਰਤ : ਕਸਰਤ ਕਰਨ ਨਾਲ ਸਰੀਰ ਵਿਚ ਖ਼ੂਨ ਦਾ ਸੰਚਾਰ ਠੀਕ ਰਹਿੰਦਾ ਹੈ, ਜਿਸ ਕਰਕੇ ਨਕਾਰਾਤਮਿਕ ਗੱਲਾਂ ਵੱਲ ਜਲਦੀ ਆਕਰਸ਼ਤ ਨਹੀਂ ਹੁੰਦੇ । ਕਿਸੇ ਵੀ ਕੰਮ ਨੂੰ ਕਰਨ ਲਈ ਸਾਡਾ ਮਨ ਅਤੇ ਸਰੀਰ ਦੋਵੇਂ ਹੀ ਐਕਟਿਵ ਰਹਿੰਦੇ ਹਨ । ਇਸ ਲਈ ਤਣਾਅ ਤੋਂ ਡਰ ਨੂੰ ਦੂਰ ਰੱਖਣ ਲਈ ਹਰ ਰੋਜ਼ 30 ਮਿੰਟ ਕਸਰਤ ਕਰੋ ।

ਖੁੱਲ੍ਹ ਕੇ ਹੱਸੋ : ਫਿਲਮਾਂ ਜੋ ਸਾਡਾ ਮਨੋਰੰਜਨ ਕਰਦੀਆਂ ਹਨ, ਉਨ੍ਹਾਂ ਨੂੰ ਜੇਕਰ ਅਸੀਂ ਥੋੜ੍ਹਾ ਧਿਆਨ ਨਾਲ ਦੇਖੀਏ ਤਾਂ ਉਨ੍ਹਾਂ ਤੋਂ ਬਹੁਤ ਕੁਝ ਸਿੱਖ ਵੀ ਸਕਦੇ ਹਾਂ । ਹਾਸਾ ਗੁੱਸੇ ਨੂੰ ਕੰਟਰੋਲ ਕਰਦਾ ਹੈ । ਜੇਕਰ ਤੁਸੀਂ ਵੀ ਆਪਣੇ ਤਣਾਅ ਨੂੰ ਦੂਰ ਭਜਾਉਣਾ ਚਾਹੁੰਦੇ ਹੋ ਤਾਂ ਗਾਵਣ ਦੀ ਤਰ੍ਹਾਂ ਬਿਨਾਂ ਝਿਜਕ ਜ਼ੋਰ-ਜ਼ੋਰ ਨਾਲ ਹੱਸਣਾ ਸਿੱਖੋ ।

ਫੈਸਲਾ ਲਓ : ਕਰਾਂ ਜਾਂ ਨਾ ਕਰਾਂ। ਠੀਕ ਹੈ ਜਾਂ ਨਹੀਂ। ਇਸ ਹਾਂ-ਨਾਂਹ ਦੇ ਚੱਕਰਵਿਊ ਤੋਂ ਬਾਹਰ ਨਿਕਲੋ ਅਤੇ ਜੋ ਫੈਸਲਾ ਲੈਣਾ ਹੈ, ਜਲਦੀ ਤੋਂ ਜਲਦੀ ਲਓ ਅਤੇ ਕੰਮ ਸ਼ੁਰੂ ਕਰੋ । ਜਿੰਨਾ ਸੋਚੋਗੇ, ਤਣਾਅ ਓਨਾ ਹੀ ਵਧਦਾ ਜਾਵੇਗਾ ।

ਜ਼ਿੰਦਗੀ ਦਾ ਕੋਈ ਗੋਲ ਸੈੱਟ ਕਰੋ : ਜੇਕਰ ਸਾਡੇ ਕੋਲ ਕੋਈ ਉਦੇਸ਼ ਹੁੰਦਾ ਹੈ ਤਾਂ ਅਸੀਂ ਉਸ ਨੂੰ ਪਾਉਣ ਲਈ ਪੂਰੀ ਮਿਹਨਤ ਕਰਦੇ ਹਾਂ ਪਰ ਜੇਕਰ ਅਸੀਂ ਉਸ ਨੂੰ ਨਹੀਂ ਪਾ ਸਕਦੇ ਤਾਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ । ਸਭ ਕੁਝ ਛੱਡ ਕੇ ਨਹੀਂ ਬੈਠ ਜਾਣਾ ਚਾਹੀਦਾ । ਹਾਰ ਨਹੀਂ ਮੰਨਣੀ ਚਾਹੀਦੀ, ਬਸ ਨਿਰੰਤਰ ਯਤਨ ਕਰਦੇ ਰਹਿਣਾ ਚਾਹੀਦਾ ਹੈ । ਜੇਕਰ ਇਨ੍ਹਾਂ ਗੱਲਾਂ ਨੂੰ ਅਸੀਂ ਅਪਣਾ ਲੈਂਦੇ ਹਾਂ ਤਾਂ ਤਣਾਅ ਅਤੇ ਉਸ ਨਾਲ ਹੋਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ ।

**-ਸਵਾਸਥ ਦਰਪਣ**

# ਬੀਬਾ ਪਰਿਵਾਰ ਦੀ ਪੰਜਾਬੀ ਲੋਕ ਗਾਇਕੀ ਨੂੰ ਦੇਣ

ਪੰਜਾਬੀ ਗਾਇਕੀ ਦੇ ਖੇਤਰ ਵਿੱਚ ਨਰਿੰਦਰ ਬੀਬਾ ਨੇ ਜਿੱਥੇ ਵਿਅਕਤੀਗਤ ਤੌਰ 'ਤੇ ਵਡਮੁੱਲਾ ਯੋਗਦਾਨ ਪਾਇਆ ਹੈ, ਉੱਥੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਵੀ ਇਸ ਖੇਤਰ ਵਿੱਚ ਦੇਣ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਬੀਬਾ ਦੀ ਪ੍ਰੇਰਨਾ ਅਤੇ ਅਗਵਾਈ ਅਧੀਨ ਛੋਟੇ ਭੈਣ-ਭਰਾਵਾਂ ਨੇ ਗਾਇਕੀ ਖੇਤਰ ਵਿੱਚ ਪ੍ਰਵੇਸ਼ ਕਰਕੇ ਆਪੋ-ਆਪਣੀ ਪਛਾਣ ਬਣਾਈ। ਭਰਾਵਾਂ ਫ਼ਕੀਰ ਸਿੰਘ ਫ਼ਕੀਰ, ਅਮੀਰ ਸਿੰਘ ਰਾਣਾ, ਰਣਬੀਰ ਸਿੰਘ ਰਾਣਾ ਅਤੇ ਭੈਣ ਸਤਿੰਦਰ ਬੀਬਾ ਦੀਆਂ ਆਵਾਜ਼ਾਂ ਵਿੱਚ ਕਾਫ਼ੀ ਸਾਰੀ ਰਿਕਾਰਡਿੰਗ ਮਿਲਦੀ ਹੈ। ਨਰਿੰਦਰ ਬੀਬਾ ਦੀ ਅਗਵਾਈ ਵਿੱਚ ਕਈ ਓਪੇਰਿਆਂ ਅਤੇ ਸਾਕਿਆਂ ਦੀ ਰਿਕਾਰਡਿੰਗ ਮਿਲਦੀ ਹੈ, ਜਿਨ੍ਹਾਂ ਵਿੱਚ ਉਸ ਦਾ ਸਾਥ ਕਈ ਕਲਾਕਾਰਾਂ ਨੇ ਦਿੱਤਾ ਹੈ। ਇਨ੍ਹਾਂ ਕਲਾਕਾਰਾਂ ਵਿੱਚ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹਨ। ਪੰਜਾਬੀ ਗਾਇਕੀ ਵਿੱਚ ਓਪੇਰਿਆਂ ਦੀ ਰਿਕਾਰਡਿੰਗ ਦੀ ਸ਼ੁਰੂਆਤ ਨਰਿੰਦਰ ਬੀਬਾ ਦੇ ਗਰੁੱਪ ਨੇ ਹੀ ਕੀਤੀ। ਇਨ੍ਹਾਂ ਦੀ ਆਵਾਜ਼ ਵਿੱਚ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਸੱਸੀ-ਪੁੰਨੂੰ ਆਦਿ ਪ੍ਰੀਤ ਗਾਥਾਵਾਂ ਦੇ ਓਪੇਰੇ ਬਹੁਤ ਮਕਬੂਲ ਹੋਏ। ਧਾਰਮਿਕ ਸਾਕਿਆਂ ਵਿੱਚ ਸਾਕਾ ਸਰਹੰਦ, ਸਾਕਾ ਚਮਕੌਰ, ਸਾਕਾ ਚਾਂਦਨੀ ਚੌਕ ਆਦਿ ਸ਼ਾਮਲ ਹਨ। ਸਾਕਾ ਸਰਹੰਦ ਇੱਕ ਲਾਸਾਨੀ ਕਿਰਤ ਹੈ। ਜੀਵਨੀ ਭਗਤ ਰਵੀਦਾਸ ਵੀ ਇਸ ਗਰੁੱਪ ਦੀ ਲਾਜਵਾਬ ਰਚਨਾ ਹੈ। ਇਨ੍ਹਾਂ ਰਚਨਾਵਾਂ ਵਿੱਚ ਹੋਰਨਾਂ ਕਲਾਕਾਰਾਂ ਤੋਂ ਬਿਨਾਂ ਫ਼ਕੀਰ ਸਿੰਘ ਫ਼ਕੀਰ, ਅਮੀਰ ਸਿੰਘ ਰਾਣਾ, ਰਣਬੀਰ ਰਾਣਾ ਤੇ ਸਤਿੰਦਰ ਬੀਬਾ ਦੀਆਂ ਆਵਾਜ਼ਾਂ ਵੀ ਸ਼ਾਮਲ ਹਨ। ਇਨ੍ਹਾਂ ਗਰੁੱਪ ਕਿਰਤਾਂ ਤੋਂ ਇਲਾਵਾ ਇਨ੍ਹਾਂ ਪਰਵਾਰਿਕ ਮੈਂਬਰਾਂ ਦੀਆਂ ਆਵਾਜ਼ਾਂ ਵਿੱਚ ਹੋਰ ਵਿਅਕਤੀਗਤ ਰਿਕਾਰਡਿੰਗ ਵੀ ਮਿਲਦੀ ਹੈ ਜਿਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ।

ਫ਼ਕੀਰ ਸਿੰਘ ਫ਼ਕੀਰ: ਫ਼ਕੀਰ ਸਿੰਘ ਫ਼ਕੀਰ ਲੜੀ ਅਨੁਸਾਰ ਬੀਬਾ ਤੋਂ ਦੂਜੇ ਨੰਬਰ 'ਤੇ ਹੈ। ਪੜ੍ਹਾਈ ਕੋਈ ਬਹੁਤੀ ਨਹੀਂ ਕਰ ਸਕਿਆ, ਕੇਵਲ ਸੱਤ-ਅੱਠ ਜਮਾਤਾਂ ਤਕ ਹੀ ਪੜ੍ਹਿਆ। ਗਾਉਣ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ। ਵੱਡੀ ਭੈਣ ਨਰਿੰਦਰ ਬੀਬਾ ਤੋਂ ਉਸ ਨੇ ਗਾਇਕੀ ਦੇ ਗੁਰ ਸਿੱਖੇ। ਇਸ ਲੇਖੇ ਬੀਬਾ ਹੀ ਉਸ ਦੀ ਉਸਤਾਦ ਹੋਈ। 1965 ਵਿੱਚ ਉਸ ਦਾ ਪਹਿਲਾ ਗੀਤ ਦੋਗਾਣੇ ਰੂਪ ਵਿੱਚ ਬੀਬਾ ਨਾਲ ਰਿਕਾਰਡ ਹੋਇਆ ਜੋ ਬੜਾ ਚੱਲਿਆ। ਗੀਤ ਦੇ ਬੋਲ ਸਨ 'ਬੂਰੀ ਮੱਝ ਚੋ ਲੈ, ਬਹਿ ਜਾ ਨੀਂ ਥਾਪੀ ਮਾਰ ਕੇ'। ਸਾਰਾ ਸਮਾਂ ਉਹ ਬੀਬਾ ਦੇ ਗਰੁੱਪ ਨਾਲ ਹੀ ਸਹਾਇਕ ਕਲਾਕਾਰ ਵਜੋਂ ਸ਼ਾਮਲ ਰਿਹਾ ਹੈ। 1965 ਵਿੱਚ ਉਸ ਦਾ ਵਿਆਹ ਸਾਹਿਬ ਕੌਰ ਨਾਲ ਹੋਇਆ। ਉਸ ਦਾ ਆਪਣਾ ਟਰਾਂਸਪੋਰਟ ਦਾ ਕਾਰੋਬਾਰ ਹੈ। ਉਸ ਦੇ ਤਿੰਨ ਬੱਚਿਆਂ ਵਿੱਚੋਂ ਕੋਈ ਵੀ ਗਾਇਕੀ ਵੱਲ ਨਹੀਂ ਪਿਆ। ਨਰਿੰਦਰ ਬੀਬਾ ਨੇ ਇੱਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਮਰਦ ਗਾਇਕਾਂ ਵਿੱਚੋਂ ਉਸ ਨੂੰ ਸਭ ਤੋਂ ਵੱਧ ਸੰਤੁਸ਼ਟੀ ਫ਼ਕੀਰ ਨਾਲ ਗਾ ਕੇ ਮਿਲੀ। ਬੀਬਾ ਨਾਲ ਰਿਕਾਰਡ ਹੋਏ ਉਸ ਦੇ ਦੋਗਾਣਿਆਂ ਵਿੱਚੋਂ ਕੁਝ ਮੁਖੜੇ ਪੇਸ਼ ਹਨ–



× ਤੇਰੀ ਤੋਰ ਨੇ ਪੰਜਾਬੋ ਸਾਰੀ ਦੁਨੀਆਂ ਪੱਟੀ

× ਕੱਲਮ ਕੱਲੀ ਤੋੜਾਂ ਮੈਂ ਕਰੀਰਾਂ ਨਾਲੋਂ ਡੇਲੇ ਵੇ ਖੜ੍ਹਾ ਰਹਿ ਜ਼ਾਲਮਾਂ ਸਬੱਬੀਂ ਹੋ ਗਏ ਮੇਲੇ।

× ਨੀਂ ਮੁੱਲ ਕਰ ਚਰਖੀ ਦਾ, ਤੇਰੀ ਕੱਤਣੀ ਨਫ਼ੇ ਦੇ ਵਿੱਚ ਲੈਣੀ

× ਚੰਨਾ ਵੇ ਮੈਨੂੰ ਸੰਗ ਲੱਗਦੀ, ਤੈਨੂੰ ਹਾਕ ਨਾ ਗਲੀ ਦੇ ਵਿੱਚੋਂ ਮਾਰਾਂ

ਸਤਿੰਦਰ ਬੀਬਾ: ਫ਼ਕੀਰ ਸਿੰਘ ਫ਼ਕੀਰ ਤੋਂ ਛੋਟੀ ਸਤਿੰਦਰ ਬੀਬਾ ਦਾ ਜਨਮ 1944 ਵਿੱਚ ਹੋਇਆ। ਜਦੋਂ ਉਸ ਨੇ ਹੋਸ਼ ਸੰਭਾਲੀ ਤਾਂ ਦੇਸ਼ ਦੀ ਵੰਡ ਹੋ ਗਈ ਅਤੇ ਪਰਿਵਾਰ ਏਧਰ ਆ ਗਿਆ। ਸਕੂਲੀ ਪੜ੍ਹਾਈ ਦੌਰਾਨ ਉਸ ਦਾ ਰੁਝਾਨ ਗਾਇਕੀ ਵੱਲ ਵਧਦਾ ਗਿਆ। ਜਦੋਂ ਉਹ ਚੌਦਾਂ ਸਾਲ ਦੀ ਉਮਰ ਵਿੱਚ ਪਹੁੰਚੀ, ਉਸ ਵੇਲੇ ਤਕ ਨਰਿੰਦਰ ਬੀਬਾ ਰੇਡੀਓ ਤੋਂ ਗਾ ਆਈ ਸੀ। ਇਸ ਤਰ੍ਹਾਂ ਨਰਿੰਦਰ ਬੀਬਾ ਹੀ ਉਸ ਦਾ ਆਦਰਸ਼ ਬਣੀ। ਨਰਿੰਦਰ ਬੀਬਾ ਵਾਂਗ ਹੀ ਸਤਿੰਦਰ ਦੀ ਆਵਾਜ਼ ਬੁਲੰਦ ਤੇ ਸੁਰੀਲੀ ਸੀ। ਇਸ ਸਦਕਾ ਬੀਬਾ ਲਕਬ ਉਸ ਦੇ ਨਾਂ ਨਾਲ ਜੁੜ ਗਿਆ ਅਤੇ ਉਸ ਨੇ ਸਤਿੰਦਰ ਬੀਬਾ ਦੇ ਨਾਂ ਹੇਠ ਗਾਇਕੀ ਵਿੱਚ ਪ੍ਰਵੇਸ਼ ਕੀਤਾ। ਸਮੇਂ ਅਨੁਸਾਰ ਸਤਿੰਦਰ ਬੀਬਾ ਮਲਕੀਤ ਸਿੰਘ ਨਾਲ ਗ੍ਰਹਿਸਤ ਦੇ ਬੰਧਨਾਂ ਵਿੱਚ ਬੱਝ ਗਈ। ਮਲਕੀਤ ਸਿੰਘ ਨੇ ਆਪਣੀ ਕਲਾਕਾਰ ਪਤਨੀ ਨੂੰ ਭਰਪੂਰ ਸਹਿਯੋਗ ਦਿੱਤਾ। ਥੋੜ੍ਹੇ ਸਮੇਂ ਵਿੱਚ ਹੀ ਸਤਿੰਦਰ ਬੀਬਾ ਦੀ ਬੁਲੰਦ ਤੇ ਸੁਰੀਲੀ ਆਵਾਜ਼ ਦੇ ਚਰਚੇ ਚਾਰੇ ਪਾਸੇ ਹੋਣ ਲੱਗੇ। ਇਸ ਜੋੜੀ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਮਿੱਠੀ ਸੁਰੀਲੀ ਆਵਾਜ਼ ਵਾਲੀ ਇਸ ਗਾਇਕਾ ਤੋਂ ਗਾਇਕੀ ਜਗਤ ਨੂੰ ਬਹੁਤ ਵੱਡੀਆਂ ਆਸਾਂ ਸਨ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸਾਲ 1981 ਵਿੱਚ ਇੱਕ ਕਾਰ ਦੁਰਘਟਨਾ ਵਿੱਚ ਦੋਵਾਂ ਪਤੀ-ਪਤਨੀ ਦੀ ਮੌਤ ਹੋ ਗਈ। ਗਾਇਕੀ ਅੰਬਰ ਦਾ ਇਹ ਸਿਤਾਰਾ ਆਪਣੀ ਭਰਪੂਰ ਚਮਕ ਦਿਖਾਉਣ ਤੋਂ ਪਹਿਲਾਂ ਹੀ ਸਦਾ ਲਈ ਲੋਪ ਹੋ ਗਿਆ। ਸਤਿੰਦਰ ਬੀਬਾ ਨੇ ਜਿੱਥੇ ਸਾਕਿਆਂ ਅਤੇ ਓਪੇਰਿਆਂ ਵਿੱਚ ਦੂਜੇ ਕਲਾਕਾਰਾਂ ਦਾ ਸਾਥ ਨਿਭਾਇਆ, ਉੱਥੇ ਚੋਟੀ ਦੇ ਕਲਾਕਾਰਾਂ ਨਾਲ ਦੋਗਾਣੇ ਰਿਕਾਰਡ ਕਰਵਾ ਕੇ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ। ਦੀਦਾਰ ਸੰਧੂ, ਕੁਲਦੀਪ ਮਾਣਕ, ਸੀਤਲ ਸਿੰਘ ਸੀਤਲ, ਰਣਬੀਰ ਰਾਣਾ ਆਦਿ ਨਾਲ ਉਸ ਦੇ ਰਿਕਾਰਡ ਦੋਗਾਣੇ ਮਿਲਦੇ ਹਨ। ਕੁਲਦੀਪ ਮਾਣਕ ਨਾਲ ਕੁਝ ਸਮਾਂ ਉਸ ਦਾ ਸੈੱਟ ਵੀ ਰਿਹਾ। ਮਾਣਕ ਦੀ ਬੁਲੰਦ ਆਵਾਜ਼ ਨਾਲ ਮੜ੍ਹਿੱਕਦਿਆਂ ਉਸ ਨੇ ਯਾਦਗਾਰੀ ਦੋਗਾਣੇ ਗਾਇਕੀ ਜਗਤ ਦੀ ਝੋਲੀ ਪਾਏ ਹਨ। ਡਰਾਈਵਰਾਂ ਦੇ ਗੀਤਾਂ ਵਿੱਚ ਸੀਤਲ ਸਿੰਘ ਸੀਤਲ ਨਾਲ ਰਿਕਾਰਡ ਉਸ ਦਾ ਦੋਗਾਣਾ 'ਗੱਡੀ ਲੱਦ ਕਲਕੱਤੇ ਵੜਦਾ' ਇੱਕ ਮੀਲ ਪੱਥਰ ਹੈ। ਸਤਿੰਦਰ ਬੀਬਾ ਦੀ ਗਾਇਕੀ ਗਿਣਾਤਮਕ ਪੱਖੋਂ ਭਾਵੇਂ ਘੱਟ ਹੈ ਪਰ ਗੁਣਾਤਮਕ ਪੱਖੋਂ ਉੱਚ ਪਾਏ ਦੀ ਹੈ, ਜਿਸ ਸਦਕਾ ਗਾਇਕੀ ਇਤਿਹਾਸ ਵਿੱਚ ਉਸ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਰਹੇਗਾ।

ਅਮੀਰ ਰਾਣਾ: ਅਮੀਰ ਸਿੰਘ ਰਾਣਾ ਦਾ ਜਨਮ ਦੇਸ਼ ਵੰਡ ਵਾਲੇ ਸਾਲ ਭਾਵ 1947 ਦੀ 7 ਮਾਰਚ ਨੂੰ ਹੋਇਆ। ਦਸਵੀਂ ਜਮਾਤ ਤਕ ਪੜ੍ਹਾਈ ਕਰਨ ਤੋਂ ਬਾਅਦ ਉਹ ਗਾਇਕੀ ਵੱਲ ਪੈ ਗਿਆ। ਲੁਧਿਆਣੇ ਦੇ ਸੰਗੀਤ ਉਸਤਾਦ ਜਸਵੰਤ ਭੰਵਰਾ ਤੋਂ ਉਸ ਨੇ ਸੰਗੀਤ ਦੀ ਸਿੱਖਿਆ ਲਈ। ਆਪਣੀ ਵੱਡੀ ਭੈਣ ਨਰਿੰਦਰ ਬੀਬਾ ਤੋਂ ਵੀ ਸੰਗੀਤ ਦੀਆਂ ਬਰੀਕੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਹੌਲੀ-ਹੌਲੀ ਘਰ ਦੇ ਗਰੁੱਪ ਵਿੱਚ ਸਾਥ ਦੇਣ ਲੱਗ ਪਿਆ। ਰੇਡੀਓ 'ਤੇ ਉਹ ਸਕੂਲ ਪੜ੍ਹਦੇ ਸਮੇਂ 1960 ਵਿੱਚ ਹੀ ਗਾ ਆਇਆ ਸੀ। ਉਸ ਦੀ ਜ਼ਿਆਦਾਤਰ ਰਿਕਾਰਡਿੰਗ ਨਰਿੰਦਰ ਬੀਬਾ ਨਾਲ ਹੀ ਮਿਲਦੀ ਹੈ। ਦੂਜੀ ਭੈਣ ਸਤਿੰਦਰ ਬੀਬਾ ਨਾਲ ਵੀ ਉਸ ਨੇ ਗਾਇਆ ਹੈ। ਉਸ ਨੇ ਨਰਿੰਦਰ ਬੀਬਾ ਦੇ ਗਰੁੱਪ ਨਾਲ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨ ਤੋਂ ਇਲਾਵਾ ਸਾਊਦੀ ਅਰਬ ਤੇ ਹੋਰ ਬਾਹਰਲੇ ਮੁਲਕਾਂ ਵਿੱਚ ਪ੍ਰੋਗਰਾਮ ਪੇਸ਼ ਕੀਤੇ ਹਨ। 1970 ਵਿੱਚ ਉਸ ਦਾ ਵਿਆਹ ਹਰਕੀਰਤ ਕੌਰ ਨਾਲ ਹੋਇਆ। ਇਨ੍ਹਾਂ ਦੇ ਪੰਜ ਬੱਚੇ ਹਨ। ਅਮੀਰ ਰਾਣਾ ਨੇ ਸਾਕਾ ਸਰਹੰਦ, ਭਗਤ ਰਵੀਦਾਸ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਆਦਿ ਓਪੇਰਿਆਂ ਅਤੇ ਸਾਕਿਆਂ ਵਿੱਚ ਆਪਣੀ ਆਵਾਜ਼ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਉਸ ਦੇ ਨਰਿੰਦਰ ਬੀਬਾ ਨਾਲ ਗਾਏ ਕੁਝ ਦੋਗਾਣਿਆਂ ਦੇ ਮੁਖੜੇ ਇਸ ਪ੍ਰਕਾਰ ਹਨ:

× ਕਾਹਦੀ ਕੱਤੇ ਵਿੱਚ ਆਈ ਮੁਕਲਾਵੇ

× ਨੀਂ ਪਿੰਡ 'ਚ ਦੁਹਾਈ ਮੱਚ ਜਾਏ, ਜਦੋਂ ਮੇਲੇ ਤੋਂ ਪਰਤ ਕੇ ਆਵੇਂ

× ਮੈਨੂੰ ਸਾਲ ਸੋਲ੍ਹਵਾਂ ਚੜ੍ਹਿਆ

× ਰਾਂਝੇ ਮੱਝੀਆਂ ਚਾਰੀਆਂ

ਅੱਜ-ਕੱਲ੍ਹ ਅਮੀਰ ਸਿੰਘ ਲੁਧਿਆਣਾ ਕਚਹਿਰੀਆਂ ਵਿਖੇ ਵਸੀਕਾ-ਨਵੀਸੀ ਕਰਦਾ ਹੈ। ਉਸ ਦਾ ਪੁੱਤ ਰਾਣਾ ਤੇਜਵੀਰ ਸਿੰਘ ਵੀ ਗਾਇਕੀ ਦਾ ਸ਼ੌਕ ਰੱਖਦਾ ਹੈ। ਅਮੀਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਗੀਤਕਾਰ ਵਜੋਂ ਸਨਮਾਨਿਆ ਜਾ ਚੁੱਕਾ ਹੈ ਅਤੇ ਉਸ ਨੂੰ ਚਰਨ ਸਿੰਘ ਸਫ਼ਰੀ ਐਵਾਰਡ ਜਨਵਰੀ 2013 ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਰਣਬੀਰ ਰਾਣਾ:ਰਣਬੀਰ ਰਾਣਾ ਨੂੰ ਬਚਪਨ ਤੋਂ ਹੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਗਾਉਂਦਿਆਂ ਸੁਣ-ਸੁਣ ਕੇ ਗਾਇਕੀ ਦੀ ਲਗਨ ਲੱਗ ਗਈ। ਦੇਸ਼ ਵੰਡ ਤੋਂ ਦੋ ਸਾਲ ਬਾਅਦ ਜਨਮੇ ਰਾਣੇ ਦੀ ਮੁੱਖ ਰੂਪ ਵਿੱਚ ਵੱਡੀ ਭੈਣ ਨਰਿੰਦਰ ਬੀਬਾ ਹੀ ਪ੍ਰੇਰਨਾ ਸਰੋਤ ਬਣੀ। ਉਸ ਨੇ ਓਪੇਰਿਆਂ ਅਤੇ ਸਾਕਿਆਂ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਦਾ ਸਾਥ ਨਿਭਾਇਆ। ਸਾਕਾ ਸਰਹੰਦ, ਸਾਕਾ ਚਮਕੌਰ ਅਤੇ ਸਾਕਾ ਚਾਂਦਨੀ ਚੌਂਕ ਤੋਂ ਇਲਾਵਾ ਏਕਤਾ ਦਾ ਪੁਜਾਰੀ (ਭਗਤ ਰਵੀਦਾਸ) ਹਿੱਸਾ ਪਹਿਲਾ ਤੇ ਦੂਜਾ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਹੀਰ-ਰਾਂਝਾ ਆਦਿ ਵਿੱਚ ਉਸ ਦੀ ਆਵਾਜ਼ ਗੂੰਜਦੀ ਹੈ। ਰਣਬੀਰ ਰਾਣਾ ਨੇ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨ, ਮਲਾਇਆ, ਸਿੰਗਾਪੁਰ ਤੋਂ ਇਲਾਵਾ ਅਰਬ ਦੇਸ਼ਾਂ ਦੇ ਕਈ ਚੱਕਰ ਆਪਣੇ ਗਰੁੱਪ ਨਾਲ ਲਾਏ। ਬਾਅਦ ਵਿੱਚ ਉਹ ਪੱਕੇ ਤੌਰ 'ਤੇ ਪਰਿਵਾਰ ਸਮੇਤ ਕੈਨੇਡਾ ਵਸ ਗਿਆ। ਉਸ ਦੀ ਵਿਰਾਸਤ ਨੂੰ ਅੱਗੇ ਤੋਰ ਰਿਹਾ ਹੈ ਉਸ ਦਾ ਪੁੱਤਰ ਸੁਖਵੀਰ ਰਾਣਾ। ਓਪੇਰਿਆਂ ਅਤੇ ਸਾਕਿਆਂ ਤੋਂ ਇਲਾਵਾ ਰਣਬੀਰ ਰਾਣੇ ਦੀ ਬਹੁਤ ਸਾਰੀ ਰਿਕਾਰਡਿੰਗ ਦੋਗਾਣਿਆਂ ਦੇ ਰੂਪ ਵਿੱਚ ਮਿਲਦੀ ਹੈ, ਜਿਨ੍ਹਾਂ ਵਿੱਚ ਉਸ ਦਾ ਸਾਥ ਨਰਿੰਦਰ ਬੀਬਾ ਨੇ ਨਿਭਾਇਆ ਹੈ।

# ਵਿਧਾਇਕ ਰੰਧਾਵਾ ਨੇ ਕੇਂਦਰ ਸਰਕਾਰ ਦੀ ਅਣਗਹਿਲੀ ਦੇ ਵਿਰੋਧ ਵਿੱਚ ਕੀਤਾ ਪ੍ਰਦਰਸ਼ਨ



**ਡੇਰਾ ਬਸੀ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਝੋਨੇ ਦੀ ਲਿਫਟਿੰਗ ਦੇ ਮੁੱਦੇ 'ਤੇ ਸਿਆਸਤ ਗਰਮਾਈ ਹੋਈ ਹੈ। ਸੂਬਾ ਅਤੇ ਕੇਂਦਰ ਸਰਕਾਰ ਆਹਮੋ-ਸਾਹਮਣੇ ਹਨ। ਇਸੇ ਲੜੀ ਤਹਿਤ ਅੱਜ ਆਮ ਆਦਮੀ ਪਾਰਟੀ (ਆਪ) ਵੱਲੋਂ ਚੰਡੀਗੜ੍ਹ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਜਿਸ ਦੇ ਤਹਿਤ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਆਦਮੀ ਪਾਰਟੀ ਡੇਰਾਬੱਸੀ ਦੀ ਟੀਮ ਨੇ ਪੰਜਾਬ ਦੇ ਕਿਸਾਨਾਂ, ਵਪਾਰੀਆਂ ਅਤੇ ਰਾਈਸ ਮਿੱਲਰਾਂ ਨਾਲ ਇਕਜੁੱਟਤਾ ਦੇ ਪ੍ਰਦਰਸ਼ਨ ਵਿੱਚ ਚੰਡੀਗੜ੍ਹ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਵਿਧਾਇਕ ਰੰਧਾਵਾ ਨੇ ਕਿਹਾ ਕਿ ਇਹ ਰੋਸ ਪ੍ਰਦਰਸ਼ਨ ਪੰਜਾਬ ਵਿੱਚ ਕਿਸਾਨਾਂ, ਵਪਾਰੀਆਂ ਅਤੇ ਚੌਲ ਮਿੱਲਰਾਂ ਨੂੰ ਝੋਨੇ ਦੀ ਸਮੇਂ ਸਿਰ ਖਰੀਦ ਅਤੇ ਲਿਫਟਿੰਗ ਦੇ ਮਾਮਲੇ ਨੂੰ ਲੈ ਕੇ ਦਰਪੇਸ਼ ਚੱਲ ਰਹੇ ਮੁੱਦਿਆਂ ਪ੍ਰਤੀ ਸਰਕਾਰ ਦੀ ਅਣਗਹਿਲੀ ਦਾ ਪ੍ਰਤੀਕਰਮ ਸੀ। ਆਮ ਆਦਮੀ ਪਾਰਟੀ ਇਨ੍ਹਾਂ ਸਮੂਹਾਂ ਦੇ ਹੱਕਾਂ ਲਈ ਸਰਗਰਮੀ ਨਾਲ ਵਕਾਲਤ ਕਰ ਰਹੀ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਭਾਜਪਾ ਦੀ ਕੇਂਦਰ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕਰ ਰਹੀ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਅਸੀਂ ਕੇਂਦਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਝੋਨੇ ਦੀ ਲਿਫਟਿੰਗ ਜਲਦ ਸ਼ੁਰੂ ਕੀਤੀ ਜਾਵੇ ਨਹੀਂ ਤਾਂ ਉਨ੍ਹਾਂ ਨੂੰ ਸੰਘਰਸ਼ ਹੋਰ ਤੇਜ਼ ਕਰਨਾ ਪਵੇਗਾ। ਅਸੀਂ ਕਿਸਾਨਾਂ ਲਈ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਵੇ ਤਾਂ ਵੀ ਪਿੱਛੇ ਨਹੀਂ ਹਟਾਂਗੇ। ਅੱਜ ਚੰਡੀਗੜ੍ਹ ਰੋਸ ਮੁਜ਼ਾਹਰਾ ਕੀਤਾ ਗਿਆ। ਜੇਕਰ ਉਨ੍ਹਾਂ ਨੂੰ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਵਿਧਾਇਕ ਰੰਧਾਵਾ ਦਾ ਕਹਿਣਾ ਹੈ ਕਿ ਜੇਕਰ ਕਿਸਾਨ ਪ੍ਰੇਸ਼ਾਨ ਰਹਿੰਦੇ ਹਨ ਤਾਂ ਸਾਡੇ ਵਿਧਾਇਕ ਬਣਨ ਦਾ ਕੋਈ ਫਾਇਦਾ ਨਹੀਂ। ਜੇਕਰ ਕੇਂਦਰ ਪੈਸੇ ਭੇਜਣ ਦੀ ਗੱਲ ਕਰ ਰਿਹਾ ਹੈ ਤਾਂ ਉਸਨੇ ਪੰਜਾਬ ਸਰਕਾਰ 'ਤੇ ਕਿਸੇ ਨੇ ਕੋਈ ਮਿਹਰ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਨੀਤੀ ਵਿੱਚ ਸਪੱਸ਼ਟ ਹੈ ਕਿ ਨਵੀਂ ਫ਼ਸਲ ਆਉਣ ਤੋਂ ਪਹਿਲਾਂ ਪੁਰਾਣੀ ਫ਼ਸਲ ਦੀ ਚੁਕਾਈ ਕੀਤੀ ਜਾਵੇਗੀ, ਪਰ ਕੇਂਦਰ ਸਰਕਾਰ ਦੀ ਪੰਜਾਬ ਨਾਲ ਬਦਲਾ ਲਊ ਸਿਆਸਤ ਤਹਿਤ ਅਜਿਹਾ ਨਹੀਂ ਹੋਇਆ।

# ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਗੜ੍ਹੀ ਦਾ ਸਨਮਾਨ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 14ਵੀਂ ਵਾਰ ਐਗਜ਼ੈਕਟਿਵ ਮੈਂਬਰ ਬਣੇ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦਾ ਅੰਮ੍ਰਿਤਸਰ ਤੋਂ ਇੱਥੇ ਪਰਤਣ 'ਤੇ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਵੱਖ-ਵੱਖ ਸੰਸਥਾਵਾਂ ਅਤੇ ਆਗੂਆਂ ਨੇ ਸਨਮਾਨ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਸ਼੍ਰੋਮਣੀ ਕਮੇਟੀ ਦੀ ਇਸ ਚੋਣ 'ਚ ਸਿੱਧੀ ਦਖਲਅੰਦਾਜ਼ੀ ਕਰਨ ਦੇ ਦੋਸ਼ ਲਾਏ। ਤਰਕ ਸੀ ਕਿ ਇਸ ਦੌਰਾਨ ਬਾਦਲ ਦਲ ਦੇ ਮੈਂਬਰਾਂ ਨੂੰ ਅਕਾਲੀ ਸੁਧਾਰ ਲਹਿਰ ਦੇ ਹੱਕ 'ਚ ਭੁਗਤਣ ਜਾਂ ਫੇਰ ਬਾਦਲ ਦਲ ਦੀ ਚੋਣ ਮੁਹਿੰਮ 'ਚ ਬਹੁਤੀਆਂ ਸਰਗਰਮੀਆਂ ਨਾ ਕਰਨ ਲਈ 'ਆਪ' ਦੇ ਵਿਧਾਇਕ ਵੀ ਡਰਾਉਂਦੇ ਧਮਕਾਉਂਦੇ ਰਹੇ। ਇਸ ਗੱਲ ਨੂੰ ਹੋਰ ਵੀ ਪੱਕੇ ਪੈਰੀਂ ਕਰਦਿਆਂ ਸੁਰਜੀਤ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਨੂੰ ਖੁਦ ਨੂੰ ਵੀ ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ। ਗੜ੍ਹੀ ਨੇ ਆਖਿਆ ਕਿ ਮੌਕੇ ਦੀਆਂ ਦੋਵੇਂ ਹਕੂਮਤਾਂ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲਅੰਦਾਜ਼ੀ ਜੱਗ ਜ਼ਾਹਿਰ ਹੋ ਗਈ। ਉਨ੍ਹਾਂ ਹੋਰ ਕਿਹਾ ਕਿ ਨਾ ਸਿਰਫ਼ ਧਾਰਮਿਕ ਮਾਮਲਿਆਂ, ਬਲਕਿ ਕੇਂਦਰ ਸਰਕਾਰ ਤਾਂ ਪੰਜਾਬੀਆਂ ਨੂੰ ਹੀ ਵੇਖਣਾ ਨਹੀਂ ਚਾਹੁੰਦੀ ਤੇ ਐਤਕੀਂ ਝੋਨੇ ਦੀ ਖਰੀਦ ਅਤੇ ਲਿਫਟਿੰਗ ਨਾ ਹੋਣ ਦੀ ਕਾਰਵਾਈ ਇਸੇ ਹੀ ਕੜੀ ਦਾ ਹਿੱਸਾ ਹੈ। ਉਪਰੋਂ ਪੰਜਾਬ ਸਰਕਾਰ ਵੀ ਭਗਵੇਂ 'ਚ ਰੰਗਦੀ ਜਾ ਰਹੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮੈਨੇਜਰ ਰਾਜਿੰਦਰ ਸਿੰਘ ਟੌਹੜਾ, ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ, ਸਹਾਇਕ ਹੈੱਡ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ, ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਸਰਜੀਤ ਸਿੰਘ ਕੌਲੀ, ਮੋਤੀ ਬਾਗ ਸਾਹਿਬ ਦੇ ਮੈਨੇਜਰ ਏਪੀਐਸ ਬੇਦੀ, ਮੁੱਖ ਪ੍ਰਬੰਧਕ ਹਰਵਿੰਦਰ ਸਿੰਘ ਕਾਲ਼ਵਾ, ਕਰਹਾਲੀ ਸਾਹਿਬ ਦੇ ਮੈਨੇਜਰ ਧਨਵੰਤ ਸਿੰਘ ਹੁਸੈਨਪੁਰ, ਕੰਵਰ ਬੇਦੀ, ਯੂਥ ਆਗੂ ਸੁਰਿੰਦਰ ਘੁਮਾਣਾ, ਬਲਵਿੰਦਰ ਨੇਪਰਾਂ, ਭੁਪਿੰਦਰ ਸਿੰਘ ਗੋਲੂ ਤੇ ਜਸਦੇਵ ਸਿੰਘ ਜਰੀਕਪੁਰ ਸਮੇਤ ਕਈ ਆਗੂ ਹਾਜ਼ਰ ਸਨ। ਰੁਝੇਵੇਂ ਕਾਰਨ ਹਾਜ਼ਰ ਨਾ ਹੋ ਸਕੇ ਸਨੌਰ ਤੋਂ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ ਤੇ ਸਵਿੰਦਰ ਸਿੰਘ ਸੱਭਰਵਾਲ ਨੇ ਵੀ ਸਵਾਗਤ ਕੀਤਾ।



ਸੁਰਜੀਤ ਸਿੰਘ ਗੜ੍ਹੀ ਦਾ ਸਨਮਾਨ ਕਰਦੇ ਹੋਏ ਕਿਰਪਾਲ ਸਿੰਘ ਬਡੂੰਗਰ ਤੇ ਹੋਰ।

# ਦੀਵਾਲੀ ਮੌਕੇ ਕਿਸਾਨ ਦੁੱਖਾਂ ਦੇ ਦੀਵੇ ਬਾਲਣ ਲਈ ਮਜਬੂਰ: ਉਗਰਾਹਾਂ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਖਰੀਦ ਅਤੇ ਲਿਫਟਿੰਗ ਦੇ ਢੁਕਵੇਂ ਪ੍ਰਬੰਧ ਨਾ ਹੋਣ ਕਰ ਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਪੰਜਾਬ ਭਰ 'ਚ 52 ਥਾਵਾਂ 'ਤੇ ਪੱਕੇ ਮੋਰਚੇ ਜਾਰੀ ਹਨ।

ਇਸੇ ਤਹਿਤ ਪਟਿਆਲਾ ਵਿੱਚ ਭਾਜਪਾ ਆਗੂਆਂ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਨੀਤ ਕੌਰ ਦੀ ਰਿਹਾਇਸ਼ ਮੋਤੀ ਮਹਿਲ ਅੱਗੇ ਜਾਰੀ ਮੋਰਚੇ ਵਿਚ ਅੱਜ ਯੂਨੀਅਨ ਦੇ ਸੂਬਾਈ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸ਼ਿਰਕਤ ਕੀਤੀ। ਉਗਰਾਹਾਂ ਨੇ ਕਿਹਾ ਕਿ ਅੰਨਦਾਤੇ ਖ਼ਿਲਾਫ਼ ਕੇਂਦਰ ਤੇ ਪੰਜਾਬ 'ਤੇ ਆਧਾਰਿਤ ਦੋਵੇਂ ਹਕੂਮਤਾਂ ਇਸ ਤਰ੍ਹਾਂ ਰਲ਼ਗੱਡ ਹੋ ਚੁੱਕੀਆਂ ਹਨ ਕਿ ਦੀਵਾਲੀ ਮੌਕੇ ਵੀ ਕਿਸਾਨਾਂ ਨੂੰ ਦੁੱਖਾਂ ਦੇ ਦੀਵੇ ਜਗਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਮਾਹ ਦੇ ਸਮਾਗਮਾਂ ਦਾ ਐਲਾਨ

## 5 ਨਵੰਬਰ ਨੂੰ ਪਟਿਆਲਾ ਤੋਂ ਹੋਵੇਗੀ ਸ਼ੁਰੂਆਤ, ਸੂਬੇ ਭਰ 'ਚ ਮਹੀਨੇ ਦੌਰਾਨ ਹੋਣਗੇ ਸਮਾਗਮ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ 'ਚ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਅਗਲੇ ਮਹੀਨੇ ਮਨਾਏ ਜਾਣ ਵਾਲੇ ਪੰਜਾਬੀ ਮਾਹ ਨਾਲ ਸਬੰਧਤ ਸਮਾਗਮਾਂ ਦਾ ਐਲਾਨ ਕਰ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਇੰਨ੍ਹਾਂ ਸਮਾਗਮਾਂ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ 5 ਨਵੰਬਰ ਵਿਭਾਗ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਪੰਜਾਬੀ ਮਾਹ ਦਾ ਉਦਘਾਟਨੀ ਸਮਾਰੋਹ ਹੋਵੇਗਾ। ਜਿਸ ਦੌਰਾਨ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਸ. ਹਰਜੋਤ ਸਿੰਘ ਬੈਂਸ ਮੁੱਖ ਮਹਿਮਾਨ ਹੋਣਗੇ। ਇਸ ਮੌਕੇ ਪਿਛਲੇ ਪੰਜਾਬੀ ਭਾਸ਼ਾ ਦੇ 2022,23 ਤੇ 24 ਨਾਲ ਸਬੰਧਤ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ ਵੀ ਪ੍ਰਦਾਨ ਕੀਤੇ ਜਾਣਗੇ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਹੋਣਗੀਆਂ। ਸ. ਜ਼ਫ਼ਰ ਨੇ ਦੱਸਿਆ ਕਿ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਪੰਜਾਬੀ ਮਾਹ ਤਹਿਤ ਹੋਣ ਵਾਲੇ ਸਮਾਗਮਾਂ ਦੌਰਾਨ ਪੰਜਾਬੀ ਭਾਸ਼ਾ ਬਾਰੇ ਗੋਸ਼ਟੀਆਂ, ਰੂਬਰੂ, ਸੈਮੀਨਾਰ, ਕਵੀ ਦਰਬਾਰ, ਨਾਟਕ, ਲੋਕ ਨਾਚ ਤੇ ਸੰਗੀਤਕ ਪੇਸ਼ਕਾਰੀਆਂ ਕਰਵਾਈਆਂ ਜਾਣਗੀਆਂ। ਸੂਬੇ ਦੇ ਵੱਖ-ਵੱਖ ਸਥਾਨਾਂ 'ਤੇ ਹੋਣ ਵਾਲੇ ਸਮਾਗਮਾਂ ਸਬੰਧੀ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ 5 ਨਵੰਬਰ ਫਾਜ਼ਿਲਕਾ ਵਿਖੇ ਨਾਟਕ ਮੰਚਨ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਰੂਬਰੂ ਤੇ ਸਾਹਿਤਕ ਗੋਸ਼ਟੀ, 6 ਨਵੰਬਰ ਨੂੰ ਰੋਪੜ ਵਿਖੇ ਪੰਜਾਬੀ ਭਾਸ਼ਾ ਤੇ ਪ੍ਰਿੰਟ ਮੀਡੀਆ ਬਾਰੇ ਸੈਮੀਨਾਰ, 7 ਨਵੰਬਰ ਨੂੰ ਹੀ ਬਰਨਾਲਾ ਵਿਖੇ ਪੰਜਾਬੀ ਮਿੰਨੀ ਕਹਾਣੀ ਦੇ ਨਿਕਾਸ, ਵਿਕਾਸ ਤੇ ਭਵਿੱਖ ਬਾਰੇ ਗੋਸ਼ਟੀ ਅਤੇ ਕਹਾਣੀ ਦਰਬਾਰ, 8 ਨਵੰਬਰ ਨੂੰ ਮਾਨਸਾ ਵਿਖੇ ਨਾਟਕ ਮੰਚਨ, 11 ਨਵੰਬਰ ਨੂੰ ਫ਼ਿਰੋਜ਼ਪੁਰ ਵਿਖੇ ਪ੍ਰੰਪਰਾਗਤ ਲੋਕ ਗਾਇਕੀ ਬਾਰੇ ਚਰਚਾ ਤੇ ਪੇਸ਼ਕਾਰੀ, 12 ਨਵੰਬਰ ਨੂੰ ਲੁਧਿਆਣਾ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ, 13 ਨਵੰਬਰ ਨੂੰ ਗੁਰਦਾਸਪੁਰ ਵਿਖੇ ਪੰਜਾਬੀ ਭਾਸ਼ਾ ਤੇ ਪੰਜਾਬੀ ਗਾਇਕੀ ਬਾਰੇ ਚਰਚਾ ਤੇ ਪੇਸ਼ਕਾਰੀ, 14 ਨਵੰਬਰ ਨੂੰ ਨਵਾਂ ਸ਼ਹਿਰ ਵਿਖੇ ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਗੋਸ਼ਟੀ, 17 ਨਵੰਬਰ ਨੂੰ ਲੁਧਿਆਣਾ ਵਿਖੇ ਪੰਜਾਬੀ ਭਾਸ਼ਾ ਬਾਰੇ ਵਿਸ਼ੇਸ਼ ਭਾਸ਼ਣ ਤੇ ਕਵੀ ਦਰਬਾਰ, 18 ਤੇ 19 ਨਵੰਬਰ ਨੂੰ ਵਿਭਾਗ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬੀ ਭਾਸ਼ਾ ਬਾਰੇ ਗੋਸ਼ਟੀ, 18 ਨਵੰਬਰ ਨੂੰ ਪਠਾਨਕੋਟ ਵਿਖੇ ਕਵੀ ਦਰਬਾਰ, 19 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਪੰਜਾਬੀ ਨਾਟਕ ਵਿੱਚ ਔਰਤ ਅਦਾਕਾਰਾਂ/ਨਿਰਦੇਸ਼ਕਾਂ ਦੀ ਸ਼ਮੂਲੀਅਤ, ਸੰਭਾਵਨਾਵਾਂ ਤੇ ਚੁਣੌਤੀਆਂ ਬਾਰੇ ਸੈਮੀਨਾਰ, 20 ਨਵੰਬਰ ਨੂੰ ਹੀ ਸੰਗਰੂਰ ਵਿਖੇ ਪੰਜਾਬੀ ਸਾਹਿਤ ਲਈ ਸਹਿਤ ਸਭਾਵਾਂ ਦੇ ਯੋਗਦਾਨ ਬਾਰੇ ਗੋਸ਼ਟੀ, 21 ਨਵੰਬਰ ਨੂੰ ਵਿਭਾਗ ਦੇ ਮੁੱਖ ਦਫਤਰ (ਪਟਿਆਲਾ) ਵਿਖੇ ਰਾਜ ਪੱਧਰੀ ਕਵੀ ਦਰਬਾਰ, 22 ਨਵੰਬਰ ਨੂੰ ਕਪੂਰਥਲਾ ਵਿਖੇ ਬਾਲ ਸਾਹਿਤ ਕੁਇਜ਼ ਮੁਕਾਬਲੇ (ਰਾਜ ਪੱਧਰੀ), 22 ਨਵੰਬਰ ਨੂੰ ਫ਼ਰੀਦਕੋਟ ਵਿਖੇ ਪੰਜਾਬੀ ਸਾਹਿਤਕ ਗਾਇਕੀ ਦੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਬਾਰੇ ਗੋਸ਼ਟੀ, 23 ਤੋਂ 27 ਨਵੰਬਰ ਤੱਕ ਬਠਿੰਡਾ ਵਿਖੇ ਰਾਜ ਪੱਧਰੀ ਨਾਟਕ ਮੇਲਾ, 26 ਨਵੰਬਰ ਨੂੰ ਜਲੰਧਰ ਵਿਖੇ ਪੰਜਾਬੀ ਭਾਸ਼ਾ ਅਤੇ ਵਰਤਮਾਨ ਇਲੈਕਟ੍ਰਾਨਿਕ ਮੀਡੀਆ ਬਾਰੇ ਸੈਮੀਨਾਰ, 27 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਪੰਜਾਬੀ ਨਾਟਕ ਬਾਰੇ ਗੋਸ਼ਟੀ ਤੇ ਵਰਕਸ਼ਾਪ, 28 ਨਵੰਬਰ ਨੂੰ ਮੋਹਾਲੀ ਵਿਖੇ ਪੰਜਾਬੀ ਸਿਨੇਮੇ ਦੀਆਂ ਭਾਸ਼ਾਈ ਤੇ ਸੱਭਿਆਚਾਰਕ ਚੁਣੌਤੀਆਂ, 29 ਨਵੰਬਰ ਨੂੰ ਮੋਗਾ ਵਿਖੇ ਗਜ਼ਲ ਵਰਕਸ਼ਾਪ, 30 ਨਵੰਬਰ ਨੂੰ ਪੰਜਾਬੀ ਮਾਹ ਦਾ ਵਿਦਾਇਗੀ ਸਮਾਗਮ ਮੁੱਖ ਦਫ਼ਤਰ ਪਟਿਆਲਾ ਵਿਖੇ ਹੋਵੇਗਾ। ਵਿਦਾਇਗੀ ਸਮਾਗਮ ਦੌਰਾਨ ਸਰਵੋਤਮ ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾ ਦੇ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ ਅਤੇ ਸਾਹਿਤਕ ਤੇ ਸਭਿਆਚਾਰਕ ਵਿਸ਼ੇਸ਼ ਆਕਰਸ਼ਨ ਹੋਣਗੇ। ਸਮੁੱਚੇ ਸਮਾਗਮਾਂ ਦੌਰਾਨ ਵਿਭਾਗੀ ਪੁਸਤਕਾਂ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ।

# ਦੀਵਾਲੀ ਵਿਦ ਮਾਈ ਭਾਰਤ ਮੁਹਿੰਮ ਤਹਿਤ ਕੱਢੀ ਜਾਗਰੂਕਤਾ ਰੈਲੀ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਇਸ ਦੀਵਾਲੀ ਤੇ ਮਾਈ ਭਾਰਤ ਪੋਰਟਲ ਦੀ ਪਹਿਲੀ ਵਰ੍ਹੇਗੰਢ ਮੌਕੇ ਤੇ ਭਾਰਤ ਸਰਕਾਰ ਦੇ ਯੁਵਾ ਅਤੇ ਖੇਡ ਮੰਤਰਾਲੇ ਦੁਆਰਾ ਮੇਰਾ ਭਾਰਤ ਦੇ ਥੀਮ ਹੇਠ ਤਿੰਨ ਦਿਨਾ ਮੈਗਾ ਇਵੈਂਟਸ ਦੇ ਆਯੋਜਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ, ਪੁਰਾਣੀ ਪੁਲਿਸ ਲਾਈਨ ਪਟਿਆਲਾ ਦੇ ਪ੍ਰਿੰਸੀਪਲ ਸ੍ਰੀਮਤੀ ਮਨਦੀਪ ਕੌਰ , ਯੁਵਕ ਸੇਵਾਵਾਂ ਦੇ ਸਹਾਇਕ ਡਾਇਰੈਕਟਰ ਡਾ. ਦਿਲਵਰ ਸਿੰਘ ,ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਲੈਕਚਰਾਰ ਸ਼੍ਰੀਮਤੀ ਰਾਜਿੰਦਰ ਕੌਰ ਅਤੇ ਜ਼ਿਲ੍ਹਾ ਯੁਵਾ ਅਧਿਕਾਰੀ ਵੀਰ ਦੀਪ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਵਲੰਟੀਅਰਜ਼ ਨੇ ਇਸ ਮੁਹਿੰਮ ਤਹਿਤ ਪ੍ਰਦੂਸ਼ਣ ਰਹਿਤ ਅਤੇ ਹਰੀ ਦੀਵਾਲੀ ਮਨਾਉਣ ਲਈ ਸਮਾਣੀਆ ਮਾਰਕਿਟ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ। ਸਕੂਲ ਦੇ 50 ਤੋਂ ਵੱਧ ਵਲੰਟੀਅਰਜ਼ ਨੇ ਬਜ਼ਾਰਾਂ ਦੀ ਸਫ਼ਾਈ ਅਤੇ ਟਰੈਫ਼ਿਕ ਪ੍ਰਬੰਧਨ ਪ੍ਰਤੀ ਵੀ ਲੋਕਾਂ ਨੂੰ ਜਾਗਰੂਕ ਕੀਤਾ।

ਇਸ ਮੌਕੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸ਼੍ਰੀਮਤੀ ਮਨਦੀਪ ਕੌਰ ਨੇਨ ਵਲੰਟੀਅਰਜ਼ ਨੂੰ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

ਡਾਕਟਰ ਦਿਲਵਰ ਸਿੰਘ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਨੇ ਵਿਦਿਆਰਥੀਆਂ ਨੂੰ ਹਰਿ ਦੀਵਾਲੀ ਮਨਾਉਣ ਦੇ ਮੰਤਵ ਨੂੰ ਘਰ ਘਰ ਲੈ ਕੇ ਜਾਣ ਹਿਤ ਉਤਸਾਹਿਤ ਕੀਤਾ। ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਜ਼ਿਲ੍ਹਾ ਯੂਥ ਅਫ਼ਸਰ ਵੀਰ ਦੀਪ ਕੌਰ ਨੇ ਵਲੰਟੀਅਰਜ਼ ਨੂੰ ਭਾਰਤ ਸਰਕਾਰ ਵੱਲੋਂ ਮਨਾਈ ਜਾਣ ਵਾਲੀ ਹਰੀ ਦੀਵਾਲੀ ਅਤੇ ਮਾਈ ਭਾਰਤ ਪੋਰਟਲ ਹਿਤ ਜਾਗਰੂਕ ਕੀਤਾ। ਇਸ ਮੌਕੇ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਵਲੰਟੀਅਰਜ਼ ਮਲਕੀਤ ਸਿੰਘ ਰਣਬੀਰ ਕੌਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੋਸ਼ਲ ਵਰਕ ਵਿਭਾਗ ਦੇ ਮਨੀਸ਼ ਕੁਮਾਰ, ਹਰਮਨ ਕੌਰ ਅਤੇ ਮੰਡੀਸਾ ਜਖਾਲੀ ਅਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਰਿਹਾ।

# 1984 'ਚ ਹੋਈ ਸਿੱਖ ਨਸਲਕੁਸ਼ੀ ਨੂੰ ਮੰਨਣ ਅਤੇ ਉਸ ਦੀ ਜਵਾਬਦੇਹੀ ਲਈ US ਸੰਸਦ 'ਚ ਮਤਾ ਪੇਸ਼ ਕੀਤਾ

ਵਾਸ਼ਿੰਗਟਨ: ਅਮਰੀਕੀ ਸੰਸਦ ਦੀ ਸਿੱਖ ਮਾਮਲਿਆਂ ਬਾਰੇ ਕਮੇਟੀ ਦੇ ਉਪ-ਚੇਅਰਮੈਨਾਂ ਸਮੇਤ ਚਾਰ MPs ਨੇ 1984 ਦੇ ਸਿੱਖ ਨਸਲਕੁਸ਼ੀ ਨੂੰ ਮੰਨਣ ਤੇ ਉਸ ਦੀ ਜਵਾਬਦੇਹੀ ਤੈਅ ਕਰਨ ਬਾਰੇ ਸਦਨ 'ਚ ਇੱਕ ਮਤਾ ਪੇਸ਼ ਕੀਤਾ ਹੈ। ਸਿੱਖ ਮਾਮਲਿਆਂ ਬਾਰੇ ਸੰਸਦੀ ਕਮੇਟੀ ਦੇ ਉਪ-ਚੇਅਰਮੈਨ ਡੇਵਿਡ ਵਲਾਡਾਓ ਨੇ ਕਿਹਾ ਹੈ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਬਹੁਤ ਸਾਰੇ ਸਿੱਖਾਂ ਨੂੰ ਸਿਰਫ਼ ਉਨ੍ਹਾਂ ਦੇ ਧਾਰਮਕ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਗਿਆ ਅਤੇ 1984 'ਚ ਉਨ੍ਹਾਂ ਦਾ ਨਸਲਕੁਸ਼ੀ ਕੀਤਾ ਗਿਆ।

ਡੇਵਿਡ ਵਲਾਡਾਓ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਸਿੱਖ ਕੌਮ ਨਾਲ ਖੜ੍ਹੇ ਹਨ ਅਤੇ ਇਹੋ ਮੰਗ ਕਰ ਰਹੇ ਹਨ ਕਿ ਇਸ ਤੱਥ ਨੂੰ ਮਾਨਤਾ ਦਿਤੀ ਜਾਵੇ ਅਤੇ ਇਤਿਹਾਸ ਦੀ ਇਸ ਡਰਾਉਣੀ ਘਟਨਾ ਦੀ ਜਵਾਬਦੇਹੀ ਵੀ ਤੈਅ ਕੀਤੀ ਜਾਵੇ। ਇਹ ਮਤਾ ਭਾਵੇਂ ਛੋਟਾ ਹੈ, ਪਰ ਇਹ ਇਸ ਦੁਖਾਂਤ ਨੂੰ ਚੇਤੇ ਕਰਨ ਅਤੇ ਉਨ੍ਹਾਂ ਨਿਰਦੋਸ਼ ਪੀੜਤਾਂ ਦਾ ਮਾਣ-ਤਾਣ ਕਰਨ ਵਲ ਇੱਕ ਅਹਿਮ ਕਦਮ ਹੈ ਜਿਨ੍ਹਾਂ ਨੂੰ ਸਿਰਫ਼ ਅਪਣੇ ਧਰਮ ਕਾਰਨ ਅਪਣੀਆਂ ਜਾਨਾਂ ਗੁਆਉਣੀਆਂ ਪਈਆਂ ਸਨ।



ਸਿੱਖ ਮਾਮਲਿਆਂ ਬਾਰੇ ਸੰਸਦੀ ਕਮੇਟੀ ਦੇ ਉਪ-ਚੇਅਰਮੈਨ ਜਿਮ ਕੌਸਟਾ ਨੇ ਕਿਹਾ, "ਹੁਣ ਜਦੋਂ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ, ਅਤੇ ਅਸੀਂ ਇਤਿਹਾਸ ਦੇ ਇੱਕ ਅਜਿਹੇ ਕਾਲੇ ਅਧਿਆਇ ਨੂੰ ਚੇਤੇ ਕਰ ਰਹੇ ਹਾਂ ਜਿਸ ਕਾਰਨ ਸਿੱਖ ਪਰਿਵਾਰਾਂ ਨੂੰ ਵੱਡੇ ਦੁੱਖ ਝਲਣੇ ਪਏ। ਇਸ ਮਤੇ ਨੂੰ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮੈਰਿਕਨ ਸਿੱਖ ਕੌਕਸ ਕਮੇਟੀ, ਇਨਸਾਫ਼, ਜੈਕਾਰਾ ਮੂਵਮੈਂਟ, ਸਿੱਖ ਅਮੈਰਿਕਨ ਲੀਗਲ ਡੀਫ਼ੈਂਸ ਐਂਡ ਐਜੂਕੇਸ਼ਨ ਫ਼ੰਡ, ਸਿੱਖ ਕੋਐਲੀਸ਼ਨ, ਸਿੱਖ ਕੋਔਰਡੀਨੇਸ਼ਨ ਕਮੇਟੀ ਈਸਟ ਕੋਸਟ ਤੇ ਯੂਨਾਈਟਿਡ ਸਿਖਜ਼ ਦੀ ਹਮਾਇਤ ਹਾਸਿਲ ਹੈ। ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਗੁਰਦੇਵ ਸਿੰਘ ਨੇ ਕਿਹਾ ਕਿ ਇਹ ਮਤਾ ਇਨਸਾਫ਼ ਤੇ ਸਚਾਈ ਲਈ ਸਾਡੀ ਭਾਲ 'ਚ ਇੱਕ ਅਹਿਮ ਪਲ ਹੈ। ਸਾਲ 1984 ਦੌਰਾਨ ਪੰਜਾਬ ਸਮੇਤ ਸਮੁਚੇ ਭਾਰਤ 'ਚ ਹੋਏ ਸਿੱਖ ਕਤਲੇਆਮ ਦੌਰਾਨ ਜੋ ਵੀ ਵਧੀਕੀਆਂ ਹੋਈਆਂ, ਉਨ੍ਹਾਂ ਨੂੰ ਮਾਨਤਾ ਜ਼ਰੂਰ ਮਿਲਣੀ ਚਾਹੀਦੀ ਹੈ। ਅਮੈਰੀਕਨ ਸਿੱਖ ਕੌਕਸ ਕਮੇਟੀ ਦੇ ਬਾਨੀ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇਨਸਾਫ਼ ਅਤੇ ਮਾਨਤਾ ਨਾਲ ਸਬੰਧਤ ਇਹ ਮਤਾ ਇੱਕ ਅਜਿਹਾ ਮੋੜ ਹੈ ਜਿਸ ਦੀ ਭਾਲ ਤੇ ਮੰਗ ਪਿਛਲੇ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ।

# ਚੀਨ 'ਚ ਹਜ਼ਾਰਾਂ ਕਿੰਡਰਗਾਰਟਨ ਹੋਏ ਬੰਦ



ਬੀਜਿੰਗ: ਚੀਨ 'ਚ ਜਨਸੰਖਿਆ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਜਨਮ ਦਰ 'ਚ ਗਿਰਾਵਟ ਅਤੇ ਬੱਚਿਆਂ ਦੇ ਦਾਖਲੇ 'ਚ ਗਿਰਾਵਟ ਦੇ ਮੱਦੇਨਜ਼ਰ ਹਜ਼ਾਰਾਂ ਮਸ਼ਹੂਰ ਕਿੰਡਰਗਾਰਟਨ ਬੰਦ ਕਰ ਦਿੱਤੇ ਗਏ ਹਨ। ਇਹ ਜਾਣਕਾਰੀ ਇੱਕ ਅਧਿਕਾਰਿਤ ਰਿਪੋਰਟ 'ਚ ਦਿੱਤੀ ਗਈ ਹੈ। ਚੀਨ ਦੇ ਸਿੱਖਿਆ ਮੰਤਰਾਲੇ ਦੀ ਸਾਲਾਨਾ ਰਿਪੋਰਟ ਦੇ ਅਨੁਸਾਰ 2023 'ਚ ਕਿੰਡਰਗਾਰਟਨਾਂ ਦੀ ਗਿਣਤੀ 14 ਹਜ਼ਾਰ 808 ਘੱਟ ਕੇ ਦੋ ਲੱਖ 74 ਹਜ਼ਾਰ 400 ਹੋ ਗਈ ਹੈ। ਚੀਨ ਦੀ ਘਟਦੀ ਜਨਮ ਦਰ ਦਾ ਤਾਜ਼ਾ ਸੂਚਕ ਲਗਾਤਾਰ ਦੂਜੀ ਸਾਲਾਨਾ ਗਿਰਾਵਟ ਨੂੰ ਦਰਸਾਉਂਦਾ ਹੈ।

ਹੌਂਗ ਕੌਂਗ ਸਥਿਤ ਸਾਊਥ ਚਾਈਨਾ ਮੌਰਨਿੰਗ ਪੋਸਟ ਨੇ ਮੰਤਰਾਲੇ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਕਿੰਡਰਗਾਰਟਨ 'ਚ ਦਾਖਲਾ ਲੈਣ ਵਾਲੇ ਬੱਚਿਆਂ ਦੀ ਗਿਣਤੀ 'ਚ ਲਗਾਤਾਰ ਤੀਜੇ ਸਾਲ ਗਿਰਾਵਟ ਆਈ ਹੈ। ਖ਼ਬਰਾਂ ਮੁਤਾਬਿਕ ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 11.55 ਫ਼ੀਸਦੀ ਜਾਂ 53.5 ਲੱਖ ਘੱਟ ਕੇ 4.09 ਕਰੋੜ 'ਤੇ ਆ ਗਈ ਹੈ। ਪ੍ਰਾਇਮਰੀ ਸਕੂਲਾਂ ਦੀ ਗਿਣਤੀ ਵੀ 2023 'ਚ 5,645 ਘੱਟ ਕੇ ਇੱਕ ਲੱਖ 43 ਹਜ਼ਾਰ 500 ਰਹਿ ਗਈ ਹੈ ਜੋ ਕਿ 3.8 ਪ੍ਰਤੀਸ਼ਤ ਦੀ ਗਿਰਾਵਟ ਹੈ। ਸਾਊਥ ਚਾਈਨਾ ਮੌਰਨਿੰਗ ਪੋਸਟ ਨੇ ਰਿਪੋਰਟ ਦਿੱਤੀ ਕਿ ਇਹ ਗਿਰਾਵਟ ਚੀਨ 'ਚ ਵਿਆਪਕ ਜਨਸੰਖਿਆ ਤਬਦੀਲੀਆਂ ਨੂੰ ਦਰਸਾਉਂਦੀ ਹੈ ਜਿੱਥੇ ਜਨਮ ਦਰ ਅਤੇ ਕੁੱਲ ਆਬਾਦੀ ਦੋਵਾਂ 'ਚ ਗਿਰਾਵਟ ਜਾਰੀ ਹੈ। ਇਸ 'ਚ ਕਿਹਾ ਗਿਆ ਹੈ ਕਿ ਇਸ ਨਾਲ ਭਵਿੱਖ ਦੇ ਆਰਥਿਕ ਵਿਕਾਸ ਲਈ ਗੰਭੀਰ ਖ਼ਤਰਾ ਹੈ, ਜੋ ਪਹਿਲਾਂ ਹੀ ਸੁਸਤ ਹੋ ਰਿਹਾ ਹੈ। ਪਿਛਲੇ ਸਾਲ, ਚੀਨ ਦੀ ਆਬਾਦੀ ਲਗਾਤਾਰ ਦੂਜੇ ਸਾਲ ਘੱਟ ਕੇ 1.4 ਬਿਲੀਅਨ ਹੋ ਗਈ ਜੋ ਕਿ ਦੋ ਮਿਲੀਅਨ ਤੋਂ ਵੱਧ ਦੀ ਗਿਰਾਵਟ ਹੈ।

ਚੀਨ 'ਚ 2023 'ਚ ਸਿਰਫ਼ ਨੌਂ ਮਿਲੀਅਨ ਬੱਚੇ ਪੈਦਾ ਹੋਏ ਸਨ ਜੋ ਕਿ 1949 'ਚ ਰਿਕਾਰਡ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਘੱਟ ਅੰਕੜਾ ਹੈ। ਜਨਮ ਦਰ 'ਚ ਗਿਰਾਵਟ ਦੇ ਨਤੀਜੇ ਵਜੋਂ ਚੀਨ ਨੇ ਪਿਛਲੇ ਸਾਲ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਦਾ ਦਰਜਾ ਗੁਆ ਦਿੱਤਾ ਹੈ। ਹੁਣ ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ।

ਸਮਾਚਾਰ ਏਜੰਸੀ ਸਿਨਹੂਆ ਦੇ ਅਨੁਸਾਰ ਚੀਨ ਦੀ 60 ਸਾਲ ਜਾਂ ਇਸ ਤੋਂ ਵੱਧ ਉਮਰ ਦੀ ਆਬਾਦੀ 2023 ਦੇ ਅੰਤ ਤਕ 300 ਮਿਲੀਅਨ ਤਕ ਪਹੁੰਚਣ ਦੀ ਉਮੀਦ ਹੈ। ਇਹ ਗਿਣਤੀ 2035 ਤਕ 40 ਕਰੋੜ ਤੋਂ ਵੱਧ ਜਾਵੇਗੀ ਅਤੇ 2050 ਤਕ 50 ਕਰੋੜ ਤਕ ਪਹੁੰਚ ਜਾਵੇਗੀ।

# ਹੁਣ ਅੰਮ੍ਰਿਤਪਾਲ ਦੇ ਸਾਥੀ ਸਣੇ ਚਾਰ ਵਿਅਕਤੀ ਹਥਿਆਰਾਂ ਨਾਲ ਗ੍ਰਿਫ਼ਤਾਰ ਕਰਨ ਦਾ ਦਾਅਵਾ

ਜਲੰਧਰ: ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲੀਸ ਨੇ ਇੱਕ ਵੱਡੀ ਸਫ਼ਲਤਾ ਹਾਸਿਲ ਕਰਨ ਦਾ ਦਾਅਵਾ ਕੀਤਾ ਹੈ। ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ ਅਤੇ ਹੋਰ ਦੇ ਦੋਸ਼ 'ਚ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ PSO ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਵੇਰਵਿਆਂ ਦਾ ਖ਼ੁਲਾਸਾ ਕਰਦਿਆਂ ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਇਹ ਰੈਕੇਟ ਸੂਬੇ 'ਚ ਸਰਗਰਮ ਸੀ ਅਤੇ ਸੂਬੇ 'ਚ ਅਮਨ-ਕਾਨੂੰਨ ਨੂੰ ਵਿਗਾੜਨ ਲਈ ਇੱਕ ਵੱਡੀ ਕਾਰਵਾਈ ਦੀ ਯੋਜਨਾ ਬਣਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਚਾਰ ਵਿਅਕਤੀਆਂ ਦੀ ਪਛਾਣ ਲਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਹੈਬੋਵਾਲ, ਥਾਣਾ ਗੜ੍ਹਸ਼ੰਕਰ, ਹੁਸ਼ਿਆਰਪੁਰ, ਗੁਰਭੇਜ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਗੁਦਾਰਾ, ਥਾਣਾ ਬਾਜਾਖ਼ਾਨਾ, ਫ਼ਿਰੋਜ਼ਪੁਰ ਸਤਿੰਦਰ ਸਿੰਘ (ਉਰਫ਼ ਕਾਲਾ) ਹਰਦੇਵ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਪਿੰਡ ਪਲਾਹੀ, ਪੀ.ਐੱਸ. ਮੇਹਟੀਆਣਾ, ਹੁਸ਼ਿਆਰਪੁਰ ਅਤੇ ਭਰਤ (ਉਰਫ਼ ਭਾਊ) ਪੁੱਤਰ ਮੁਖਤਿਆਰ ਵਾਸੀ ਵਾਰਡ ਨੰਬਰ ਬਰਾਰ ਮੁਹੱਲਾ ਪੱਟੀ, ਤਰਨਤਾਰਨ ਵਜੋਂ ਹੋਈ ਹੈ।



ਸਵਪਨ ਸ਼ਰਮਾ ਨੇ ਦੱਸਿਆ ਕਿ ਹਰਸ਼ਦੀਪ ਸਿੰਘ ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਲਖਵਿੰਦਰ ਸਿੰਘ, ਜਿਸ ਦੇ ਖ਼ਿਲਾਫ਼ ਕਈ ਅਪਰਾਧਕ ਕੇਸ ਦਰਜ ਹਨ, ਨਾਲ ਜਾਣੂ ਸੀ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਲਖਵਿੰਦਰ ਸਿੰਘ ਹਰਸ਼ਦੀਪ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਦਾ ਸੀ ਜੋ ਕਿ ਗ਼ੈਰ-ਕਾਨੂੰਨੀ ਹਥਿਆਰਾਂ ਦੇ ਵਪਾਰ 'ਚ ਵੀ ਸ਼ਾਮਿਲ ਸੀ ਜੋ ਕਿ ਉਸ ਨੇ ਅੰਮ੍ਰਿਤਪਾਲ ਸਿੰਘ (ਵਾਰਿਸ ਪੰਜਾਬ ਦੇ ਜਥੇਬੰਦੀ) ਦੇ ਨਜ਼ਦੀਕੀ ਸਾਥੀ ਗੁਰਭੇਜ ਸਿੰਘ ਤੋਂ ਪ੍ਰਾਪਤ ਕੀਤਾ ਸੀ। ਉਨ੍ਹਾਂ ਦੱਸਿਆ ਕਿ ਗੁਰਭੇਜ ਸਿੰਘ ਇਸ ਤੋਂ ਪਹਿਲਾਂ ਅੰਮ੍ਰਿਤਪਾਲ ਕੇਸ ਅਤੇ ਅਜਨਾਲਾ ਪੁਲੀਸ ਸਟੇਸ਼ਨ ਹਮਲੇ ਦੇ ਕੇਸ 'ਚ ਕਪੂਰਥਲਾ ਜੇਲ੍ਹ 'ਚ ਸੀ ਜਿੱਥੇ ਉਸ ਦੀ ਮੁਲਾਕਾਤ ਲਖਵਿੰਦਰ ਸਿੰਘ (ਉਰਫ਼ ਲੱਖੀ) ਨਾਲ ਹੋਈ ਜੋ ਪਹਿਲਾਂ ਹੀ ਇੱਕ ਕਤਲ ਕੇਸ 'ਚ ਜੇਲ੍ਹ 'ਚ ਸੀ।

ਸਵਪਨ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਬਾਅਦ 'ਚ ਰਾਜ ਦੇ ਵੱਖ-ਵੱਖ ਹਿੱਸਿਆਂ 'ਚ ਹਥਿਆਰ, ਗੋਲਾ ਬਾਰੂਦ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਵਿੱਚਕਾਰ ਫ਼ੋਨ ਕਾਲਾਂ ਅਤੇ ਸੁਨੇਹੇ ਤੋ ਇਹ ਸਬੂਤ ਮਿਲੇ ਹਨ ਕਿ ਉਹ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ।

# ਵਾਲਮਾਰਟ ਦੇ ਅਵਨ 'ਚ ਝੁਲਸ ਕੇ ਮਰੀ ਪੰਜਾਬਣ ਦੇ ਪਰਿਵਾਰ ਦੀ ਮਦਦ ਲਈ ਅੱਗੇ ਆਏ ਲੋਕ

ਵੈਨਕੂਵਰ: ਹਫ਼ਤਾ ਪਹਿਲਾਂ ਕੈਨੇਡਾ ਦੇ ਪੂਰਬ ਤੱਟੀ ਸੂਬੇ ਨੋਵਾ ਸਕੋਸ਼ੀਆ ਦੇ ਸੈਲਾਨੀ ਸ਼ਹਿਰ ਹੈਲੀਫ਼ੈਕਸ ਸਥਿਤ ਇੱਕ ਵਾਲਮਾਰਟ ਸਟੋਰ 'ਚ ਕੰਮ ਕਰਦੀ 19 ਸਾਲਾ ਗੁਰਸਿਮਰਨ ਕੌਰ ਦੀ ਭੇਤ-ਭਰੀ ਹਾਲਤ 'ਚ ਬੇਕਰੀ ਦੇ ਇੱਕ ਓਵਨ 'ਚ ਝੁਲਸਣ ਮਗਰੋਂ ਮੌਤ ਹੋ ਗਈ ਸੀ। ਗੁਰਦੁਆਰਾ ਸਭਾ ਨੇ ਗੋ ਫ਼ੰਡ ਮੀ ਰਾਹੀਂ ਲੋਕਾਂ ਤੋਂ ਪੀੜਤ ਪਰਿਵਾਰ ਦੀ ਮਦਦ ਕਰਨ ਦੀ ਅਪੀਲ ਕੀਤੀ ਸੀ ਜਿਸ ਤਹਿਤ 10 ਘੰਟਿਆਂ 'ਚ ਇੱਕ ਲੱਖ 95 ਹਜ਼ਾਰ 949 ਡਾਲਰ (ਤਕਰੀਬਨ ਸਵਾ ਕਰੋੜ ਰੁਪਏ) ਇਕੱਠੇ ਹੋ ਚੁੱਕੇ ਹਨ। ਰਕਮ ਉਮੀਦ ਤੋਂ ਚਾਰ ਗੁਣਾ ਵੱਧ ਹੋਣ ਕਾਰਨ ਪ੍ਰਬੰਧਕਾਂ ਨੂੰ ਫ਼ੰਡ ਰੋਕਣਾ ਪਿਆ। ਮੈਰੀਟਾਈਮ ਸਿੱਖ ਸਭਾ ਵਲੋਂ ਫ਼ੰਡ ਚੋਂ ਮ੍ਰਿਤਕ ਦੀਆਂ ਅੰਤਿਮ ਰਸਮਾਂ ਦਾ ਖ਼ਰਚਾ ਕੱਢ ਕੇ ਬਾਕੀ ਰਕਮ ਮਾਪਿਆਂ ਨੂੰ ਸੌਂਪੀ ਜਾਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਸਿਮਰਨ ਕੌਰ ਤਿੰਨ ਸਾਲ ਪਹਿਲਾਂ ਆਪਣੀ ਮਾਂ ਅਤੇ ਭਰਾ ਸਣੇ ਸਟੱਡੀ ਵੀਜ਼ੇ 'ਤੇ ਕੈਨੇਡਾ ਆਈ ਸੀ ਅਤੇ ਦੋ ਸਾਲ ਤੋਂ ਵਾਲਮਾਰਟ ਸਟੋਰ 'ਚ ਵੀਕਐਂਡਜ਼ 'ਤੇ ਕੰਮ ਕਰਦੀ ਸੀ। ਬੀਤੀ 19 ਅਕਤੂਬਰ ਦੀ ਰਾਤ ਸਟੋਰ ਦੇ ਪੋਰਟੇਬਲ ਬੌਕਸ ਅਵਨ 'ਚ ਭੇਤਭਰੀ ਹਾਲਤ 'ਚ ਝੁਲਸਣ ਮਗਰੋਂ ਉਸ ਦੀ ਮੌਤ ਹੋ ਗਈ। ਹਫ਼ਤੇ ਮਗਰੋਂ ਵੀ ਪੁਲੀਸ ਨੇ ਘਟਨਾ ਸਬੰਧੀ ਚੁੱਪ ਵੱਟੀ ਹੋਈ ਹੈ ਜਦਕਿ ਡਾਕਟਰੀ ਟੀਮ ਮੌਤ ਦੇ ਕਾਰਨ ਸਬੰਧੀ ਉਡੀਕ ਕਰਨ ਦਾ ਕਹਿ ਕੇ ਟਾਲ ਰਹੀ ਹੈ।

# ਸਟਰੋਕ ਬਿਮਾਰੀ ਦਾ ਜਲਦੀ ਇਲਾਜ ਸ਼ੁਰੂ ਕਰਕੇ ਸਟਰੋਕ ਨਾਲ ਹੋਣ ਵਾਲੀ ਅਪੰਗਤਾ ਤੋਂ ਬਚਿਆ ਜਾ ਸਕਦਾ ਹੈ :ਸਿਵਲ ਸਰਜਨ ਡਾ.ਜਤਿੰਦਰ ਕਾਂਸਲ

**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸਿਹਤ ਵਿਭਾਗ ਵੱਲੋਂ ਸਟਰੋਕ ਬਿਮਾਰੀ ਦੀ ਜਾਗਰੂਕਤਾ ਅਤੇ ਜਲਦੀ ਇਲਾਜ ਸਬੰਧੀ ਥੀਮ Greater than stroke Active ChaLLenge ਤਹਿਤ ਸਿਵਲ ਸਰਜਨ ਪਟਿਆਲਾ ਡਾ. ਜਤਿੰਦਰ ਕਾਂਸਲ ਦੇ ਹੁਕਮਾਂ ਤਹਿਤ ਸੀ.ਐਚ.ਸੀ ਮਾਡਲ ਟਾਊਨ ਵਿਖੇ ਵਿਸ਼ਵ ਸਟਰੋਕ ਦਿਵਸ ਦਾ ਆਯੋਜਨ ਕੀਤਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਲਵਕੇਸ਼ ਕੁਮਾਰ ਨੇ ਬੋਲਦਿਆ ਕਿਹਾ ਸਟਰੋਕ ਇੱਕ ਐਮਜੈਂਸੀ ਹੈ ਇਸ ਲਈ ਪਹਿਲੇ ਚਾਰ ਘੰਟੇ ਬਹੁਤ ਮਹੱਤਵਪੂਰਨ ਹਨ ।ਵੱਧਦੀ ਬਲੱਡ ਸੂਗਰ,ਵੱਧਦਾ ਬਲੱਡ ਪ੍ਰੈਸ਼ਰ ਅਤੇ ਸਿਗਰਟਨੋਸ਼ੀ ਇਸਦੇ ਮੁੱਖ ਕਾਰਨ ਹਨ । ਇਸ ਲਈ ਇਨ੍ਹਾਂ ਮਰੀਜਾ ਦੀ ਪਛਾਣ ਕਰਨ ਲਈ ਜਲਦੀ ਕੰਮ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ।ਕੋਰੋਨਰੀ ਆਰਟਰੀ ਦੀ ਬੀਮਾਰੀ ਤੋਂ ਬਾਅਦ ਬ੍ਰੇਨ ਸਟਰੋਕ ਦੁਨੀਆਂ ਭਰ ਵਿੱਚ ਮੌਤ ਦਾ ਦੂਜਾ ਕਾਰਨ ਹੈ।ਜੀਵਨ ਸ਼ੈਲੀ ਵਿੱਚ ਆਏ ਬਦਲਾਅ ਕਾਰਨ 30 ਸਾਲ ਦੇ ਨੌਜਵਾਨ ਵੀ ਇਸਦਾ ਸ਼ਿਕਾਰ ਹੋ ਰਹੇ ਹਨ।ਸਟਰੋਕ ਦਿਵਸ ਮਨਾਉਣ ਦਾ ਮੁੱਖ ਕਾਰਣ ਬਿਮਾਰੀ ਦੇ ਵਧਦੇ ਹੋਏ ਮਰੀਜਾਂ ਅਤੇ ਇਸ ਦੇ ਸ਼ਰੀਰ ਨੂੰ ਹੋਣ ਵਾਲੇ ਨੁਕਸਾਨਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ।


ਮੈਡੀਕਲ ਅਫਸਰ ਜਾਗਰੂਕਤਾ ਕੈਂਪ ਦੌਰਾਨ ਸੰਬੋਧਨ ਕਰਨ ਸਮੇਂ ।

ਉਹਨਾਂ ਕਿਹਾ ਕਿ ਸਟਰੋਕ ਜਿਸ ਨੂੰ ਆਮ ਭਾਸ਼ਾ ਵਿਚ ਲਕਵਾ ਜਾਂ ਅਧਰੰਗ ਕਿਹਾ ਜਾਂਦਾ ਹੈ, ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦਾ ਹੈ ।ਇਸ ਨਾਲ ਮਰੀਜ ਨੂੰ ਸ਼ਰੀਰ ਦੇ ਕਿਸੇ ਵੀ ਅੰਗ ਦੀ ਅਪੰਗਤਾ ਅਤੇ ਬਿਮਾਰੀ ਦੀ ਗੰਭੀਰਤਾ ਕਾਰਨ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ।ਇਸ ਲਈ ਇਸ ਬਿਮਾਰੀ ਦਾ ਸਮੇਂ ਸਿਰ ਇਲਾਜ ਕਰਨਾ ਸ਼ੁਰੂ ਕਰਨਾ ਜਰੂਰੀ ਹੈ।

ਉਹਨਾਂ ਕਿਹਾ ਕਿ ਸਟਰੋਕ ਦਿਮਾਗ ਦੀਆਂ ਕੋਸ਼ਿਕਾਵਾਂ ਵਿਚ ਖੂਨ ਦਾ ਸਹੀ ਮਾਤਰਾ ਵਿਚ ਸਰਕੂਲੇਸ਼ਨ ਨਾ ਹੋਣ ਕਾਰਣ ਹੁੰਦਾ ਹੈ ਜਦੋਂ ਇਹਨਾਂ ਕੋਸ਼ਿਕਾਂਵਾ ਨੂੰ ਪੂਰੀ ਮਾਤਰਾ ਵਿਚ ਆਕਸੀਜਨ ਅਤੇ ਖੁਰਾਕ ਮਿਲਣੀ ਬੰਦ ਹੋ ਜਾਂਦਾ ਹੈ ਤਾਂ ਵਿਅਕਤੀ ਸਟਰੋਕ ਦਾ ਸ਼ਿਕਾਰ ਹੋ ਜਾਂਦਾ ਹੈ ਉਹਨਾਂ ਕਿਹਾ ਕਿ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਚ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਸਟਰੋਕ ਦੇ ਮਰੀਜਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਪ੍ਰੋਗਰਾਮ ਦੇ ਨੋਡਲ ਅਫਸਰ ਕਮ ਜਿਲ੍ਹਾ ਸਹਾਇਕ ਅਫਸਰਾਂ ਡਾ. ਐਸ.ਜੇ. ਸਿੰਘ ਨੇ ਬਿਮਾਰੀ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਮਰੀਜ਼ ਦਾ ਮੂੰਹ ਟੇਡਾ ਹੋ ਜਾਣਾ, ਹੱਥ ਪੈਰ ਬੇਜਾਨ ਹੋਣਾ, ਜੁਬਾਨ ਲੜਖੜਾਉਣ ਲਗਣਾ,ਆਵਾਜ਼ ਪੂਰੀ ਤਰਾਂ ਬੰਦ ਹੋਣਾ ਸਟਰੋਕ ਦੀਆਂ ਨਿਸ਼ਾਨੀਆਂ ਹਨ।ਉਹਨਾਂ ਕਿਹਾ ਕਿ ਅਜਿਹੀ ਹਾਲਤ ਵਿਚ ਮਰੀਜ ਨੂੰ ਜਲਦ ਤੋਂ ਜਲਦ ਹਸਪਤਾਲ ਲਿਜਾਣ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਕਿਸੇ ਵੀ ਅੰਗ ਦੀ ਅਪੰਗਤਾ ਤੋਂ ਬੱਚਿਆ ਜਾ ਸਕੇ। ਮੈਡੀਸਨ ਦੇ ਮਾਹਿਰ ਡਾ. ਨਿਧੀ ਸ਼ਰਮਾ ਨੇ ਦੱਸਿਆ ਕਿ ਬੱਲਡਪ੍ਰੈਸ਼ਰ ਨੂੰ ਕਾਬੂ ਵਿਚ ਰੱਖ ਕੇ ,ਬੀ.ਪੀ. ਦੀ ਨਿਯਮਿਤ ਜਾਂਚ ਕਰਵਾ ਕੇ, ਨਸ਼ੀਲੇ ਅਤੇ ਤੰਬਾਕੂ ਯੁਕਤ ਪਦਾਰਥਾਂ ਦੇ ਸੇਵਨ ਤੋਂ ਬੱਚ ਕੇ,ਘੱਟ ਕਲੈਸਟਰੋਲ ਵਾਲੇ ਪਦਾਰਥਾਂ ਦਾ ਸੇਵਨ ਕਰਕੇ, ਰੋਜਾਨਾਂ ਦੀ ਸਰੀਰਿਕ ਕਸਰਤ,ਹਰੀਆਂ ਸਬਜੀਆਂ ਅਤੇ ਫਲਾਂ ਦਾ ਸੇਵਨ ਕਰਕੇ ਇਸ ਬਿਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

# ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਨੇ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਲਗਾਇਆ



**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਵਿਸ਼ੇ ਤੇ ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਨੇ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਕੇ.ਵੀ.ਕੇ. ਫਾਰਮ ਵਿਖੇ ਲਗਾਇਆ। ਇਸ ਕੈਂਪ ਵਿਚ 212 ਦੇ ਕਰੀਬ ਕਿਸਾਨਾਂ, ਕਿਸਾਨ ਬੀਬੀਆਂ ਅਤੇ ਸਕੂਲੀ ਬੱਚਿਆਂ ਨੇ ਭਾਗ ਲਿਆ। ਕੇ.ਵੀ.ਕੇ., ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੇ ਮਹੱਤਵ ਬਾਰੇ ਦੱਸਿਆ ਅਤੇ ਅੱਗ ਲਾਉਣ ਕਾਰਨ ਹੋਣ ਵਾਲੇ ਪ੍ਰਦੂਸ਼ਣ ਦੇ ਸਿਹਤ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕੇ.ਵੀ.ਕੇ., ਪਟਿਆਲਾ ਦੇ ਮਾਹਿਰਾਂ ਨਾਲ ਸੋਸ਼ਲ ਮੀਡੀਆ ਰਾਹੀਂ ਵੱਧ ਤੋਂ ਵੱਧ ਜੁੜਨ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰੋਫੈਸਰ (ਬਾਗਬਾਨੀ) ਡਾ. ਰਚਨਾ ਸਿੰਗਲਾ ਨੇ ਬਾਗਬਾਨੀ ਦੀਆਂ ਫ਼ਸਲਾਂ ਵਿੱਚ ਪਰਾਲੀ ਦੀ ਵਰਤੋਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਫੈਸਰ (ਭੋਜਨ ਵਿਗਿਆਨ) ਡਾ. ਰਜਨੀ ਗੋਇਲ ਨੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਸਬਜ਼ੀਆਂ ਤੇ ਫਲਾਂ ਤੋਂ ਬਣਨ ਵਾਲੇ ਪਦਾਰਥਾਂ ਬਾਰੇ ਜਾਣਕਾਰੀ ਦਿੱਤੀ।

ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ) ਡਾ. ਗੁਰਪ੍ਰੀਤ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਖੇਤ ਵਿੱਚ ਹੀ ਸਾਂਭਣ ਉੱਤੇ ਜ਼ੋਰ ਦਿੰਦਿਆ ਸਾਂਭ-ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਖੇਤੀ ਮਸ਼ੀਨਾਂ ਜਿਵੇਂ ਕਿ ਹੈਪੀ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ, ਸੁਪਰ ਸੀਡਰ ਅਤੇ ਹੋਰ ਮਸ਼ੀਨਰੀ ਬਾਰੇ ਤਕਨੀਕੀ ਜਾਣਕਾਰੀ ਦਿਤੀ।ਜ਼ਿਲ੍ਹਾ ਪਸਾਰ ਮਾਹਿਰ (ਸੀ.ਮੋ.), ਫਾਰਮ ਸਲਾਹਕਾਰ ਸੇਵਾ ਕੇਂਦਰ ਡਾ. ਗੁਰਪ੍ਰੀਤ ਕੌਰ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਆਰਥਿਕ ਅਤੇ ਸਮਾਜਿਕ ਨੁਕਸਾਨਾਂ ਬਾਰੇ ਚਾਨਣਾ ਪਾਇਆ।

ਮਿੱਟੀ ਵਿਗਿਆਨੀ, ਫਾਰਮ ਸਲਾਹਕਾਰ ਸੇਵਾ ਕੇਂਦਰ ਡਾ. ਗੁਰਪ੍ਰੀਤ ਸਿੰਘ ਨੇ ਪਰਾਲੀ ਦੀ ਸੰਭਾਲ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਹੋਣ ਵਾਲੇ ਵਾਧੇ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਭਾਗ ਲੈਣ ਵਾਲੇ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਨੇ ਕਿਸਾਨਾਂ ਨੂੰ ਆਪਣੇ ਅਦਾਰੇ ਦੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ। ਖੇਤੀਬਾੜੀ ਵਿਕਾਸ ਅਫਸਰ ਡਾ. ਅਜੇਪਾਲ ਸਿੰਘ ਵੀ ਹਾਜ਼ਿਰ ਰਹੇ।

ਅਗਾਂਹਵਧੂ ਕਿਸਾਨ ਨਰਿੰਦਰ ਸਿੰਘ, ਦਿੱਤੂਪੁਰ ਨੇ ਝੋਨੇ ਦੀ ਪਰਾਲੀ ਸਾਂਭਣ ਬਾਰੇ ਆਪਣੇ ਤਜ਼ਰਬੇ ਕਿਸਾਨਾਂ ਨਾਲ ਸਾਂਝੇ ਕੀਤੇ। ਇਸ ਬਾਬਤ ਕਿਸਾਨ ਵੀਰਾਂ ਅਤੇ ਸਾਇੰਸਦਾਨਾਂ ਵਿਚ ਪਰਾਲੀ ਨੂੰ ਸਾਂਭਣ ਦੀਆਂ ਤਕਨੀਕਾਂ ਬਾਰੇ ਵਿਚਾਰ-ਵਟਾਂਦਰਾ ਵੀ ਹੋਇਆ।

ਇਸ ਮੌਕੇ ਕੇ.ਵੀ.ਕੇ., ਪਟਿਆਲਾ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਨੇ ਆਪਣੀਆਂ ਗਤੀਵਿਧੀਆਂ ਬਾਰੇ ਦਿਲ ਖਿੱਚਵੀਂ ਪ੍ਰਦਰਸ਼ਨੀ ਵੀ ਲਗਾਈ। ਕੈਂਪ ਦੌਰਾਨ ਪਟਿਆਲੇ ਜ਼ਿਲ੍ਹੇ ਵਿੱਚ ਪਰਾਲੀ ਸਾਂਭਣ ਨੂੰ ਲੈ ਕੇ ਚਾਨਣ ਮੁਨਾਰਾ ਸਾਬਿਤ ਹੋ ਰਹੇ ਕਿਸਾਨ ਵੀਰਾਂ ਦਾ ਸਨਮਾਨ ਵੀ ਕੀਤਾ ਗਿਆ।

# ਤੰਬਾਕੂਨੋਸ਼ੀ ਐਕਟ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਦੇ ਕੱਟੇ ਚਲਾਨ



**ਮਾਨਸਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਕੁਲਵੰਤ ਸਿੰਘ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਡਾ. ਹਰਦੇਵ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਨੀਅਰ ਹੈਲਥ ਸੁਪਰਵਾਈਜ਼ਰ ਅਸ਼ਵਨੀ ਕੁਮਾਰ ਵੱਲੋਂ ਤੰਬਾਕੂ ਕੰਟਰੋਲ ਐਕਟ 2003 ਦੀ ਉਲੰਘਣਾ ਕਰਨ ਵਾਲੀਆਂ ਦੁਕਾਨਾਂ, ਖੋਖਿਆਂ ਅਤੇ ਜਨਤਕ ਥਾਵਾਂ 'ਤੇ ਤੰਬਾਕੂਨੋਸ਼ੀ ਕਰਨ ਵਾਲੇ 10 ਵਿਅਕਤੀਆਂ ਨੂੰ ਨਗਦ ਜੁਰਮਾਨਾ ਕਰਕੇ ਚਲਾਨ ਕੱਟੇ ਗਏ। ਇਸ ਮੌਕੇ ਲੋਕਾਂ ਨੂੰ ਤੰਬਾਕੂ ਸੇਵਨ ਨਾਲ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।

ਅਸ਼ਵਨੀ ਕੁਮਾਰ ਨੇ ਦੱਸਿਆ ਕਿ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਟੀਮ ਵੱਲੋਂ ਬੱਸ ਸਟੈਂਡ ਮਾਨਸਾ ਅੰਦਰ ਮਿਠਾਈ ਵੇਚ ਰਹੇ ਦੁਕਾਨਦਾਰਾ ਨੂੰ ਆਪਣਾ ਸਾਮਾਨ ਜਾਲੀ ਵਾਲੇ ਕੱਪੜੇ ਨਾਲ ਢੱਕ ਕੇ ਰੱਖਣ ਲਈ ਹਦਾਇਤ ਕੀਤੀ ਗਈ। ਇਸ ਦੌਰਾਨ ਤੰਬਾਕੂ ਪਦਾਰਥਾਂ ਦੀ ਵਿਕਰੀ ਕਰ ਰਹੀਆਂ ਦੁਕਾਨਾਂ, ਖੋਖਿਆਂ ਆਦਿ ਦੀ ਚੈਕਿੰਗ ਕੀਤੀ ਗਈ ਅਤੇ ਦੁਕਾਨਦਾਰਾਂ ਵੱਲੋਂ ਖੁੱਲੀਆਂ ਸਿਗਰਟਾਂ ਦੀ ਵਿਕਰੀ ਕਰਨ ਅਤੇ ਦੁਕਾਨਾਂ 'ਤੇ 18 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਨੂੰ ਤੰਬਾਕੂ ਨਾ ਵੇਚਣ ਵਾਲੇ ਸਾਈਨ ਬੋਰਡ ਨਾ ਲੱਗੇ ਹੋਣ 'ਤੇ ਤੰਬਾਕੂ ਐਕਟ 2003 ਅਧੀਨ ਹੋਣ ਵਾਲੇ ਜੁਰਮਾਨਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਵਿਜੈ ਕੁਮਾਰ ਅਤੇ ਉਪ ਜ਼ਿਲ੍ਹਾ ਸਿੱਖਿਆ ਤੇ ਸੂਚਨਾ ਅਫ਼ਸਰ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਤੰਬਾਕੂ ਪਦਾਰਥਾਂ ਦੀ ਵਿਕਰੀ ਕਰ ਰਹੇ ਸਮੂਹ ਦੁਕਾਨਦਾਰਾਂ ਨੂੰ ਤੰਬਾਕੂ ਕੰਟਰੋਲ ਨਿਯਮਾਂ ਦਾ ਪਾਲਣ ਕਰਨਾ ਜਰੂਰੀ ਹੈ, ਤਾਂ ਜੋ ਕੋਟਪਾ 2003 ਨੂੰ ਸਹੀ ਢੰਗ ਨਾਲ ਲਾਗੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਐਕਟ ਦੀ ਧਾਰਾ 6 ਅਨੁਸਾਰ ਵਿੱਦਿਅਕ ਅਦਾਰਿਆਂ ਦੇ 100 ਗਜ ਦੇ ਘੇਰੇ ਵਿਚ ਤੰਬਾਕੂ ਪਦਾਰਥਾਂ ਦੀ ਵਿਕਰੀ 'ਤੇ ਮਨਾਹੀ ਹੈ ਅਤੇ ਜੇਕਰ ਕੋਈ ਅਜਿਹਾ ਕਰਦਾ ਹੈ, ਤਾਂ ਉਸ ਵਿਰੁੱਧ ਐਕਟ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅੱਗੇ ਤੋਂ ਵੀ ਖਾਣ-ਪੀਣ ਦੀਆਂ ਵਸਤਾਂ ਦੇ ਨਾਲ-ਨਾਲ ਤੰਬਾਕੂ ਉਤਪਾਦਾਂ ਦੀ ਵਿਕਰੀ ਕਰ ਰਹੀਆਂ ਦੁਕਾਨਾਂ, ਖੋਖਿਆਂ, ਢਾਬੇ, ਹੋਟਲ, ਰੈਸਟੋਰੈਂਟ ਆਦਿ ਦੀ ਤੰਬਾਕੂ ਐਕਟ ਤਹਿਤ ਚੈਕਿੰਗ ਜਾਰੀ ਰਹੇਗੀ ਅਤੇ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾਵੇਗਾ।

ਇਸ ਮੌਕੇ ਸੁਖਪਾਲ ਸਿੰਘ, ਨਿਰਮਲ ਸਿੰਘ ਸਿਹਤ ਸੁਪਰਵਾਈਜ਼ਰ ਅਤੇ ਗੁਰਿੰਦਰਜੀਤ ਸ਼ਰਮਾ ਮੌਜੂਦ ਸਨ।

# ਮਾਡਰਨ ਸਕੂਲ ਬੇਸਬਾਲ ਟੀਮ 68ਵੇਂ ਸਕੂਲ ਰਾਜ ਮੁਕਾਬਲੇ ਵਿੱਚ ਚਮਕੀ



**ਪਟਿਆਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੇ ਪ੍ਰਤਿਭਾਵਾਨ ਖਿਡਾਰੀਆਂ, ਕ੍ਰਿਸ਼ਿਵ ਠਾਕੁਰ ਅਤੇ ਤੇਜਵੀਰ ਸਿੰਘ ਨੇ 25-28 ਅਕਤੂਬਰ, 2024 ਨੂੰ ਰਣਬੀਰ ਕਾਲਜ, ਸੰਗਰੂਰ ਵਿਖੇ ਹੋਏ 68ਵੇਂ ਸਕੂਲ ਸਟੇਟ ਬੇਸਬਾਲ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਹੈ। 15 ਟੀਮਾਂ ਦੇ ਇੱਕ ਮਜ਼ਬੂਤ ਖੇਤਰ ਦੇ ਵਿਰੁੱਧ ਮੁਕਾਬਲਾ ਕਰਦੇ ਹੋਏ, ਉਹਨਾਂ ਨੇ ਸ਼ਾਨਦਾਰ ਹੁਨਰ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ, ਦੂਜਾ ਸਥਾਨ ਪ੍ਰਾਪਤ ਕੀਤਾ।

ਮੇਜ਼ਬਾਨ ਟੀਮ ਸੰਗਰੂਰ ਨੇ ਪਹਿਲਾ ਜਦਕਿ ਫਿਰੋਜ਼ਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਦੀ ਪ੍ਰਾਪਤੀ ਉਹਨਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੇ ਨਾਲ-ਨਾਲ ਖੇਡਾਂ ਵਿੱਚ ਉੱਤਮਤਾ ਨੂੰ ਉਤਸ਼ਾਹਤ ਕਰਨ ਲਈ ਸਕੂਲ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

# ਵਿਧਾਇਕ ਰੰਧਾਵਾ ਦੇ ਹੁਕਮਾਂ ਤੇ ਹੰਡੇਸਰਾ ਸਰਕਲ ਦੀ ਟੀਮ ਨੇ ਚੱਬੇਵਾਲ ਵਿਚ ਪਾਰਟੀ ਉਮੀਦਵਾਰ ਲਈ ਕੀਤਾ ਪ੍ਰਚਾਰ



**ਲਾਲੜੂ, 3 ਨਵੰਬਰ**
**-ਇਕਬਾਲ ਧਾਲੀਵਾਲ-**

ਹਲਕਾ ਡੇਰਾਬਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਹੁਕਮਾਂ ਹੇਠ ਹੰਡੇਸਰਾ ਸਰਕਲ ਦੀ ਟੀਮ ਨੇ ਆਮ ਆਦਮੀ ਪਾਰਟੀ ਦੇ ਚੱਬੇਵਾਲ ਹਲਕੇ ਤੋਂ ਉਮੀਦਵਾਰ ਈਸ਼ਾਨ ਚੱਬੇਵਾਲ ਦੇ ਹੱਕ ਵਿੱਚ ਪਿੰਡ ਚੱਕਨਾਥਾ ਅਤੇ ਬੱਦੋਵਾਲ ਵਿੱਚ ਚੋਣ ਪ੍ਰਚਾਰ ਕੀਤਾ।

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਨੁਸਾਰ ਹੰਡੇਸਰਾ ਸਰਕਲ ਦੀ ਟੀਮ 'ਆਪ' ਉਮੀਦਵਾਰ ਇਸ਼ਾਨ ਚੱਬੇਵਾਲ ਦੀ ਹਮਾਇਤ ਲਈ ਅਣਥੱਕ ਮਿਹਨਤ ਕਰ ਰਹੀ ਹੈ। ਵਿਧਾਇਕ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟੀਮ ਵੱਲੋਂ ਪਿੰਡ ਚੱਕਨਾਥਾ ਅਤੇ ਬੱਦੋਵਾਲ ਵਿੱਚ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ। ਟੀਮ ਵੱਲੋਂ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨਾਲ 'ਆਪ' ਦਾ ਸੰਦੇਸ਼ ਫੈਲਾਉਣ ਅਤੇ ਚੱਬੇਵਾਲ ਦੀ ਉਮੀਦਵਾਰੀ ਲਈ ਸਮਰਥਨ ਹਾਸਲ ਕਰਨ ਲਈ ਸਰਗਰਮੀ ਨਾਲ ਸ਼ਮੂਲੀਅਤ ਕੀਤੀ ਜਾ ਰਹੀ ਹੈ।

ਜ਼ਮੀਨੀ ਮੁਹਿੰਮ ਨੂੰ ਚੱਕਨਾਥਾ ਅਤੇ ਬੱਦੋਵਾਲ ਦੇ ਵਾਸੀਆਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਟੀਮ ਨਿੱਜੀ ਪੱਧਰ 'ਤੇ ਲੋਕਾਂ ਨਾਲ ਜੁੜਨ, ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਹਲਕੇ ਲਈ 'ਆਪ' ਦੇ ਵਿਜ਼ਨ 'ਤੇ ਚਰਚਾ ਕਰਨ ਦੇ ਯੋਗ ਹੋਈ ਹੈ। ਵਿਧਾਇਕ ਰੰਧਾਵਾ ਨੇ ਹਲਕੇ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਚੱਬੇਵਾਲ ਦੀ ਸਮਰੱਥਾ 'ਤੇ ਭਰੋਸਾ ਪ੍ਰਗਟਾਇਆ ਅਤੇ ਹਲਕਾ ਵਾਸੀਆਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਹੈ।

# ਵੈਦ ਮੰਡਲ ਲੌਂਗੋਵਾਲ ਵੱਲੋਂ ਭਗਵਾਨ ਸ੍ਰੀ ਧਨਵੰਤਰੀ ਦੇ ਪ੍ਰਗਟ ਦਿਵਸ 'ਤੇ ਸਮਾਗਮ ਦਾ ਆਯੋਜਨ



**ਸੰਗਰੂਰ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੈਦ ਮੰਡਲ ਲੌਂਗੋਵਾਲ ਵੱਲੋਂ ਭਗਵਾਨ ਸ੍ਰੀ ਧਨਵੰਤਰੀ ਜੀ ਦੇ ਪ੍ਰਗਟ ਦਿਵਸ ਅਤੇ ਰਾਸ਼ਟਰੀ ਆਯੁਰਵੇਦ ਦਿਵਸ ਮੌਕੇ ਸ੍ਰੀ ਦੁਰਗਾ ਮੰਦਰ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ। ਸ੍ਰੀ ਧਨਵੰਤਰੀ ਪੂਜਨ ਦੀ ਰਸਮ ਡਾਕਟਰ ਕੇਵਲ ਚੰਦ ਧੌਲਾ,ਡਾਕਟਰ ਕੇਵਲ ਕ੍ਰਿਸ਼ਨ ਗਰਗ, ਵੈਦ ਸਾਧੂ ਰਾਮ ਸ਼ਰਮਾ ਅਤੇ ਵੈਦ ਦਰਸ਼ਨ ਸਿੰਘ ਖੀਵਾ ਪਾਸੋਂ ਪੰਡਤ ਸੁਨੈਂਦਰ ਕੁਮਾਰ ਸ਼ਾਸਤਰੀ ਦੁਆਰਾ ਕਰਵਾਈ ਗਈ। ਇਸ ਮੌਕੇ ਆਯੁਰਵੇਦਿਕ ਮੈਡੀਕਲ ਅਫਸਰ ਡਾ. ਅਮਨ ਭਾਰਤੀ ਮੁੱਖ ਮਹਿਮਾਨ ਅਤੇ ਪਤੰਜਲੀ ਯੋਗ ਪੀਠ ਯੁਵਾ ਪੰਜਾਬ ਦੇ ਪ੍ਰਭਾਰੀ ਅਚਾਰੀਆ ਸਤਿਗੁਰ ਸਿੰਘ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਮਾਗਮ ਵਿੱਚ ਪਹੁੰਚੇ ।ਇਸ ਮੌਕੇ ਸੰਬੋਧਨ ਕਰਦਿਆਂ ਡਾ ਅਮਨ ਭਾਰਤੀ ਨੇ ਆਯੁਰਵੇਦਿਕ ਇਲਾਜ ਪ੍ਰਣਾਲੀ ਤੋਂ ਇਲਾਵਾ ਭਗਵਾਨ ਸ੍ਰੀ ਧਨਵੰਤਰੀ ਦੀ ਅਦੁੱਤੀ ਦੇਣ ਅਤੇ ਰਾਸ਼ਟਰੀ ਆਯੁਰਵੇਦ ਦਿਵਸ ਸੰਬੰਧੀ ਚਾਨਣਾ ਪਾਇਆ । ਉਨ੍ਹਾਂ ਕਿਹਾ ਅੱਜ ਦੁਨੀਆ ਆਯੁਰਵੇਦ ਨੂੰ ਅਪਣਾ ਰਹੀ ਹੈ ਅਤੇ ਸਾਡੇ ਦੇਸ਼ ਅੰਦਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਵੱਖ-ਵੱਖ ਸਕੀਮਾਂ ਚਲਾ ਕੇ ਆਯੁਰਵੇਦਿਕ ਇਲਾਜ ਪ੍ਰਣਾਲੀ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਡਾਕਟਰ ਅਮਨ ਭਰਤੀ ਨੇ ਕਿਹਾ ਕਿ ਇਸ ਵਾਰ ਦੇ ਰਾਸ਼ਟਰੀ ਆਯੁਰਵੇਦਿਕ ਦਿਵਸ ਦਾ ਪ੍ਰਮੁੱਖ ਥੀਮ ਆਯੁਰਵੇਦਾ ਇਨੋਵੇਸ਼ਨ ਫਾਰ ਗਲੋਬਲ ਹੈਲਥ ਰੱਖਿਆ ਗਿਆ ਹੈ। ਆਯੁਰਵੇਦਾ ਦੇ ਪਸਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਆਯੂਸ਼ ਅਤੇ ਡਬਲਯੂ.ਐਚ.ਓ ਵੱਲੋਂ ਮਿਲ ਕੇ ਕਈ ਅਹਿਮ ਖੋਜਾਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਮੁੰਬਈ ਦੇ ਬਾਬਾ ਆਟੋਮਿਕ ਰਿਸਰਚ ਸੈਂਟਰ ਦੇ ਵਿਗਿਆਨੀਆਂ ਨੇ ਤ੍ਰਿਫਲਾ ਨੂੰ ਕੈਂਸਰ ਲਈ ਉਪਯੋਗੀ ਦਵਾਈ ਦੱਸਿਆ ਹੈ। ਉਹਨਾਂ ਦੇਸ਼ ਵਾਸੀਆਂ ਨੂੰ ਆਯੁਰਵੇਦ ਇਲਾਜ ਪ੍ਰਣਾਲੀ ਨੂੰ ਅਪਣਾਉਣ ਦੀ ਸਲਾਹ ਦਿੰਦਿਆਂ ਰਾਸ਼ਟਰੀ ਆਯੁਰਵੇਦ ਦਿਵਸ ਅਤੇ ਧਨਵੰਤਰੀ ਜੈਯੰਤੀ ਦੀ ਵਧਾਈ ਦਿੱਤੀ। ਇਸ ਮੌਕੇ ਅਚਾਰੀਆ ਸਤਿਗੁਰ ਸਿੰਘ ਨੇ ਕਿਹਾ ਬੱਚਿਆਂ ਨੂੰ ਸੰਸਕਾਰੀ ਬਣਾਉਣ ਲਈ ਧਾਰਮਿਕ ਵਿਚਾਰਧਾਰਾ,ਪ੍ਰਾਚੀਨ ਆਯੁਰਵੇਦ ਅਤੇ ਯੋਗ ਪਦਿਤੀ ਨਾਲ ਜੁੜਨਾ ਅਤੀ ਜਰੂਰੀ ਹੈ।ਉਨ੍ਹਾਂ ਆਪਣੀ ਪਤਨੀ ਦੇ ਹਾਦਸੇ ਦਾ ਜਿਕਰ ਕਰਦਿਆਂ ਕਿਹਾ ਕਿ ਯੋਗ ਦੀ ਤਾਕਤ ਅਤੇ ਲੋਕਾਂ ਦੀਆ ਦੁਆਵਾ ਨੂੰ ਉਸ ਨੂੰ ਨਵਾ ਜੀਵਨ ਮਿਲਿਆ ਹੈ। ਪਿਛਲੇ ਸਾਲ ਵਿਛੜੇ ਵੈਦ ਮੰਡਲ ਦੇ ਪ੍ਰਧਾਨ ਸਵਰਗੀ ਵੈਦ ਨੰਦ ਰਾਮ ਵਸ਼ਿਸਟ ਨੂੰ ਸਮੁੱਚੇ ਵੈਦ ਮੰਡਲ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਵੈਦ ਦਰਸ਼ਨ ਸਿੰਘ ਖੀਵਾ ਦੇ ਪੋਤਰੇ ਗੁਰਦੀਪ ਸਿੰਘ ਨੂੰ ਐਮ.ਬੀ.ਬੀ.ਐਸ ਵਿੱਚ ਦਾਖਲਾ ਮਿਲਣ ਤੇ ਵਧਾਈ ਦਿੱਤੀ ਗਈ।ਇਸ ਮੌਕੇ ਵੈਦ ਮੰਡਲ ਦੀ ਹੋਈ ਚੋਣ ਵਿੱਚ ਚੇਅਰਮੈਨ ਡਾਕਟਰ ਕੇਵਲ ਕ੍ਰਿਸ਼ਨ ਗਰਗ ਪੈਟਰਨ ਡਾਕਟਰ ਅਮਨ ਭਾਰਤੀ,ਪ੍ਰਧਾਨ ਵੈਦ ਸਾਧੂ ਰਾਮ ਸ਼ਰਮਾ ਮੀਤ ਪ੍ਰਧਾਨ ਵੈਦ ਮਾਲਵਿੰਦਰ ਸਿੰਘ ਸਿੱਧੂ ,ਡਾਕਟਰ ਕੇਵਲ ਚੰਦ ਧੌਲਾ, ਜਨਰਲ ਸਕੱਤਰ ਦੇਵਿੰਦਰ ਵਸ਼ਿਸਟ, ਪ੍ਰਚਾਰਕ ਅਚਾਰੀਆ ਸਤਿਗੁਰ ਸਿੰਘ ਅਤੇ ਖਜਾਨਚੀ ਮਹੰਤ ਹੀਰਾ ਦਾਸ ਚੁਣੇ ਗਏ।

# ਹੇਮਕੁੰਟ ਸਕੂਲ ਵਿਖੇ ਕਿੰਡਰਗਾਰਡਨ ਦਾ ਗ੍ਰੈਜੂਏਸ਼ਨ ਸਮਾਰੋਹ ਆਯੋਜਿਤ



**ਜ਼ੀਰਾ , 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਜ਼ਿਲ੍ਹੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਜੀਰਾ ਰੋਡ ਕੋਟ ਈਸੇ ਖਾਂ ਵਿਖੇ ਛੋਟੇ ਬੱਚਿਆਂ ਦਾ ਕਿੰਡਰ ਗਾਰਡਨ ਗ੍ਰੇਜੂਏਸ਼ਨ ਸਮਾਰੋਹ ਅਜੋਜਿਤ ਕੀਤਾ ਗਿਆ। ਜਿਸ ਦਾ ਆਰੰਭ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਐਮ ਡੀ ਸ੍ਰੀਮਤੀ ਰਣਜੀਤ ਕੌਰ ਸੰਧੂ, ਪ੍ਰਿੰਸੀਪਲ ਸੋਨੀਆ ਸ਼ਰਮਾ ਅਤੇ ਪ੍ਰਿੰਸੀਪਲ ਰਮਨਜੀਤ ਕੌਰ ਨੇ ਮਾਤਾ ਸਰਸਵਤੀ ਦੀ ਤਸਵੀਰ ਅੱਗੇ ਜੋਤੀ ਪ੍ਰਚੰਡ ਕਰਕੇ ਕੀਤਾ । ਇਸ ਮੌਕੇ ਕਿੰਡਰ ਗਾਰਡਨ ਤੋਂ ਗ੍ਰੈਜੂਏਟ ਹੋਣ ਦੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਛੋਟੇ ਬੱਚਿਆਂ ਨੇ ਪੈਪੀ ਡਾਂਸ ਪੇਸ਼ ਕੀਤਾ । ਵਿਦਿਆਰਥੀਆਂ ਦੀ ਇਸ ਪੇਸ਼ਕਸ਼ ਨੇ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ। ਰੰਗ ਬਿਰੰਗੇ ਕੱਪੜਿਆਂ ਵਿੱਚ ਛੋਟੇ ਬੱਚੇ ਪਿਆਰੇ ਲੱਗ ਰਹੇ ਸਨ ।

ਇਸ ਦੌਰਾਨ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਅਤੇ ਐਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਛੋਟੇ ਬੱਚਿਆਂ ਨੂੰ ਗ੍ਰੈਜੂਏਟ ਹੋਣ ਤੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਗ੍ਰੈਜੂਏਟ ਹੋਣ ਤੇ ਸ਼ਲਾਘਾ ਕੀਤੀ ।

ਪ੍ਰਿੰਸੀਪਲ ਮੈਡਮ ਸੋਨੀਆ ਸ਼ਰਮਾ ਨੇ ਗ੍ਰੈਜੂਏਟਾਂ ਨੂੰ ਉਹਨਾਂ ਦੀ ਸਖਤ ਮਿਹਨਤ ਅਤੇ ਲਗਨ ਦੀ ਪ੍ਰਸ਼ੰਸਾ ਕਰਦਿਆਂ ਉਹਨਾਂ ਨੂੰ ਸੀਨੀਅਰ ਸਕੂਲ ਦੇ ਸਫਰ ਲਈ ਸ਼ੁਭਕਾਮਨਾਵਾਂ ਭੇਂਟ ਕੀਤੀਆਂ ।

# ਐਸ.ਡੀ.ਐਮ ਵਿਕਾਸ ਹੀਰਾ ਵੱਲੋਂ ਅਨਾਜ ਮੰਡੀ ਧੂਰੀ ਵਿੱਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ, ਕਿਸਾਨਾਂ ਨੂੰ ਨਮੀ ਰਹਿਤ ਫਸਲ ਹੀ ਲਿਆਉਣ ਦੀ ਕੀਤੀ ਅਪੀਲ

**ਧੂਰੀ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸ਼ਾਮ ਐਸਡੀਐਮ ਵਿਕਾਸ ਹੀਰਾ ਨੇ ਅਨਾਜ ਮੰਡੀ ਧੂਰੀ ਦਾ ਦੌਰਾ ਕਰਦਿਆਂ ਝੋਨੇ ਦੀ ਸਰਕਾਰੀ ਖਰੀਦ ਅਤੇ ਲਿਫਟਿੰਗ ਪ੍ਰਕਿਰਿਆ ਦਾ ਜਾਇਜ਼ਾ ਲਿਆ। ਉਹਨਾਂ ਦੱਸਿਆ ਕਿ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਬੀਤੀ ਸ਼ਾਮ ਤੱਕ ਖਰੀਦੇ ਗਏ ਝੋਨੇ ਵਿੱਚੋਂ ਲਗਭਗ 60 ਫੀਸਦੀ ਝੋਨੇ ਦੀ ਲਿਫਟਿੰਗ ਅਨਾਜ ਮੰਡੀ ਵਿੱਚੋਂ ਕੀਤੀ ਜਾ ਚੁੱਕੀ ਹੈ ਅਤੇ ਬਕਾਇਆ ਝੋਨੇ ਦੀ ਲਿਫਟਿੰਗ ਤੇਜ਼ੀ ਨਾਲ ਕਰਵਾਈ ਜਾ ਰਹੀ ਹੈ।



ਐਸਡੀਐਮ ਵਿਕਾਸ ਹੀਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਅਨਾਜ ਮੰਡੀ ਧੂਰੀ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ ਅਤੇ ਉਹ ਨਿਯਮਿਤ ਤੌਰ ਤੇ ਅਧਿਕਾਰੀਆਂ ਤੋਂ ਇਸਦਾ ਜਾਇਜ਼ਾ ਲੈਂਦੇ ਰਹਿੰਦੇ ਹਨ। ਐਸਡੀਐਮ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਅਨਾਜ ਮੰਡੀਆਂ ਵਿੱਚ ਕੇਵਲ ਨਮੀ ਰਹਿਤ ਝੋਨਾ ਹੀ ਲਿਆਉਣ ਤਾਂ ਜੋ ਉਹਨਾਂ ਦੁਆਰਾ ਲਿਆਂਦੀ ਜਾਣ ਵਾਲੀ ਜਿਣਸ ਦੀ ਨਾਲੋ ਨਾਲ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਐਸਡੀਐਮ ਵਿਕਾਸ ਹੀਰਾ ਨੇ ਦੱਸਿਆ ਕਿ ਸਬ ਡਵੀਜ਼ਨ ਧੂਰੀ ਵਿੱਚ ਫਸਲਾਂ ਦੀ ਰਹਿੰਦ ਖੂਹੰਦ ਨੂੰ ਸਾੜਨ ਦੀਆਂ ਘਟਨਾਵਾਂ ਉੱਤੇ ਨਿਗਰਾਨੀ ਰੱਖਣ ਲਈ ਡਰੋਨ ਦੀ ਸਹਾਇਤਾ ਲਈ ਜਾ ਰਹੀ ਹੈ ਅਤੇ ਇਥੋਂ ਦੇ ਅਗਾਂਹਵਧੂ ਕਿਸਾਨਾਂ ਵੱਲੋਂ ਵਾਤਾਵਰਣ ਦੇ ਰਾਖੇ ਵਜੋਂ ਪ੍ਰਸ਼ਾਸਨਿਕ ਯਤਨਾਂ ਦਾ ਸਹਿਯੋਗ ਦਿੰਦੇ ਹੋਏ ਪਰਾਲੀ ਪ੍ਰਬੰਧਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਪਿਛਲੇ 13 ਦਿਨਾਂ ਵਿੱਚ ਸਬ ਡਵੀਜ਼ਨ ਧੂਰੀ ਦੇ ਪਿੰਡਾਂ ਅੰਦਰ ਪਰਾਲੀ ਜਾਂ ਰਹਿੰਦ ਖੂਹੰਦ ਨੂੰ ਸਾੜਨ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਜਿਸ ਲਈ ਪ੍ਰਸ਼ਾਸਨ, ਕਿਸਾਨਾਂ ਦਾ ਧੰਨਵਾਦੀ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਮਸ਼ੀਨਰੀ ਉਪਲਬਧ ਕਰਾਉਣ ਲਈ ਵਿਆਪਕ ਪ੍ਰਬੰਧ ਕੀਤੇ ਹੋਏ ਹਨ ਜਿਸ ਲਈ ਬਕਾਇਦਾ ਪਿੰਡਾਂ ਵਿੱਚ ਕਲਸਟਰ ਅਧਿਕਾਰੀ ਤਾਇਨਾਤ ਕੀਤੇ ਗਏ ਹਨ ਜੋ ਕਿ ਕਿਸਾਨਾਂ ਦੀ ਲੋੜ ਨੂੰ ਪੂਰਾ ਕਰਨ ਵਿੱਚ ਸਹਿਯੋਗ ਦੇ ਰਹੇ ਹਨ।

# ਵੋਟਰ ਸੂਚੀ ਦੀ ਸੁਧਾਈ ਸਬੰਧੀ ਜਿਲ੍ਹੇ ਦੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ

**ਮਲੇਰਕੋਟਲਾ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਸੁਧਾਈ 2025 ਨੂੰ ਮੁੱਖ ਰੱਖਦੇ ਹੋਏ ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਦੀ ਅਗਵਾਈ ਹੇਠ ਜਿਲ੍ਹੇ ਦੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵਿਧਾਨ ਸਭਾ ਹਲਕਾ105-ਮਾਲੇਰਕੋਟਲਾ ਅਤੇ ਵਿਧਾਨ ਸਭਾ ਹਲਕਾ 106-ਅਮਰਗੜ੍ਹ ਦੀਆਂ ਡਰਾਫਟ ਵੋਟਰ ਸੂਚੀਆਂ ਦਾ ਸੈੱਟ ਅਤੇ ਸੀ.ਡੀ.ਸੌਂਪੀ ਗਈ।

ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01-01-2025 ਦੇ ਆਧਾਰ ਅਤੇ ਫੋਟੋ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਪ੍ਰੋਗਰਾਮ ਮਿਤੀ 3 ਨਵੰਬਰ 2024 ਤੋਂ 28 ਨਵੰਬਰ 2024 ਤੱਕ ਮਿਥਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਯੋਗ ਵੋਟਰਾਂ ਦੀ ਸਹੂਲਤ ਲਈ 09 ਨਵੰਬਰ, 2024 (ਦਿਨ ਸ਼ਨੀਵਾਰ), 10 ਨਵੰਬਰ(ਦਿਨ ਐਤਵਾਰ) ਅਤੇ 23 ਨਵੰਬਰ (ਦਿਨ ਸ਼ਨੀਵਾਰ) ਅਤੇ 24 ਨਵੰਬਰ (ਦਿਨ ਐਤਵਾਰ) ਨੂੰ ਸਪੈਸ਼ਲ ਕੈਂਪ ਦੌਰਾਨ ਬੂਥ ਲੈਵਲ ਅਫ਼ਸਰ ਆਪਣੇ ਪੋਲਿੰਗ ਸਟੇਸ਼ਨਾਂ 'ਤੇ ਬੈਠ ਕੇ ਦਾਅਵੇਂ ਅਤੇ ਇਤਰਾਜ਼ ਪ੍ਰਾਪਤ ਕਰਨਗੇ। ਇਸ ਸਮੇਂ ਦੌਰਾਨ ਪ੍ਰਾਪਤ ਕੀਤੇ ਗਏ ਫ਼ਾਰਮਾਂ ਦਾ ਨਿਪਟਾਰਾ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ ਤੋਂ 24 ਦਸੰਬਰ 2024 ਤੱਕ ਕੀਤਾ ਜਾਵੇਗਾ। ਫੋਟੋ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾਂ 06 ਜਨਵਰੀ, 2025 ਨੂੰ ਕੀਤੀ ਜਾਵੇਗੀ ।

ਉਨ੍ਹਾਂ ਦੱਸਿਆ ਕਿ ਨਵੀਂ ਵੋਟ ਬਣਾਉਣ ਲਈ ਫ਼ਾਰਮ ਨੰ.6, ਵੋਟ ਕਟਵਾਉਣ ਲਈ ਫ਼ਾਰਮ ਨੰ.7 ਅਤੇ ਕਿਸੇ ਵੀ ਪ੍ਰਕਾਰ ਦੀ ਦਰੁੱਸਤੀ,ਪਤਾ ਬਦਲਣ,ਡੁਪਲੀਕੇਟ ਸ਼ਨਾਖਤੀ ਕਾਰਡ ਅਤੇ ਪੀ.ਡਬਲਿਓ.ਡੀ.ਮਾਰਕਿੰਗ ਲਈ ਫ਼ਾਰਮ ਨੰ.8 ਭਰਿਆ ਜਾਵੇਗਾ । ਐਨ.ਆਰ.ਆਈ. ਵੋਟਰ ਲਈ ਫਾਰਮ ਨੰ. 6 ਏ ਨਿਰਧਾਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਯੋਗਤਾ ਮਿਤੀ ਦੇ ਅਧਾਰ ਤੇ 17 ਤੋਂ 18 ਸਾਲ ਦੀ ਉਮਰ ਦੇ ਯੋਗ ਬਿਨੈਕਾਰਾਂ ਦੀ ਵੋਟਰ ਰਜਿਸਟ੍ਰੇਸ਼ਨ ਲਈ ਉਹਨਾਂ ਦੇ ਵੇਰਵੇ ਐਡਵਾਂਸ ਵਿੱਚ ਇੱਕਤਰ ਕੀਤੇ ਜਾਣਗੇ। ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਵੈਬਸਾਇਟ VOTER PORTAL Ü» VOTER HELPLINE Mobile App. ਰਾਹੀਂ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਇਲਾਵਾ ਵੋਟਾਂ ਸਬੰਧੀ ਕਿਸੇ ਵੀ ਕਿਸਮ ਦੀ ਔਕੜ ਪੇਸ਼ ਆ ਰਹੀ ਹੈ ਤਾਂ ਹਰ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਦਫ਼ਤਰ ਜ਼ਿਲ੍ਹਾ ਅਫ਼ਸਰ ਮਾਲੇਰਕੋਟਲਾ ਵਿਖੇ ਸੰਪਰਕ ਕੀਤਾ ਜਾ ਰਿਹਾ ਹੈ।

# ਡਰਾਈਵਰਾਂ ਅਤੇ ਕੰਡਕਟਰਾਂ ਨੂੰ ਛੇਤੀ ਮਿਲੇਗੀ ਖੁਸ਼ਖਬਰੀ

## ਟਰਾਂਸਪੋਰਟ ਮੰਤਰੀ ਵੱਲੋਂ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਤਿਆਰ ਕਰਕੇ ਕੈਬਨਿਟ ਪ੍ਰਵਾਨਗੀ ਲਈ ਭੇਜਣ ਦੀ ਹਦਾਇਤ

**ਚੰਡੀਗੜ੍ਹ, 3 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਛੇਤੀ ਹੀ ਸਰਕਾਰੀ ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਖੁਸ਼ਖਬਰੀ ਦੇਣ ਦੀ ਤਿਆਰੀ ਅਰੰਭ ਦਿੱਤੀ ਗਈ ਹੈ।

ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਰਕਾਰੀ ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਛੇਤੀ ਤੋਂ ਛੇਤੀ ਤਿਆਰ ਕਰਨ ਤਾਂ ਜੋ ਕੇਸ ਕੈਬਨਿਟ ਦੀ ਪ੍ਰਵਾਨਗੀ ਲਈ ਭੇਜਿਆ ਜਾ ਸਕੇ।

ਇਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਪੰਜਾਬ ਰੋਡਵੇਜ਼/ਪਨਬੱਸ ਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਅਤੇ ਪੰਜਾਬ ਰੋਡਵੇਜ਼ (ਪਨਬੱਸ) ਸਟੇਟ ਟਰਾਂਸਪੋਰਟ ਵਰਕਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਦੌਰਾਨ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੁਲਾਜ਼ਮਾਂ ਨੂੰ ਆਊਟਸੋਰਸ ਤੋਂ ਕੰਟਰੈਕਟ 'ਤੇ ਕਰਨ ਲਈ ਨੀਤੀ ਦਾ ਖਰੜਾ ਤਿਆਰ ਕੀਤਾ ਜਾਵੇ ਅਤੇ ਕੰਟਰੈਕਟ ਵਾਲੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਵਿਸ਼ੇਸ਼ ਕੇਸ ਬਣਾਇਆ ਜਾਵੇ।



ਮੀਟਿੰਗ ਦੌਰਾਨ ਸ. ਲਾਲਜੀਤ ਸਿੰਘ ਭੁੱਲਰ ਨੇ ਵਿਭਾਗੀ ਮਾਮਲਿਆਂ ਦਾ ਸਾਹਮਣਾ ਕਰ ਰਹੇ ਡਰਾਈਵਰਾਂ ਅਤੇ ਕੰਡਕਟਰਾਂ ਦੇ ਕੇਸ ਹਮਦਰਦੀ ਨਾਲ ਵਿਚਾਰਨ ਦੇ ਆਦੇਸ਼ ਵੀ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਅਜਿਹੇ ਕੇਸਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਇਸੇ ਤਰ੍ਹਾਂ ਨਵੇਂ ਡਰਾਈਵਰਾਂ/ਕੰਡਕਟਰਾਂ ਨੂੰ 5 ਫ਼ੀਸਦੀ ਸਾਲਾਨਾ ਤਨਖਾਹ ਵਾਧਾ ਦੇਣ ਸਬੰਧੀ ਮੰਗ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮਾਮਲੇ ਸਬੰਧੀ ਤੁਰੰਤ ਐਸ.ਓ.ਪੀ ਬਣਾਈ ਜਾਵੇ ਤਾਂ ਜੋ ਮੁਲਾਜ਼ਮਾਂ ਨੂੰ ਫੌਰੀ ਰਾਹਤ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਮੁਲਾਜ਼ਮਾਂ ਦੀਆਂ ਸਾਰੀਆਂ ਜਾਇਜ਼ਾ ਮੰਗਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਇਸੇ ਲਈ ਮੁੱਖ ਮੰਤਰੀ ਵੱਲੋਂ ਪੰਜਾਬ ਰੋਡਵੇਜ਼/ਪਨਬੱਸ ਤੇ ਪੀ.ਆਰ.ਟੀ.ਸੀ. ਵਿੱਚ ਠੇਕਾ ਆਧਾਰਤ ਡਰਾਈਵਰਾਂ ਤੇ ਕੰਡਕਟਰਾਂ ਦੇ ਮਸਲਿਆਂ ਦੇ ਹੱਲ ਲਈ ਵਿਸ਼ੇਸ਼ ਵਿਭਾਗੀ ਕਮੇਟੀ ਗਠਤ ਕੀਤੀ ਗਈ ਹੈ। ਸ. ਲਾਲਜੀਤ ਸਿੰਘ ਭੁੱਲਰ ਨੇ ਇੱਕ ਹੋਰ ਅਹਿਮ ਫ਼ੈਸਲਾ ਲੈਂਦਿਆਂ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਦਿੱਤੇ ਜਾਂਦੇ ਰਾਤ ਦੇ ਭੱਤੇ ਵਿੱਚ ਵੀ ਵਾਧਾ ਕੀਤਾ। ਉਨ੍ਹਾਂ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਜਾਣੂ ਕਰਵਾਇਆ ਕਿ ਸੂਬੇ ਵਿਚ ਰਾਤ ਦੇ ਠਹਿਰਾਅ ਲਈ ਹੁਣ 50 ਦੀ ਥਾਂ 85 ਰੁਪਏ ਮਿਲਣਗੇ ਅਤੇ ਦੂਜੇ ਸੂਬਿਆਂ ਨੂੰ ਚਲਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰਾਤ ਦੇ ਠਹਿਰਾਅ ਲਈ ਭੱਤਾ ਵਧਾ ਕੇ 60 ਤੋਂ 120 ਰੁਪਏ ਕਰ ਦਿੱਤਾ ਗਿਆ ਹੈ।

ਮੀਟਿੰਗ ਦੌਰਾਨ ਵਧੀਕ ਮੁੱਖ ਸਕੱਤਰ ਟਰਾਂਸਪੋਰਟ ਸ੍ਰੀ ਡੀ.ਕੇ. ਤਿਵਾੜੀ, ਐਮ.ਡੀ. ਪਨਬੱਸ ਸ੍ਰੀ ਰਾਜੀਵ ਕੁਮਾਰ ਗੁਪਤਾ, ਐਮ.ਡੀ ਪੀ.ਆਰ.ਟੀ.ਸੀ. ਸ. ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਏ.ਡੀ.ਓ ਪਨਬੱਸ ਸ੍ਰੀ ਰਾਜੀਵ ਦੱਤਾ, ਜੀ.ਐਮ. ਪੀ.ਆਰ.ਟੀ.ਸੀ. ਸ. ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਮਹਿਲਾ ਕਮਿਸ਼ਨ ਦੇ 8 ਜਾਅਲੀ ਮੈਂਬਰਾਂ ਨੂੰ ਪੁਲਸ ਨੇ ਕੀਤਾ ਗ੍ਰਿਫਤਾਰ, ਅਦਾਲਤ ਨੇ 2 ਦਿਨਾਂ ਰਿਮਾਂਡ ਕੀਤਾ ਹਾਸਲ

**ਏਜੰਸੀਆਂ**

ਤਰਨਤਾਰਨ 3 ਨਵੰਬਰ। ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ ਦੋ ਮਹਿਲਾਵਾਂ ਸਮੇਤ 8 ਨਕਲੀ ਐੱਨ.ਜੀ.ਓ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਸ਼ਨੀਵਾਰ ਸਵੇਰੇ ਮਾਨਯੋਗ ਅਦਾਲਤ ਵਿਚ



ਪੇਸ਼ ਕਰਦੇ ਹੋਏ ਦੋ ਦਿਨ ਦਾ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦੇ ਅਨੁਸਾਰ ਪ੍ਰਸ਼ਾਸਨ ਨੂੰ ਇਕ ਈਮੇਲ ਪ੍ਰਾਪਤ ਹੋਈ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਕੁਝ ਮੈਂਬਰ ਜੋ ਭਾਰਤ ਸਰਕਾਰ ਤਹਿਤ ਸ਼ਿਕਾਇਤਾਂ ਸੁਣਨ ਦਾ ਕੰਮ ਕਰਦੇ ਹਨ, ਜ਼ਿਲਾ ਤਰਨਤਾਰਨ ਦੇ ਪਿੰਡ ਪੰਡੋਰੀ ਗੋਲਾ ਵਿਖੇ ਆ ਰਹੇ ਹਨ, ਜਿਨ੍ਹਾਂ ਦਾ ਸਵਾਗਤ ਕੀਤਾ ਜਾਵੇ। ਇਸ ਈਮੇਲ ਦੀ ਬਰੀਕੀ ਨਾਲ ਜਾਂਚ ਕਰਵਾਉਣ ਉਪਰੰਤ ਕੁਝ ਗੱਲਾਂ ਸ਼ੱਕ ਦੇ ਘੇਰੇ ਵਿਚ ਆ ਗਈਆਂ, ਜਿਸ ਤੋਂ ਬਾਅਦ ਜਾਂਚ ਕਰਨ ਉਪਰੰਤ ਇਹ ਸਾਰੇ ਵਿਅਕਤੀ ਜਾਅਲੀ ਪਾਏ ਗਏ। ਇਨ੍ਹਾਂ ਦੀਆਂ ਗੱਡੀਆਂ ਅੱਗੇ ਇਨੋਵਾ ਅਤੇ ਸਵਿਫਟ ਕਾਰ ਦੇ ਅੱਗੇ ਜਸਟਿਸ ਕਰਨ ਸਬੰਧੀ ਵੂਮਨ ਕਮਿਸ਼ਨ ਦੇ ਸਟਿੱਕਰ ਵੀ ਲੱਗੇ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਥਾਣਾ ਸਦਰ ਤਰਨਤਾਰਨ ਵਿਖੇ ਇਸ ਮਾਮਲੇ ਵਿਚ ਏ.ਐੱਸ.ਆਈ ਸਵਿੰਦਰ ਸਿੰਘ ਦੇ ਬਿਆਨਾਂ ਹੇਠ ਰਘਬੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਬਾਠ, ਸੰਦੀਪ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਚਾਨਣ ਵਾਲਾ ਫਾਜਿਲਕਾ, ਲਾਲੀ ਪੁੱਤਰ ਦਲਵੀਰ ਸਿੰਘ ਵਾਸੀ ਹੋਠੀਆਂ ਜ਼ਿਲਾ ਤਰਨਤਾਰਨ, ਕਦੀਰ ਆਲਮ ਪੁੱਤਰ ਖਲੀਲ ਅਹਿਮਦ ਵਾਸੀ ਮੁਰਾਦਾਬਾਦ ਉੱਤਰ ਪ੍ਰਦੇਸ਼, ਚੌਧਰੀ ਇਰਫਾਨ ਪੁੱਤਰ ਵਕੀਲ ਅਹਿਮਦ ਵਾਸੀ ਮੁਰਾਦਾਬਾਦ, ਵਿਰਸਾ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪੰਜੂ ਕੁਲਾਲ ਜ਼ਿਲਾ ਅੰਮ੍ਰਿਤਸਰ, ਸਾਨੀਆ ਪੁੱਤਰੀ ਅਬਰਾਰ ਖਾਨ ਮਾਡਲ ਟਾਊਨ ਦਿੱਲੀ ਅਤੇ ਵੈਸ਼ਨਵੀ ਤਿਵਾਰੀ ਪੁੱਤਰੀ ਮੀਆਂ ਸਰਨ ਵਾਸੀ ਪਿੰਡ ਰਿਚਾਰ ਜ਼ਿਲਾ ਦੱਤਿਆ ਮੱਧ ਪ੍ਰਦੇਸ਼ ਹਾਲ ਵਾਸੀ ਦਿੱਲੀ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਮਾਨਯੋਗ ਅਦਾਲਤ ਪਾਸੋਂ ਦੋ ਦਿਨਾਂ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬਜੁਰਗ ਗੁਰਸਿੱਖ ਜੋੜੇ ਦੀ ਬਹਾਦਰੀ ਨੂੰ ਸਲਾਮ ! ਟਾਲ ਦਿੱਤੀ ਵੱਡੀ ਵਾਰਦਾਤ

**ਸਰਦੂਲ ਸਿੰਘ**

ਗੁਰਦਾਸਪੁਰ 3 ਨਵੰਬਰ। ਬੀਤੀ ਰਾਤ ਸਦਰ ਪੁਲਸ ਸਟੇਸਨ ਦੇ ਅਧੀਨ ਆਉਂਦੇ ਪਿੰਡ ਗੁਣੀਆਂ ਵਿਚ ਪਿਸਤੌਲ ਲੈ ਕੇ ਇਕ ਬਜੁਰਗ ਗੁਰਸਿੱਖ ਜੋੜੇ ਦੇ ਘਰ ਦਾਖਲ ਹੋਏ ਲੁਟੇਰਿਆਂ ਨੂੰ ਗੁਰਸਿੱਖ ਬਜੁਰਗ ਬਲਦੇਵ ਸਿੰਘ ਨੇ ਮੁਕਾਬਲਾ ਕਰਕੇ ਭੱਜਣ ਲਈ ਮਜਬੂਰ ਕਰ ਦਿੱਤਾ। ਲੁਟੇਰਿਆਂ ਦੇ ਹਮਲੇ ਦੌਰਾਨ ਖੂਨੋ-ਖੂਨ ਹੋਣ ਦੇ ਬਾਵਜੂਦ ਬਜੁਰਗ ਨੇ ਇਕ ਲੁਟੇਰੇ ਨੂੰ ਜੱਫਾ ਪਾ ਕੇ ਰੱਖਿਆ, ਗੋਲੀ ਚਲਾਉਣ ਦੀ ਕੋਸ਼ਿਸ਼ ਵਿਚ ਪਿਸਤੌਲ ਦੀ ਗੋਲੀਆਂ ਨਾਲ ਭਰੀ ਮੈਗਜੀਨ ਉੱਥੇ ਡਿੱਗ ਗਈ। ਲੁਟੇਰਿਆਂ ਨੇ ਇੰਨੀ ਦਹਿਸਤ ਦਿਖਾਈ ਕਿ ਬਜੁਰਗ ਬਲਦੇਵ ਸਿੰਘ ਦੇ ਨਾਲ ਉਸ ਦੀ ਬਜੁਰਗ ਪਤਨੀ ਕਸਮੀਰ ਕੌਰ ਨਾਲ ਵੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਪਰ ਬਜੁਰਗ ਬਲਦੇਵ ਸਿੰਘ ਦੀ ਹਿੰਮਤ ਕਾਰਨ ਉਹ ਘਰ ਵਿਚ ਲੁੱਟ ਕੀਤੇ ਬਿਨਾਂ ਹੀ ਪਿਸਤੌਲ ਦਾ ਮੈਗਜੀਨ ਉੱਥੇ ਛੱਡ ਕੇ ਦੌੜ ਗਏ। ਆਲੇ-ਦੁਆਲੇ ਦੇ ਸੀ.ਸੀ.ਟੀ.ਵੀ. ਕੈਮਰੇ 'ਚ ਤਿੰਨ ਲੁਟੇਰੇ ਕੈਦ ਹੋਏ ਹਨ, ਜਿਨ੍ਹਾਂ ਵਿਚੋਂ ਇਕ ਮੋਟਰਸਾਈਕਲ ਚਲਾ ਰਿਹਾ ਲੁਟੇਰਾ ਘਰ ਦੇ ਬਾਹਰ ਹੀ ਖੜ੍ਹਾ ਰਿਹਾ, ਜਦਕਿ ਦੋ ਘਰ ਦੇ ਅੰਦਰ ਦਾਖਲ ਹੁੰਦੇ ਦਿਖਾਈ ਦੇ ਰਹੇ ਹਨ। ਜਾਣਕਾਰੀ ਦਿੰਦਿਆਂ ਬਜੁਰਗ ਬਲਦੇਵ ਸਿੰਘ, ਉਸ ਦੀ ਪਤਨੀ ਕਸਮੀਰ ਕੌਰ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਦੋ ਲੁਟੇਰੇ ਘਰ ਦੇ ਅੰਦਰ ਰਾਤ ਕਰੀਬ ਪੌਣੇ 10 ਵਜੇ ਦਾਖਲ ਹੋਏ ਅਤੇ ਪਿਸਤੌਲ ਦੀ ਨੋਕ 'ਤੇ ਬਜੁਰਗ ਗੁਰਸਿੱਖ ਬਲਦੇਵ ਸਿੰਘ ,ਉਸ ਦੀ ਪਤਨੀ ਕਸਮੀਰ ਕੌਰ ਦਾ ਮੂੰਹ ਬੰਨ੍ਹਣ ਦੀ ਕੋਸ਼ਿਸ਼ ਕੀਤੀ ਪਰ ਬਲਦੇਵ ਸਿੰਘ ਨੇ ਹਿੰਮਤ ਕਰ ਕੇ ਉਨ੍ਹਾਂ ਦਾ ਮੁਕਾਬਲਾ ਕੀਤਾ ਤੇ ਇਕ ਲੁਟੇਰੇ ਨੂੰ ਜੱਫਾ ਪਾ ਲਿਆ। ਇਸ ਦੌਰਾਨ ਇਹ ਲੁਟੇਰਾ ਪਿਸਤੌਲ ਦੇ ਬੱਟ ਵੀ ਬਜੁਰਗ ਦੇ ਸਿਰ



ਅਤੇ ਬਾਹਾਂ 'ਤੇ ਮਾਰਦਾ ਰਿਹਾ ਜਿਸ ਕਾਰਨ ਬਜੁਰਗ ਬਲਦੇਵ ਸਿੰਘ ਦੇ ਸਿਰ ਤੇ ਬਾਹਾਂ ਤੋਂ ਖੂਨ ਵੀ ਵਗਣਾ ਸੁਰੂ ਹੋ ਗਿਆ ਪਰ ਉਸ ਨੇ ਲੁਟੇਰੇ ਨੂੰ ਨਹੀਂ ਛੱਡਿਆ। ਆਖਿਰਕਾਰ ਲੁਟੇਰੇ ਬਿਨਾਂ ਲੁੱਟ ਕੀਤੇ ਗੋਲੀਆਂ ਨਾਲ ਭਰਿਆ ਮੈਗਜੀਨ ਉੱਥੇ ਛੱਡ ਕੇ ਹੀ ਦੌੜਨ ਲਈ ਮਜਬੂਰ ਹੋ ਗਏ। ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ ਕਿਉਂਕਿ ਬਜੁਰਗ ਬਲਦੇਵ ਸਿੰਘ ਬਹੁਤ ਦੇਰ ਤੱਕ ਗੁਰਦੁਆਰੇ 'ਚ ਸੇਵਾ ਕਰਦਾ ਰਿਹਾ ਹੈ ਅਤੇ ਹੁਣ ਅੱਖੋਂ ਲੱਭਣਾ ਘੱਟ ਹੋਣ ਕਾਰਨ ਉਹ ਆਪਣੀ ਪਤਨੀ ਨਾਲ ਘਰ ਵਿਚ ਹੀ ਰਹਿੰਦਾ ਹੈ। ਪੁਲਸ ਨੂੰ ਘਟਨਾ ਦੀ ਸੂਚਨਾ ਦਿੱਤੀ ਗਈ ਹੈ ਅਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮੈਗਜੀਨ ਵੀ ਕਬਜੇ 'ਚ ਲੈ ਲਿਆ ਹੈ। ਗੁਰਦੁਆਰਾ ਸਾਹਿਬ ਵਿਚ ਲੱਗੇ ਕੈਮਰਿਆਂ ਵਿਚ ਲੁਟੇਰਿਆਂ ਦੀ ਸਾਫ ਪਛਾਣ ਵੀ ਹੋ ਰਹੀ ਹੈ ਜਿਸ ਦੇ ਆਧਾਰ 'ਤੇ ਪੁਲਸ ਵੱਲੋਂ ਕੁਝ ਵਿਅਕਤੀਆਂ ਨੂੰ ਹਿਰਾਸਤ ਵਿਚ ਲਏ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ।

## ਅੰਤਰਰਾਜੀ ਹਥਿਆਰ ਸਮੱਗਲਰਾਂ ਦੇ ਰੈਕੇਟ ਦਾ ਪਰਦਾਫਾਸ, 3 ਗ੍ਰਿਫਤਾਰ

ਨਵੀਂ ਦਿੱਲੀ 3 ਨਵੰਬਰ। ਦਿੱਲੀ ਪੁਲਸ ਦੀ ਅਪਰਾਧ ਸਾਖਾ ਨੇ ਇਕ ਅੰਤਰਰਾਜੀ ਹਥਿਆਰ ਸਮੱਗਲਰਾਂ ਦੇ ਰੈਕੇਟ ਦਾ ਪਰਦਾਫਾਸ ਕਰਦਿਆਂ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜਮਾਂ ਦੇ ਕਬਜੇ 'ਚੋਂ 3 ਪਿਸਤੌਲ, 2 ਮੈਗਜੀਨ ਅਤੇ 14 ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਹੈੱਡ ਕਾਂਸਟੇਬਲ ਕਪਿਲ ਰਾਜ ਸਰਮਾ ਨੂੰ ਮੁਲਜਮ ਆਦਿਲ ਉਰਫ ਰਾਜਾ ਬਾਰੇ ਸੂਚਨਾ ਮਿਲੀ ਸੀ ਕਿ ਉਹ ਮਕਬਰੇ ਦੇ ਸਾਹਮਣੇ ਹਥਿਆਰ ਸਪਲਾਈ ਕਰਨ ਲਈ ਆ ਰਿਹਾ ਹੈ। ਜਿਸ ਨੂੰ ਪੁਲਸ ਨੇ ਘੇਰਾਬੰਦੀ ਕਰ ਕੇ ਕਾਬੂ ਕਰ ਲਿਆ। ਉਸ ਦੇ ਕਬਜੇ 'ਚੋਂ ਨਾਜਾਇਜ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਪੁੱਛਗਿੱਛ 'ਤੇ ਪਤਾ ਲੱਗਾ ਕਿ ਉਸ ਦੇ ਭਰਾ ਸਾਦਿਲ ਨੇ ਉਸ ਨੂੰ ਹਥਿਆਰ ਵੇਚਣ ਲਈ ਦਿੱਤੇ ਸਨ। ਸਾਦਿਲ ਨੂੰ ਪੁਲਸ ਨੇ ਗੌਤਮਪੁਰੀ ਇਲਾਕੇ ਤੋਂ ਗ੍ਰਿਫਤਾਰ ਕਰ ਕੇ ਭਾਰੀ ਮਾਤਰਾ 'ਚ ਨਾਜਾਇਜ ਹਥਿਆਰ ਬਰਾਮਦ ਕੀਤੇ ਹਨ।

# ਭਾਜਪਾ ਆਗੂ ਆਰ.ਪੀ. ਸਿੰਘ ਦਾ ਬਿਆਨ ਬੇਹੱਦ ਨਿੰਦਣਯੋਗ, ਹੋਵੇ ਸਖਤ ਕਾਨੂੰਨੀ ਕਾਰਵਾਈ ; ਪੀਰਮੁਹੰਮਦ, ਢੀਂਗਰਾ

ਜੈਤੋ 3 ਨਵੰਬਰ। 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਦੇ ਸਰਪ੍ਰਸਤ ਕਰਨੈਲ ਸਿੰਘ ਪੀਰਮੁਹੰਮਦ ਤੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਨੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਆਰ .ਪੀ .ਸਿੰਘ ਦੇ ਬਿਆਨ ਦੀ ਸਖਤ ਸਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਕਿਹਾ ਹੈ ਕਿ ਇਹ ਬਿਆਨ ਬੇਹੱਦ ਨਿੰਦਣਯੋਗ ਵਰਤਾਰਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਧਰਤੀ ਵਿਖੇ ਹੋਂਦ ਵਿੱਚ ਆਈ ਸਿੱਖ ਕੌਮ ਦੀ ਮਹਾਨ ਜਥੇਬੰਦੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਤੋੜ-ਮਰੋੜ ਕੇ ਆਪਣੇ ਫਿਰਕਾਪ੍ਰਸਤ ਨੇਤਾਵਾਂ ਨੂੰ ਖੁਸ਼ ਕਰਨ ਲਈ ਬੇਹੱਦ ਘਟੀਆ ਹਰਕਤ ਹੈ ਜਿਸ ਤਹਿਤ ਆਰ.ਪੀ. ਸਿੰਘ ਵੱਲੋਂ ਸ੍ਰੋਮਣੀ ਕਮੇਟੀ ਨੂੰ ਕ੍ਰਿਸਚੀਅਨ ਕਮੇਟੀ ਕਿਹਾ ਹੈ, ਜੋ ਕਿ ਕਾਨੂੰਨੀ ਤੇ ਸਿਧਾਂਤਕ ਤੌਰ 'ਤੇ ਵੀ ਗਲਤ ਹੈ। ਪੀਰਮੁਹੰਮਦ ਨੇ ਕਿਹਾ ਇਹ ਸਿੱਧੇ ਤੌਰ 'ਤੇ ਸਿੱਖਾਂ ਨੂੰ ਚਿੜਾਉਣ ਵਾਲੀ ਗੱਲ ਹੈ। ਸ੍ਰੋਮਣੀ ਕਮੇਟੀ ਸਿੱਖ ਕੌਮ ਅਤੇ ਪੰਜਾਬੀਆਂ ਦੀ ਹਰਮਨ ਪਿਆਰੀ ਜਮਾਤ ਹੈ ਇਸ ਬਾਰੇ ਆਰ.ਪੀ. ਸਿੰਘ ਦੇ ਬਿਆਨ ਨਾਲ ਸਿੱਖਾਂ ਦੇ ਜਜਬਾਤਾਂ ਨੂੰ ਭਾਰੀ ਸੱਟ ਵੱਜੀ ਹੈ। ਇਸ ਜਥੇਬੰਦੀ ਪ੍ਰਤੀ





ਘ੍ਰਿਣਾਜਨਕ ਵਰਤਾਰਾ ਅਪਣਾਉਣ ਵਾਲੇ ਆਰ.ਪੀ. ਸਿੰਘ, ਜੋ ਕਿ ਨਵੀਂ ਦਿੱਲੀ ਦੇ ਰਹਿਣ ਵਾਲੇ ਹਨ, ਦੇ ਖ਼ਿਲਾਫ ਸਿੱਖ ਪ੍ਰੰਪਰਾਵਾ ਤਹਿਤ ਕਾਰਵਾਈ ਕੀਤੀ ਜਾਵੇ। ਉਕਤ ਮੰਗ ਦੋਹਾਂ ਆਗੂਆਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੱਤਰ ਭੇਜ ਕੇ ਕੀਤੀ। ਇਸ ਮੌਕੇ ਐਡਵੋਕੇਟ ਢੀਂਗਰਾ ਨੇ ਕਿਹਾ ਕਿ ਆਰ.ਪੀ. ਸਿੰਘ ਦਾ ਉਕਤ ਬਿਆਨ ਪੰਜਾਬ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਭਾਜਪਾ ਦੀ ਸਿੱਧੀ ਦਖਲ ਅੰਦਾਜੀ ਦਾ ਸਿਖਰ ਹੈ। ਆਰ.ਪੀ. ਸਿੰਘ ਵੱਲੋਂ ਸ੍ਰੋਮਣੀ ਕਮੇਟੀ ਖ਼ਿਲਾਫ ਗਲਤ ਬਿਆਨਬਾਜੀ ਕਰ ਕੇ ਸਿੱਖਾਂ ਦੇ ਹਿਰਦਿਆਂ ਨੂੰ ਭਾਰੀ ਠੇਸ ਪਹੁੰਚਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਪੂਰੀ ਆਸ ਹੈ ਕਿ ਸਿੰਘ ਸਾਹਿਬਾਨ ਆਰ.ਪੀ. ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕਰ ਕੇ ਉਸ ਖ਼ਿਲਾਫ ਕਾਨੂੰਨੀ ਕਾਰਵਾਈ ਕਰਨਗੇ।

## ਦਾਤਰ ਮਾਰ ਕੇ ਨੌਜਵਾਨ ਦਾ ਸਿਰ ਪਾੜਿਆ, ਦੋ ਵਿਰੁੱਧ ਕੇਸ ਦਰਜ

ਬਟਾਲਾ 3 ਨਵੰਬਰ। ਦਾਤਰ ਮਾਰ ਕੇ ਨੌਜਵਾਨ ਦਾ ਸਿਰ ਪਾੜਨ ਦੇ ਕਥਿਤ ਦੋਸ਼ ਹੇਠ ਥਾਣਾ ਡੇਰਾ ਬਾਬਾ ਨਾਨਕ ਦੀ ਪੁਲਸ ਨੇ ਦੋ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜ਼ਖਮੀ ਨੌਜਵਾਨ ਕਰਨਜੀਤ ਸਿੰਘ ਦੀ ਮਾਤਾ ਗੁਰਦੇਵ ਕੌਰ ਪਤਨੀ ਸਤਵੰਤ ਸਿੰਘ ਵਾਸੀ ਹਰੂਵਾਲ ਨੇ ਲਿਖਵਾਇਆ ਕਿ ਬੀਤੀ 29 ਅਕਤੂਬਰ ਨੂੰ ਦੁਪਹਿਰ ਸਾਢੇ ਤਿੰਨ ਵਜੇ ਦੇ ਕਰੀਬ ਆਪਣੇ ਪਿੰਡ ਹਰੂਵਾਲ ਤੋਂ ਘਰੇਲੂ ਸਾਮਾਨ ਲੈਣ ਲਈ ਕਾਹਲਾਂਵਾਲੀ ਚੌਕ ਡੇਰਾ ਬਾਬਾ ਨਾਨਕ ਵਿਖੇ ਆਪਣੇ ਲੜਕੇ ਕਰਨਜੀਤ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਈ ਸੀ। ਸਾਮਾਨ ਲੈਣ ਉਪਰੰਤ ਜਦੋਂ ਉਹ ਆਪਣੇ ਉਕਤ ਲੜਕੇ ਵਾਲੀ ਸਾਈਡ ਜਾਣ ਲੱਗੇ ਤਾਂ ਇਸੇ ਦੌਰਾਨ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਨੌਜਵਾਨ ਅਮਿਤ ਤੇ ਗੋਪੀ ਵਾਸੀਆਨ ਪਿੰਡ ਸਮਰਾਏ ਦਾਤਰ ਨਾਲ ਲੈਸ ਹੋ ਕੇ ਆਏ, ਜਿਨ੍ਹਾਂ ਆਪਣਾ ਮੋਟਰਸਾਈਕਲ ਉਸ ਦੇ ਲੜਕੇ ਦੇ ਬਰਾਬਰ ਲਿਆ ਖੜ੍ਹਾ ਕੀਤਾ ਅਤੇ ਮਾਰ ਦੇਣ ਦੀ ਨੀਅਤ ਨਾਲ ਦਾਤਰ ਉਸਦੇ ਲੜਕੇ ਕਰਨਜੀਤ ਸਿੰਘ ਦੇ ਸਿਰ ਵਿਚ ਮਾਰ ਦਿੱਤਾ, ਜਿਸ ਨਾਲ ਇਹ ਗੰਭੀਰ ਜ਼ਖਮੀ ਹੋ ਕੇ ਮੋਟਰਸਾਈਕਲ ਸਮੇਤ ਸੜਕ 'ਤੇ ਡਿੱਗ ਪਿਆ। ਇਸ ਤੋਂ ਬਾਅਦ ਉਸਨੇ ਆਪਣੇ ਦੂਜੇ ਲੜਕੇ ਸੁਖਪ੍ਰੀਤ ਸਿੰਘ ਨੂੰ ਫੋਨ ਕਰਕੇ ਬੁਲਾਇਆ, ਜਿਸ ਨੇ ਕਰਨਜੀਤ ਸਿੰਘ ਨੂੰ ਇਲਾਜ ਲਈ ਸਰਕਾਰੀ ਹਸਪਾਲ ਡੇਰਾ ਬਾਬਾ ਨਾਨਕ ਵਿਖੇ ਪਹੁੰਚਾਇਆ, ਜਿਥੋਂ ਡਾਕਟਰਾਂ ਨੇ ਉਸਦੇ ਉਕਤ ਲੜਕੇ ਨੂੰ ਅੰਮ੍ਰਿਤਸਰ ਲਈ ਰੈਫਰ ਕਰ ਦਿੱਤਾ। ਉਧਰ, ਉਕਤ ਮਾਮਲੇ ਸਬੰਧੀ ਏ.ਐੱਸ.ਆਈ. ਗੁਰਪ੍ਰੀਤ ਸਿੰਘ ਨੇ ਕਾਰਵਾਈ ਕਰਦਿਆਂ ਉਪਰੋਕਤ ਥਾਣੇ ਵਿਚ ਉਕਤ ਦੋਵਾਂ ਨੌਜਵਾਨਾਂ ਖਿਲਾਫ ਬਣਦੀਆਂ ਧਾਰਾਵਾਂ ਹੇਠ ਕੇਸ ਦਰਜ ਕਰ ਦਿੱਤਾ ਹੈ।

# ਭਾਜਪਾ ਪੰਜਾਬ 'ਚ 13 ਸੀਟਾਂ 'ਤੇ ਹਾਰ ਪਿੱਛੋਂ ਚੌਲਾਂ ਨੂੰ ਚੁੱਕਣ ਦੇ ਮਾਮਲੇ 'ਚ ਗਲਤ ਬਿਆਨਬਾਜੀ ਨਾ ਕਰੇ : ਅਮਨ ਅਰੋੜਾ

**ਕ੍ਰਿਸ਼ਨ ਪਾਲ**

ਜਲੰਧਰ/ਚੰਡੀਗੜ੍ਹ, 3 ਨਵੰਬਰ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਭਾਜਪਾ 'ਤੇ ਸਿਆਸੀ ਵਾਰ ਕਰਦਿਆਂ ਕਿਹਾ ਹੈ ਕਿ ਸੂਬੇ ਵਿਚ ਲੋਕ ਸਭਾ ਚੋਣਾਂ 'ਚ 13 ਸੀਟਾਂ 'ਤੇ ਮਿਲੀ ਹਾਰ ਪਿੱਛੋਂ ਪਾਰਟੀ ਦੇ ਨੇਤਾ ਬੌਖਲਾ ਗਏ ਹਨ ਅਤੇ ਉਹ ਚੌਲਾਂ ਨੂੰ ਚੁੱਕਣ ਦੇ ਮਾਮਲੇ 'ਚ ਗਲਤ ਬਿਆਨਬਾਜੀ ਕਰਨ 'ਚ ਲੱਗੇ ਹੋਏ ਹਨ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਕੇਂਦਰ ਦੀ ਨਾਲਾਇਕੀ ਕਾਰਨ ਹੀ ਪੰਜਾਬ ਦੇ ਗੋਦਾਮਾਂ 'ਚੋਂ ਚੋਲਾਂ ਨੂੰ ਨਹੀਂ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨੇਤਾਵਾਂ ਨੂੰ ਕਹਿਣਾ ਚਾਹੁੰਦੇ ਹਨ ਕਿ ਜੇ 1 ਜਨਵਰੀ ਨੂੰ ਮਿਲਿੰਗ ਨੀਤੀ ਆ ਗਈ ਸੀ ਤਾਂ ਉਸ ਤੋਂ ਬਾਅਦ ਗੋਦਾਮਾਂ ਵਿਚ ਪਏ ਅਨਾਜ ਨੂੰ ਚੁੱਕਣ ਦੀ ਜ਼ਿੰਮੇਵਾਰੀ ਭਾਜਪਾ ਸਰਕਾਰ ਦੀ ਬਣਦੀ ਸੀ। ਜੇ ਜਨਵਰੀ ਤੋਂ ਲੈ ਕੇ ਹੁਣ ਤਕ ਗੋਦਾਮਾਂ ਵਿਚੋਂ ਐੱਫ. ਸੀ. ਆਈ. 15-15 ਲੱਖ ਮੀਟ੍ਰਿਕ ਟਨ ਹਰ ਮਹੀਨੇ ਅਨਾਜ ਚੁੱਕ ਲੈਂਦੀ ਤਾਂ 100 ਲੱਖ ਮੀਟ੍ਰਿਕ ਟਨ ਤੋਂ ਵੱਧ ਅਨਾਜ ਚੁੱਕਿਆ ਜਾ ਸਕਦਾ ਸੀ। ਐੱਫ. ਸੀ. ਆਈ. ਕੇਂਦਰ ਸਰਕਾਰ



ਦੇ ਅਧੀਨ ਆਉਂਦੀ ਹੈ ਅਤੇ ਉਸ ਨੂੰ ਹੀ ਗੋਦਾਮਾਂ ਵਿਚੋਂ ਅਨਾਜ ਚੁੱਕਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਜਪਾ ਲੀਡਰਸ਼ਿਪ ਕਿਸਾਨਾਂ ਨੂੰ ਗੁੰਮਰਾਹ ਕਰਨ 'ਚ ਲੱਗੀ ਹੋਈ ਹੈ ਅਤੇ ਝੋਨੇ ਦੀ ਫਸਲ ਨੂੰ ਨਾ ਚੁੱਕਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ 'ਤੇ ਪਾ ਰਹੀ ਹੈ। ਇਸ ਵੇਲੇ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੀ ਜਾਵੇ ਅਤੇ ਉਨ੍ਹਾਂ ਦੀ ਫਸਲ ਨੂੰ ਪਹਿਲ ਦੇ ਆਧਾਰ 'ਤੇ ਮੰਡੀਆਂ ਵਿਚੋਂ ਚੁੱਕਿਆ ਜਾਵੇ। ਉਨ੍ਹਾਂ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਗੋਦਾਮਾਂ ਵਿਚ ਪਏ ਅਨਾਜ ਨੂੰ ਚੁੱਕ ਕੇ ਹੋਰ ਸੂਬਿਆਂ ਵਿਚ ਭੇਜੇ ਜਿੱਥੇ ਅਨਾਜ ਦੀ ਕਮੀ ਹੈ। ਸਥਿਤੀਆਂ ਨੂੰ ਇਸ ਵੇਲੇ ਭਾਰਤ ਸਰਕਾਰ ਵੱਲੋਂ ਖਰਾਬ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਕਿਸੇ ਵੀ ਹਾਲਤ 'ਚ ਪੰਜਾਬ ਸਰਕਾਰ ਨੂੰ ਕਸੂਰਵਾਰ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਮਾਨ ਸਰਕਾਰ ਆਪਣੇ ਵੱਲੋਂ ਕਿਸਾਨਾਂ ਦੀ ਫਸਲ ਨੂੰ ਸਮੇਂ 'ਤੇ ਚੁੱਕਣ ਅਤੇ ਭੁਗਤਾਨ ਕਰਨ ਦਾ ਹਰ ਸੰਭਵ ਯਤਨ ਕਰ ਰਹੀ ਹੈ।

# ਸ਼ੇਅਰ ਬਾਜਾਰ 'ਚ ਪਰਤੀ ਰੌਣਕ : ਸੈਂਸੈਕਸ 600 ਤੋਂ ਵੱਧ ਅੰਕ ਚੜ੍ਹਿਆ ਤੇ ਨਿਫਟੀ 24,367 ਦੇ ਪੱਧਰ 'ਤੇ ਬੰਦ

ਮੁੰਬਈ 3 ਨਵੰਬਰ। ਇਕ ਹਫਤੇ ਦੀ ਗਿਰਵਾਟ ਤੋਂ ਬਾਅਦ ਅੱਜ ਯਾਨੀ 28 ਅਕਤੂਬਰ ਨੂੰ ਸੇਅਰ ਬਾਜਾਰ 'ਚ ਵਾਧਾ ਦੇਖਣ ਨੂੰ ਮਿਲਿਆ ਹੈ। ਸੈਂਸੈਕਸ 602.75 ਅੰਕ ਭਾਵ 0.76 ਫੀਸਦੀ ਦੇ ਵਾਧੇ ਨਾਲ 80,005.04 ਦੇ ਪੱਧਰ 'ਤੇ ਬੰਦ ਹੋਇਆ ਹੈ। ਸੈਂਸੈਕਸ ਦੇ 30 ਸੇਅਰਾਂ 'ਚੋਂ 25 'ਚ ਵਾਧਾ ਅਤੇ 5 'ਚ ਗਿਰਾਵਟ ਦੇਖਣ ਨੂੰ ਮਿਲੀ ਹੈ। ਦੂਜੇ ਪਾਸੇ ਹੀ ਨਿਫਟੀ ਵੀ 186.55 ਅੰਕ ਭਾਵ 0.77 ਫੀਸਦੀ ਦੇ ਵਾਧੇ ਨਾਲ 24,367 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫਟੀ ਦੇ 37 ਸ਼ੇਅਰਾਂ ਵਿਚ ਵਾਧਾ ਅਤੇ 13 ਸਟਾਕ ਵਿਚ ਗਿਰਾਵਟ ਦੇਖਣ ਨੂੰ ਮਿਲੀ ਹੈ। ਦੇ ਸਾਰੇ ਸੈਕਟਰ ਤੇਜੀ ਨਾਲ ਬੰਦ ਹੋਏ। ਨਿਫਟੀ ਮੈਟਲ ਸਭ ਤੋਂ ਵੱਧ 2.54% ਵਧਿਆ ਹੈ। ਦੇ ਅੰਕੜਿਆਂ ਅਨੁਸਾਰ, ਵਿਦੇਸੀ ਨਿਵੇਸਕਾਂ () ਨੇ 25 ਅਕਤੂਬਰ ਨੂੰ 3,036 ਕਰੋੜ ਰੁਪਏ ਦੇ ਸੇਅਰ ਵੇਚੇ। ਇਸ ਮਿਆਦ ਦੇ ਦੌਰਾਨ, ਘਰੇਲੂ ਨਿਵੇਸਕਾਂ () ਨੇ 4,159 ਕਰੋੜ ਰੁਪਏ ਦੇ ਸੇਅਰ ਖਰੀਦੇ। ਬੈਂਕਿੰਗ, ਆਈਟੀ ਅਤੇ ਊਰਜਾ ਸੇਅਰਾਂ 'ਚ ਅੱਜ ਜ਼ਿਆਦਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਅੱਜ ਵੈਰੀ ਐਨਰਜੀਜ ਅਤੇ ਦੀਪਕ ਬਿਲਡਰਜ ਐਂਡ ਇੰਜੀਨੀਅਰਜ ਇੰਡੀਆ ਦੇ ਸੇਅਰ ਬਾਜਾਰ ਵਿੱਚ ਸੂਚੀਬੱਧ ਹੋਣਗੇ। ਏਸੀਆਈ ਬਾਜਾਰ 'ਚ ਜਾਪਾਨ ਦਾ ਨਿੱਕੇਈ 1.45 ਫੀਸਦੀ ਚੜ੍ਹਿਆ ਹੈ। ਉਥੇ ਹੀ ਕੋਰੀਆ ਦੇ ਕੋਸਪੀ 'ਚ 0.85 ਫੀਸਦੀ ਅਤੇ ਚੀਨ ਦੇ ਸੰਘਾਈ ਕੰਪੋਜ਼ਿਟ 'ਚ 0.16 ਫੀਸਦੀ ਦਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਵਾਰੀ ਐਨਰਜੀਜ 69% ਚੜ੍ਹਿਆ, ਦੀਪਕ ਬਿਲਡਰਜ ਦੇ ਸ਼ੇਅਰ ਗਿਰਾਵਟ ਨਾਲ ਹੋਏ ਲਿਸਟ ਵਾਰੀ ਐਨਰਜੀ ਦੇ ਸੇਅਰ 'ਤੇ 66.3% ਦੇ ਵਾਧੇ ਨਾਲ 2,500 ਰੁਪਏ ਅਤੇ 'ਤੇ 69.7% ਦੇ ਵਾਧੇ ਨਾਲ 2,550 ਰੁਪਏ 'ਤੇ ਸੂਚੀਬੱਧ ਹੋਏ। ਇਸ ਦੀ ਜਾਰੀ ਕੀਮਤ 1,503 ਰੁਪਏ ਸੀ। ਦਿਨ ਦੇ ਕਾਰੋਬਾਰ ਤੋਂ ਬਾਅਦ ਇਹ 8.20% ਡਿੱਗ ਕੇ 2341 ਰੁਪਏ 'ਤੇ ਬੰਦ ਹੋਇਆ। ਦੀਪਕ ਬਿਲਡਰਜ ਦੇ ਸੇਅਰ 'ਤੇ 1.48% ਡਿੱਗ ਕੇ 200 ਰੁਪਏ 'ਤੇ ਅਤੇ 'ਤੇ 2.22% ਦੀ ਗਿਰਾਵਟ ਨਾਲ 198.5 ਰੁਪਏ 'ਤੇ ਲਿਸਟ ਹੋਏ। ਇਸ ਦੀ ਜਾਰੀ ਕੀਮਤ 203 ਰੁਪਏ ਸੀ। ਦਿਨ ਦੇ ਕਾਰੋਬਾਰ ਤੋਂ ਬਾਅਦ, ਬੀਐਸਈ 'ਤੇ ਸਟਾਕ 18.87% ਦੀ ਗਿਰਾਵਟ ਦੇ ਨਾਲ 161.05 ਰੁਪਏ 'ਤੇ ਬੰਦ ਹੋਇਆ। ਇਸ ਤੋਂ ਪਹਿਲਾਂ ਸੁੱਕਰਵਾਰ ਯਾਨੀ 25 ਅਕਤੂਬਰ ਨੂੰ ਸੇਅਰ ਬਾਜਾਰ 'ਚ ਗਿਰਾਵਟ ਦੇਖਣ ਨੂੰ ਮਿਲੀ ਸੀ। ਸੈਂਸੈਕਸ 662 ਅੰਕਾਂ (0.83%) ਦੀ ਗਿਰਾਵਟ ਨਾਲ 79,402 'ਤੇ ਬੰਦ ਹੋਇਆ। ਨਿਫਟੀ ਵੀ 218 ਅੰਕ (0.90%) ਡਿੱਗ ਕੇ 24,180 ਦੇ ਪੱਧਰ 'ਤੇ ਬੰਦ ਹੋਇਆ।

# ਪੰਜਾਬ 'ਚ ਸ਼ਿਵ ਸੈਨਾ ਦੇ ਸਿੱਖ ਵਿੰਗ ਪ੍ਰਧਾਨ ਦੇ ਘਰ 'ਤੇ ਹਮਲਾ

ਲੁਧਿਆਣਾ 3 ਨਵੰਬਰ। ਲੁਧਿਆਣਾ ਵਿਚ ਇਕ ਹੋਰ ਸ਼ਿਵ ਸੈਨਾ ਆਗੂ ਦੇ ਘਰ 'ਤੇ ਪੈਟਰੋਲ ਬੰਬ ਸੁੱਟਿਆ ਗਿਆ ਹੈ। ਬੀਤੀ ਰਾਤ ਸ਼ਿਵ ਸੈਨਾ ਆਗੂ ਹਰਕੀਰਤ ਸਿੰਘ ਖੁਰਾਨਾ ਦੇ ਘਰ 'ਤੇ ਪੈਟਰੋਲ ਬੰਬ ਸੁੱਟਿਆ ਗਿਆ। ਇਹ ਸਾਰੀ ਘਟਨਾ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ। ਇਸ ਵਿਚ ਇਕ ਮੋਟਰ ਸਾਈਕਲ 'ਤੇ ਆਏ 3 ਨੌਜਵਾਨ ਕੱਚ ਦੀ ਬੋਤਲ ਵਿਚ ਪੈਟਰੋਲ ਭਰ ਕੇ ਘਰ 'ਤੇ ਸੁੱਟਦੇ ਨਜਰ ਆ ਰਹੇ ਹਨ। ਜਾਣਕਾਰੀ ਮੁਤਾਬਕ ਸ਼ਿਵ ਸੈਨਾ ਹਿੰਦ ਸਿੱਖ ਵਿੰਗ ਦੇ ਕੌਮੀ ਪ੍ਰਧਾਨ ਹਰਕੀਰਤ ਸਿੰਘ ਦੇ ਘਰ 'ਤੇ ਬੀਤੀ ਰਾਤ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ। ਇਸ ਘਟਨਾ ਦੀ ਸੀ.ਸੀ.ਟੀ.ਵੀ. ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ ਸਾਫ ਨਜਰ ਆ ਰਿਹਾ ਹੈ ਕਿ 3 ਨੌਜਵਾਨ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਉਂਦੇ ਹਨ ਤੇ ਉਨ੍ਹਾਂ ਵਿਚੋਂ ਇਕ ਮੋਟਰਸਾਈਕਲ ਤੋਂ ਉਤਰ ਕੇ ਘਰ 'ਤੇ ਪੈਟਰੋਲ ਬੰਬ ਸੁੱਟ ਦਿੰਦਾ ਹੈ। ਪੈਟਰੋਲ ਬੰਬ ਘਰ ਦੇ ਮੁੱਖ ਗੇਟ 'ਤੇ ਸੁੱਟਿਆ ਗਿਆ, ਜਿਸ ਨਾਲ ਧਮਾਕੇ ਮਗਰੋਂ ਅੱਗ ਦੇ ਭਾਂਬੜ ਮੱਚ ਗਏ। ਇਸ ਦੇ ਨਾਲ ਹੀ ਹਰਕੀਰਤ ਸਿੰਘ ਨੂੰ ਹਮਲੇ ਮਗਰੋਂ ਅੱਜ ਇਕ ਵਾਰ ਫ਼ਿਰ ਧਮਕੀ ਭਰੇ ਮੈਸੇਜ ਆਏ ਹਨ। ਸ਼ਿਵ ਸੈਨਾ ਆਗੂ ਨੂੰ ਵਟਸਐਪ 'ਤੇ ਭੇਜੇ ਗਏ ਮੈਸੇਜ ਵਿਚ ਬੇਹੱਦ ਇਤਰਾਜਯੋਗ ਸ਼ਬਦਾਵਲੀ ਵਰਤੀ ਗਈ ਹੈ।

## ਚੋਰ ਨੇ ਦੋ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

ਬਟਾਲਾ 3 ਨਵੰਬਰ। ਦੀਵਾਲੀ ਦੀ ਰਾਤ ਨੂੰ ਇਕ ਚੋਰ ਵਲੋਂ ਗਾਂਧੀ ਚੌਕ ਸਥਿਤ ਦੋ ਦੁਕਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿਤਾ ਸ਼ੂਜ਼ ਕੰਪਨੀ ਦੇ ਮਾਲਕ ਵਰੁਣ ਮਹਿਤਾ ਅਤੇ ਜਨਰਲ ਸਟੋਰ ਦੇ ਮਾਲਕ ਪ੍ਰਵੀਨ ਅਗਰਵਾਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਬੀਤੀ ਰਾਤ ਵੀ ਉਹ ਆਪਣੀਆਂ-ਆਪਣੀਆਂ ਦੁਕਾਨਾਂ ਨੂੰ ਬੰਦ ਕਰਕੇ ਘਰਾਂ ਨੂੰ ਚਲੇ ਗਏ ਸੀ ਅਤੇ ਦੇਰ ਰਾਤ ਇਕ ਚੋਰ ਵਲੋਂ ਛੱਤ ਰਾਹੀਂ ਦਾਖਲ ਹੋ ਕੇ ਉਨ੍ਹਾਂ ਦੀਆਂ ਦੁਕਾਨਾਂ ਦੇ ਜਿਥੇ ਤਾਲੇ ਤੋੜੇ ਗਏ, ਉਥੇ ਨਾਲ ਹੀ ਕੰਧ ਪਾੜਨ ਦੀ ਵੀ ਕੋਸ਼ਿਸ਼ ਕੀਤੀ, ਜਿਸ ਵਿਚ ਖੁਦ ਨੂੰ ਨਾਕਾਮ ਹੁੰਦਾ ਦੇਖ ਚੋਰ ਆਪਣਾ ਸਾਮਾਨ ਵੀ ਮੌਕੇ 'ਤੇ ਛੱਡ ਕੇ ਭੱਜ ਗਿਆ, ਜਿਸ ਨਾਲ ਸਾਡੀ ਦੁਕਾਨਾਂ 'ਤੇ ਚੋਰੀ ਹੋਣੋਂ ਬਚ ਗਈ ਹੈ। ਉਕਤ ਦੁਕਾਨਦਾਰਾਂ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਅਸੀਂ ਪੁਲਸ ਚੌਕੀ ਬੱਸ ਸਟੈਂਡ ਵਿਖੇ ਸੂਚਨਾ ਦੇ ਦਿੱਤੀ ਗਈ ਹੈ।

## ਕਿਸਾਨ ਮੋਰਚੇ 'ਚ ਡਟੇ ਕਿਸਾਨ ਆਗੂ ਦੀ ਮੌਤ

ਮੋਗਾ 3 ਨਵੰਬਰ। ਸ਼ੰਭੂ ਬਾਰਡਰ ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ। ਦਰਅਸਲ ਪੰਜਾਬ-ਹਰਿਆਣਾ ਸੰਭੂ ਬਾਰਡਰ 'ਤੇ ਚੱਲ ਰਹੇ ਕਿਸਾਨ ਮੋਰਚੇ ਦੌਰਾਨ ਇਕ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਆਗੂ ਦੀ ਪਛਾਣ ਬਲਵਿੰਦਰ ਸਿੰਘ (72) ਵਜੋਂ ਹੋਈ ਹੈ, ਜੋਕਿ ਮੋਗਾ ਦੇ ਰਹਿਣ ਵਾਲੇ ਸਨ। ਬਲਵਿੰਦਰ ਸਿੰਘ ਨੂੰ ਦਿਲ ਦਾ ਦੌਰਾ ਪੈਣ ਮਗਰੋਂ ਸਿਹਤ ਵਿਗੜਨ ਤੋਂ ਬਾਅਦ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਬਲਵਿੰਦਰ ਸਿੰਘ 3 ਏਕੜ ਜਮੀਨ ਦਾ ਮਾਲਕ ਸਨ ਅਤੇ ਸੰਭੂ ਸਰਹੱਦ 'ਤੇ ਚੱਲ ਰਹੇ ਕਿਸਾਨ ਅੰਦੋਲਨ ਵਿਚ ਡਟੇ ਹੋਏ ਸਨ। ਮੌਤ ਦੀ ਖਬਰ ਸੁਣਦੇ ਹੀ ਉਨ੍ਹਾਂ ਦੇ ਪਰਿਵਾਰ ਅਤੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਪਈ ਹ। ਬਲਵਿੰਦਰ ਸਿੰਘ ਕੁਝ ਦਿਨਾਂ ਤੋਂ ਬੀਮਾਰ ਸਨ।

# ਜਨਮ ਤੋਂ ਪਹਿਲਾਂ ਬੱਚੇ ਦੇ ਮੈਡੀਕਲ ਸਬੰਧੀ ਖਰਚਿਆਂ ਦੀ ਚਿੰਤਾ ਤੋਂ ਮਿਲੇਗੀ ਮੁਕਤੀ, ਬਸ ਕਰ ਲਓ ਇਹ ਕੰਮ

**ਏਜੰਸੀਆਂ**

ਨਵੀਂ ਦਿੱਲੀ 3 ਨਵੰਬਰ। ਨਵਜੰਮੇ ਬੱਚਿਆਂ ਲਈ ਸਿਹਤ ਬੀਮਾ ਨੂੰ ਦੇਸ ਵਿੱਚ ਵਿੱਤੀ ਸੁਰੱਖਿਆ ਲਈ ਇੱਕ ਸਕਤੀਸਾਲੀ ਸਾਧਨ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ। ਮਾਹਰਾਂ ਮੁਤਾਬਕ ਐਮਰਜੈਂਸੀ ਜਿਵੇਂ ਕਿ ਜਨਮ ਸੰਬੰਧੀ ਪੇਚੀਦਗੀਆਂ, ਜਮਾਂਦਰੂ ਸਥਿਤੀਆਂ ਜਾਂ ਨਵਜੰਮੇ ਇੰਟੈਂਸਿਵ ਕੇਅਰ ਯੂਨਿਟ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਬਹੁਤ ਜ਼ਿਆਦਾ ਡਾਕਟਰੀ ਖਰਚੇ ਹੋ ਸਕਦੇ ਹਨ। ਇਸ ਤੋਂ ਇਲਾਵਾ, ਪਹਿਲੇ ਸਾਲ ਵਿਚ ਨਿਯਮਤ ਟੀਕਾਕਰਨ ਅਤੇ ਸਿਹਤ ਜਾਂਚਾਂ ਕਾਰਨ ਡਾਕਟਰੀ ਖਰਚੇ ਵੀ ਵਧ ਰਹੇ ਹਨ। ਜਨਮ ਤੋਂ ਪਹਿਲਾਂ ਬੱਚੇ ਦਾ ਬੀਮਾ ਕਰਵਾਉਣ ਲਈ ਤੁਸੀਂ ਕਿਸੇ ਮਾਨਤਾ ਪ੍ਰਾਪਤ ਬੀਮਾ ਕੰਪਨੀ ਕੋਲੋਂ ਵਧੇਰੇ ਜਾਣਕਾਰੀ ਹਾਸਲ ਕਰ ਸਕਦੇ ਹੋ। ਫੈਮਿਲੀ ਫਲੋਟਰ: ਇਸ ਪਾਲਿਸੀ ਦੇ ਤਹਿਤ, ਤੁਹਾਡੇ ਨਵਜੰਮੇ ਬੱਚੇ ਨੂੰ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਕਵਰ ਕੀਤਾ ਜਾਂਦਾ ਹੈ। ਹਾਲਾਂਕਿ ਪ੍ਰੀਮੀਅਮ ਘੱਟ ਹੋ ਸਕਦਾ ਹੈ। ਕਵਰੇਜ ਦੀ ਰਕਮ ਸਾਰੇ ਬੀਮਾਯੁਕਤ



ਮੈਂਬਰਾਂ ਵਿਚਕਾਰ ਸਾਂਝੀ ਕੀਤੀ ਜਾਂਦੀ ਹੈ। ਕਵਰੇਜ: ਅਜਿਹੇ ਬੀਮੇ ਹਸਪਤਾਲ ਵਿੱਚ ਭਰਤੀ, ਡਾਕਟਰ ਦੀ ਸਲਾਹ, ਟੀਕਾਕਰਨ ਅਤੇ ਹੋਰ ਜਰੂਰੀ ਸਿਹਤ ਸੇਵਾਵਾਂ ਸਮੇਤ ਵੱਖ-ਵੱਖ ਡਾਕਟਰੀ ਖਰਚਿਆਂ ਨੂੰ ਕਵਰ ਕਰਦੇ ਹਨ। ਲਾਭ: ਨਵਾਂ ਜਨਮੇ ਬੱਚੇ ਦੀ ਇੰਸੋਰੈਂਸ ਜਨਮ ਤੋਂ ਪਹਿਲਾਂ ਅਤੇ ਬਾਅਦ ਵਿੱਚ ਬੱਚੇ ਦੀ ਦੇਖਭਾਲ ਨਾਲ ਸਬੰਧਤ ਡਾਕਟਰੀ ਖਰਚਿਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਾਪਿਆਂ ਦੀ ਮਦਦ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਬੱਚੇ ਨੂੰ ਹਰ ਕੀਮਤ 'ਤੇ ਸਭ ਤੋਂ ਵਧੀਆ ਸਿਹਤ ਸੰਭਾਲ ਮਿਲਦੀ ਹੈ। ਨਤੀਜਾ : ਕਵਰੇਜ ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਬਾਅਦ ਦੀ ਦੇਖਭਾਲ, ਜਮਾਂਦਰੂ ਸਥਿਤੀਆਂ ਅਤੇ ਬੱਚੇ ਦੁਆਰਾ ਪੀੜਤ ਕਿਸੇ ਵੀ ਬਿਮਾਰੀ ਜਾਂ ਸੱਟ ਨਾਲ ਸਬੰਧਿਤ ਖਰਚਿਆਂ ਨੂੰ ਕਵਰ ਕਰਦੀ ਹੈ। ਐਡ-ਆਨ: ਮਾਪੇ ਅਕਸਰ ਸਵਾਰੀਆਂ ਜਾਂ ਵਾਧੂ ਲਾਭਾਂ ਨੂੰ ਜੋੜ ਕੇ ਪਾਲਿਸੀ ਨੂੰ ਵਧਾ ਸਕਦੇ ਹਨ, ਜਿਵੇਂ ਕਿ ਗੰਭੀਰ ਬਿਮਾਰੀਆਂ ਲਈ ਕਵਰੇਜ, ਵਿਸੇਸ ਡਾਕਟਰੀ ਇਲਾਜ, ਜਾਂ ਉੱਚ ਕਵਰੇਜ ਸੀਮਾਵਾਂ। ਪ੍ਰੀਮੀਅਮ: ਪ੍ਰੀਮੀਅਮ ਦੀ ਰਕਮ ਜਾਂ ਬੀਮੇ ਦੀ ਲਾਗਤ, ਬੱਚੇ ਦੀ ਉਮਰ, ਬੀਮੇ ਦੀ ਰਕਮ, ਕਵਰੇਜ ਦੀ ਮਿਆਦ ਅਤੇ ਚੁਣੀ ਗਈ ਬੀਮਾ ਕੰਪਨੀ ਵਰਗੇ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ।

# ਬਰਲਟਨ ਪਾਰਕ ਮਾਰਕੀਟ 'ਚ ਕਰੋੜਾਂ ਦੇ ਪਟਾਕੇ ਦਾ ਸਟਾਕ ਬਚਿਆ, ਕਈ ਛੋਟੇ ਦੁਕਾਨਦਾਰ ਘਾਟੇ 'ਚ ਰਹੇ

**ਏਜੰਸੀਆਂ**

ਜਲੰਧਰ 3 ਨਵੰਬਰ। ਇਸ ਵਾਰ ਭਾਵੇਂ ਜ਼ਿਆਦਾਤਰ ਲੋਕਾਂ ਨੇ ਦੀਵਾਲੀ ਦਾ ਤਿਉਹਾਰ 2 ਦਿਨ ਮਨਾਇਆ। ਕਈਆਂ ਨੇ 31 ਅਕਤੂਬਰ ਤਾਂ ਕਈਆਂ ਨੇ ਪਹਿਲੀ ਨਵੰਬਰ ਨੂੰ ਦੀਵਾਲੀ ਸੈਲੀਬ੍ਰੇਟ ਕੀਤੀ ਪਰ ਇਸ ਦੇ ਬਾਵਜੂਦ ਕੁਝ ਦੁਕਾਨਦਾਰਾਂ ਲਈ ਇਸ ਵਾਰ ਦੀ ਦੀਵਾਲੀ ਜ਼ਿਆਦਾ ਫਾਇਦੇਮੰਦ ਨਹੀਂ ਰਹੀ। ਹਰ ਦੀਵਾਲੀ 'ਤੇ ਸ਼ਹਿਰ ਵਿਚ ਕਰੋੜਾਂ ਰੁਪਏ ਦਾ ਪਟਾਕਾ ਵਿਕਦਾ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਪਟਾਕਿਆਂ ਦੀ ਹੋਲਸੇਲ ਅਤੇ ਰਿਟੇਲ ਕਾਰੋਬਾਰ ਲਈ ਬਰਲਟਨ ਪਾਰਕ ਵਿਚ ਅਸਥਾਈ ਮਾਰਕੀਟ ਸਜਾਈ ਜਾਂਦੀ ਹੈ। ਇਸ ਵਾਰ ਪਟਾਕਾ ਮਾਰਕੀਟ ਦੇ ਸੂਤਰਾਂ ਅਨੁਸਾਰ ਦੀਵਾਲੀ ਖਤਮ ਹੋਣ ਦੇ ਬਾਅਦ ਪਟਾਕਿਆਂ ਦਾ ਕਾਰੋਬਾਰ ਕਰੋੜਾ ਰੁਪਏ ਦਾ ਸਟਾਕ ਬਚ ਗਿਆ ਹੈ, ਜਿਸ ਕਾਰਨ ਕਈ ਛੋਟੇ ਦੁਕਾਨਦਾਰ ਇਸ ਵਾਰ ਘਾਟੇ ਵਿਚ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੀ ਵਾਰ ਦੀਵਾਲੀ 'ਤੇ ਪਟਾਕਿਆਂ ਦਾ ਜ਼ਿਆਦਾਤਰ ਸਟਾਕ ਖਤਮ ਹੋ ਗਿਆ ਸੀ ਅਤੇ ਲਗਭਗ ਸਾਰੇ ਵਪਾਰੀ ਅਤੇ ਕਾਰੋਬਾਰੀ ਮੁਨਾਫੇ ਵਿਚ ਰਹੇ ਸਨ ਪਰ ਇਸ ਵਾਰ ਅਜਿਹਾ ਨਹੀਂ ਹੈ। ਇਸ ਵਾਰ ਛੋਟੇ ਦੁਕਾਨਦਾਰਾਂ ਦਾ ਕਾਫੀ ਸਟਾਕ ਬਚ ਜਾਣ ਨਾਲ ਕਾਰੋਬਾਰੀਆਂ ਵਿਚ ਮਾਯੂਸੀ ਵੇਖੀ ਜਾ ਰਹੀ ਹੈ। 'ਜਗ ਬਾਣੀ' ਦੀ ਟੀਮ ਨੇ ਸ਼ੁੱਕਰਵਾਰ ਦੇਰ ਸ਼ਾਮ ਬਰਲਟਨ ਪਾਰਕ ਪਟਾਕਾ ਮਾਰਕੀਟ ਦਾ ਦੌਰਾ ਕਰਕੇ ਵੇਖਿਆ ਤਾਂ ਗਾਹਕਾਂ ਦੀਆਂ ਗਿਣਤੀ ਸਾਧਾਰਨ ਸੀ ਅਤੇ ਵਧੇਰੇ ਦੁਕਾਨਾਂ 'ਤੇ ਪੇਟੀਆਂ ਵਿਚ ਵੀ ਮਾਲ ਬਚਿਆ ਹੋਇਆ ਸੀ। ਅੱਜ ਤੋਂ 20-30 ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਦੀਵਾਲੀ ਦੇ ਦਿਨਾਂ ਵਿਚ ਵਧੇਰੇ ਪਟਾਕਾ ਅਟਾਰੀ ਬਾਜਾਰ ਅਤੇ ਨੇੜਲੇ ਤੰਗ ਬਾਜਾਰਾਂ ਵਿਚ ਵਿਕਦਾ ਹੁੰਦਾ ਸੀ। ਅੱਜ ਤੋਂ ਕਈ ਸਾਲ ਪਹਿਲਾਂ ਤਤਕਾਲੀ ਡਿਪਟੀ ਕਮਿਸ਼ਨਰ ਅਸ਼ੋਕ ਕੁਮਾਰ ਗੁਪਤਾ ਨੇ ਤੰਗ ਬਾਜਾਰਾਂ ਵਿਚ ਵਿਕਣ ਵਾਲੇ ਪਟਾਕੇ 'ਤੇ ਸਖਤੀ ਕਰਦੇ ਹੋਏ ਵਪਾਰੀਆਂ ਨੂੰ ਖੁੱਲ੍ਹੀ ਜਗ੍ਹਾ ਪਟਾਕੇ ਵੇਚਣ 'ਤੇ ਮਜਬੂਰ ਕੀਤਾ ਸੀ। ਇਸ ਤੋਂ ਬਾਅਦ ਕੁਝ ਪਟਾਕਾ ਵਿਕ੍ਰੇਤਾਵਾਂ ਨੂੰ ਬਰਲਟਨ ਪਾਰਕ ਸਟੇਡੀਅਮ ਦੇ ਹੇਠਾਂ ਬਣੀਆਂ ਦੁਕਾਨਾਂ ਅਲਾਟ ਕੀਤੀਆਂ ਗਈਆਂ, ਉਦੋਂ ਕਾਰੋਬਾਰੀਆਂ ਨੂੰ ਪਟਾਕੇ ਵੇਚਣ ਲਈ ਡੇਢ-ਦੋ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਸੀ। ਉਨ੍ਹੀਂ ਦਿਨੀਂ ਵੀ ਬਰਲਟਨ ਪਾਰਕ ਵਿਚ ਦੁਸਹਿਰਾ ਵੀ ਮਨਾਇਆ ਜਾਂਦਾ ਸੀ ਅਤੇ ਦੁਸਹਿਰੇ ਵਾਲੇ ਦਿਨ ਪਟਾਕਾ ਮਾਰਕੀਟ ਨੂੰ ਬੰਦ ਕਰਕੇ ਸਾਮਾਨ ਦੀ ਰੱਖਵਾਲੀ ਕਰਨੀ ਪੈਂਦੀ ਸੀ। ਹੌਲੀ-ਹੌਲੀ ਪਟਾਕਾ ਮਾਰਕੀਟ ਦਾ ਸਰੂਪ ਬਦਲਦਾ ਚਲਿਆ ਗਿਆ ਅਤੇ ਪਿਛਲੇ ਕੁਝ ਸਾਲਾਂ ਤੋਂ ਪੁਲਸ ਨੇ ਪਟਾਕਾ ਵਿਕ੍ਰੇਤਾਵਾਂ ਲਈ ਡਰਾਅ ਕੱਢਣੇ ਸ਼ੁਰੂ ਕਰ ਦਿੱਤੇ। ਹੁਣ ਸਿਰਫ 20 ਪਟਾਕਾ ਵਿਕ੍ਰੇਤਾਵਾਂ ਨੂੰ ਹੀ ਪਟਾਕੇ ਵੇਚਣ ਦੀ ਮਨਜ਼ੂਰੀ ਮਿਲਦੀ ਹੈ। ਇਹ ਵੱਖ ਗੱਲ ਹੈ ਕਿ ਹਰ ਵਾਰ ਡਰਾਅ ਵਿਚ ਸਫਲ ਹੋਣ ਵਾਲੇ ਕਾਰੋਬਾਰੀ ਆਪਣੇ-ਆਪਣੇ ਨਾਲ ਬਾਕੀ ਦੁਕਾਨਦਾਰਾਂ ਨੂੰ ਵੀ ਜੋੜ ਲੈਂਦੇ ਹਨ, ਜੋ ਪਟਾਕਾ ਮਾਰਕੀਟ ਕੁਝ ਸਾਲ ਪਹਿਲਾਂ ਇਕ-ਡੇਢ ਮਹੀਨੇ ਤੋਂ ਹੀ ਵੱਧ ਸਮੇਂ ਤਕ ਖੁੱਲ੍ਹਦੀ ਹੁੰਦੀ ਸੀ, ਉਹ ਹੌਲੀ-ਹੌਲੀ ਇਕ ਹਫਤੇ ਤਕ ਸੁੰਗੜ ਗਈ ਅਤੇ ਇਸ ਵਾਰ ਤਾਂ ਪਟਾਕਾ ਕਾਰੋਬਾਰੀਆਂ ਨੂੰ ਆਪਣਾ ਕੰਮਕਾਜ ਕਰਨ ਲਈ ਇਕ ਹਫਤੇ ਦਾ ਵੀ ਸਮਾਂ



ਨਹੀਂ ਮਿਲਿਆ। ਇਸ ਕਾਰਨ ਮਾਰਕੀਟ ਵਿਚ ਮੰਦੀ ਦਾ ਮਾਹੌਲ ਵੇਖਿਆ ਗਿਆ, ਇਸ ਨਾਲ ਵੀ ਪਟਾਕਾ ਕਾਰੋਬਾਰੀਆਂ ਵਿਚ ਰੋਸ ਫੈਲਿਆ ਰਿਹਾ। ਪਟਾਕਾ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਇਸ ਵਾਰ ਉਨ੍ਹਾਂ ਨੂੰ ਸਰਕਾਰੀ ਵਿਭਾਗਾਂ ਨੇ ਕਾਫੀ ਤੰਗ-ਪ੍ਰੇਸ਼ਾਨ ਕੀਤਾ। ਸਭ ਤੋਂ ਜ਼ਿਆਦਾ ਪ੍ਰੇਸ਼ਾਨ ਜੀ. ਐੱਸ. ਟੀ. ਵਿਭਾਗ ਤੋਂ ਆਈ, ਜਿਸ ਨੇ ਆਪਣੇ ਦਫਤਰ ਵਿਚ ਪਟਾਕਾ ਵਿਕ੍ਰੇਤਾਵਾਂ ਨੂੰ ਕਈ ਵਾਰ ਬੁਲਾਇਆ, ਕਈ-ਕਈ ਘੰਟੇ ਇੰਤਜਾਰ ਕਰਵਾਇਆ। ਉਨ੍ਹਾਂ ਕੋਲੋਂ ਐਡਵਾਂਸ ਟੈਕਸ ਵੀ ਲਿਆ ਅਤੇ ਕਈ ਰਸਮੀ ਕਾਰਵਾਈਆਂ ਪੂਰੀਆਂ ਕਰਨ ਨੂੰ ਕਿਹਾ। ਜਿਨ੍ਹਾਂ ਦਿਨਾਂ ਵਿਚ ਪਟਾਕਾ ਵਪਾਰੀ ਕਾਰੋਬਾਰ ਕਰਦੇ ਹੁੰਦੇ ਸਨ, ਉਨ੍ਹਾਂ ਦਾ ਉਹ ਸਮਾਂ ਜੀ. ਐੱਸ. ਟੀ. ਭਵਨ ਵਿਚ ਆਉਣ-ਜਾਣ ਅਤੇ ਉਡੀਕ ਕਰਨ ਵਿਚ ਬੀਤਿਆ। ਇਸੇ ਤਰ੍ਹਾਂ ਜਲੰਧਰ ਪੁਲਸ ਦਾ ਰਵੱਈਆ ਵੀ ਸਹਿਯੋਗ ਵਾਲਾ ਨਹੀਂ ਰਿਹਾ। ਜਿਸ ਦਿਨ ਪਟਾਕਾ ਮਾਰਕੀਟ ਵਿਚ ਗਾਹਕਾਂ ਦੀ ਆਮਦ ਦੀ ਸੰਭਾਵਨਾ ਸੀ, ਉਸ ਦਿਨ ਜਲੰਧਰ ਪੁਲਸ ਨੇ ਮਾਰਕੀਟ ਵਿਚ ਛਾਪੇਮਾਰੀ ਕਰ ਦਿੱਤੀ, ਜਿਸ ਕਾਰਨ ਦੁਕਾਨਦਾਰਾਂ ਨੂੰ ਸਾਮਾਨ ਵੇਚਣ ਦੀ ਬਜਾਏ ਫਲਾਈਓਵਰ 'ਤੇ ਜਾ ਕੇ ਧਰਨਾ ਲਾਉਣਾ ਪਿਆ ਅਤੇ ਪੂਰਾ ਦਿਨ ਪ੍ਰੇਸ਼ਾਨੀ ਦੇ ਆਲਮ ਵਿਚ ਬੀਤਿਆ। ਇਸ ਵਾਰ ਨਗਰ ਨਿਗਮ ਦਾ ਰਵੱਈਆ ਵੀ ਸਹਿਯੋਗ ਵਾਲਾ ਨਹੀਂ ਰਿਹਾ। ਜਿਹੜਾ ਕਿਰਾਇਆ 5 ਰੁਪਏ ਪ੍ਰਤੀ ਵਰਗ ਫੁੱਟ ਹੁੰਦਾ ਸੀ, ਉਸਨੂੰ ਵੀ 12 ਰੁਪਏ ਪ੍ਰਤੀ ਵਰਗ ਫੁੱਟ ਕਰ ਦਿੱਤਾ ਗਿਆ ਅਤੇ ਕਈ ਰਸਮੀ ਕਾਰਵਾਈਆਂ ਨਿਭਾਉਣ ਵਿਚ ਦੇਰੀ ਕੀਤੀ ਗਈ। ਸਰਕਾਰੀ ਵਿਭਾਗਾਂ ਦੇ ਚੱਕਰ ਕੱਟਣ ਕਾਰਨ ਵੀ ਪਟਾਕਾ ਵਪਾਰੀਆਂ ਨੂੰ ਕਾਰੋਬਾਰ ਕਰਨ ਦਾ ਬਹੁਤ ਘੱਟ ਸਮਾਂ ਮਿਲਿਆ। ਬਰਲਟਨ ਪਾਰਕ ਪਟਾਕਾ ਮਾਰਕੀਟ 'ਤੇ ਹਮੇਸ਼ਾ ਹੀ ਸਿਆਸਤ ਹਾਵੀ ਰਹੀ ਹੈ। ਜਦੋਂ ਅਟਾਰੀ ਬਾਜਾਰ ਤੋਂ ਮਾਰਕੀਟ ਸ਼ਿਫਟ ਹੋ ਕੇ ਬਰਲਟਨ ਪਾਰਕ ਦੀਆਂ ਦੁਕਾਨਾਂ ਵਿਚ ਗਈਆਂ ਸਨ, ਉਦੋਂ ਸਿਰਫ ਡੇਢ-ਦੋ ਦਰਜਨ ਦੁਕਾਨਦਾਰ ਹੀ ਇਹ ਕਾਰੋਬਾਰ ਕਰਦੇ ਸਨ। ਉਸ ਦੇ ਬਾਅਦ ਜਿਵੇਂ-ਜਿਵੇਂ ਆਗੂਆਂ ਦੀ ਨਜਰ ਇਸ ਮਾਰਕੀਟ 'ਤੇ ਪੈਂਦੀ ਗਈ, ਇਸ ਦੀਆਂ ਦੁਕਾਨਾਂ ਵਿਚ ਵਾਧਾ ਹੁੰਦਾ ਗਿਆ। ਹਰ ਆਗੂ ਨੇ ਆਪਣੇ ਸਮਰਥਕਾਂ ਨੂੰ ਮਾਰਕੀਟ ਵਿਚ ਦਾਖਲ ਕਰਵਾਉਣਾ ਕਰ ਦਿੱਤਾ। ਜਿਸ-ਜਿਸ ਪਾਰਟੀ ਦੀ ਸਰਕਾਰ ਆਈ, ਉਸ ਦੇ ਸਮਰਥਕ ਵਧਦੇ ਗਏ। ਮੇਕਅੱਪ, ਚੂੜੀਆਂ ਅਤੇ ਹੋਰ ਸਾਮਾਨ ਵੇਚਣ ਵਾਲੇ ਵੀ ਪਟਾਕੇ ਦੇ ਵਪਾਰੀ ਬਣਦੇ ਚਲੇ ਗਏ। ਇਕ ਸਮਾਂ ਤਾਂ ਅਜਿਹਾ ਵੀ ਆਇਆ, ਜਦੋਂ ਪਟਾਕੇ ਦੀਆਂ ਖਾਲੀ ਦੁਕਾਨਾਂ ਲੈਣ ਲਈ ਵੀ 30, 40, 50 ਹਜਾਰ ਰੁਪਏ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਉਸ ਸਮੇਂ ਵੀ ਸਿਆਸਤਦਾਨਾਂ ਨੇ ਇਸ ਮਾਰਕੀਟ ਤੋਂ ਖੂਬ ਪੈਸਾ ਕਮਾਇਆ। ਅੱਜ ਹਾਲਾਤ ਇਹ ਹਨ ਕਿ ਇਹ ਮਾਰਕੀਟ 4 ਗਰੁੱਪਾਂ ਵਿਚ ਵੰਡੀ ਹੋਈ ਹੈ ਅਤੇ ਚਾਰਾਂ ਦੇ ਆਗੂ ਹੀ ਵੱਖ-ਵੱਖ ਰਾਗ ਅਲਾਪਦੇ ਹਨ। ਇਹ 4 ਗਰੁੱਪ ਬੱਲੂ ਅਤੇ ਸੰਜੀਵ ਬਾਹਰੀ, ਰਾਣਾ ਹਰਸ਼ ਵਰਮਾ, ਵਿਕਾਸ ਭੰਡਾਰੀ ਅਤੇ ਰਵੀ ਮਹਾਜਨ ਗਰੁੱਪ ਨਾਲ ਜਾਣੇ ਜਾਂਦੇ ਹਨ ਅਤੇ ਚਾਰਾਂ ਦੇ ਹੀ ਗਾਡਫਾਦਰ ਵੱਖ-ਵੱਖ ਹਨ।